ਚਿਰਾਗ

ਅਕਤੂਬਰ-ਦਸੰਬਰ 2005

October -December 2005

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

ਚਿਰਾਗ

ਮੁੱਲ : 15 ਰੁਪਏ 54 ਅਕਤੂਬਰ-ਦਸੰਬਰ 2005

ਚਿਰਾਗ਼ ਤਿਮਾਹੀ

ਅਕਤੂਬਰ-ਦਸੰਬਰ 2005

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)

• ਇਸ ਵਾਰ ਦਾ ਕਵੀ	ਪਾਕਿਸਤਾਨੀ ਪੰਜਾਬੀ ਕਵੀ ਗੁਲਾਮ ਹੁਸੈਨ ਸਾਜਿਦ ਦੀਆਂ ਕਵਿਤਾਵਾਂ
• ਵਾਘਿਓਂ ਪਾਰ	ਫਹਿਮੀਦਾ ਰਿਆਜ਼, ਰਿਫਅਤ ਦੀ ਕਹਾਣੀ ਤੇ ਕਵਿਤਾਵਾਂ
• ਪੰਜਾਬੀ ਕਹਾਣੀ	ਖਟਾਸ (ਜਸਪਾਲ ਮਾਨਖੇੜਾ) ਸ਼ਰਤ (ਮਨਜੀਤ ਬਠਿੰਡਾ)
• ਮੁਲਾਂਕਣ	ਹੋਣੀ ਇਕ ਦੇਸ਼ ਦੀ (ਡਾ. ਟੀ. ਆਰ. ਵਿਨੋਦ) ਕਉਨ ਮੂਆ ਰੇ ਕਉਨ ਮੂਆ (ਡਾ. ਕਮਲਜੀਤ ਸਿੰਘ ਟਿੱਬਾ) ਮੁਹੱਬਤ ਦਾ ਸਫ਼ਰਨਾਮਾ (ਡਾ. ਕਰਨੈਲ ਸਿੰਘ ਥਿੰਦ) ਸੰਪੂਰਨ ਪਿੰਗਲ ਤੇ ਅਰੂਜ਼ (ਡਾ. ਕੁਲਦੀਪ ਸਿੰਘ ਧੀਰ)
• ਗ਼ਜ਼ਲਾਂ	ਹਰਮਿੰਦਰ ਸਿੰਘ ਕੁਹਾਰਵਾਲਾ, ਸੁਲੱਖਣ ਸਰਹੱਦੀ ਦੀਆਂ (ਅੱਠ ਗ਼ਜ਼ਲਾਂ), ਸੁਭਾਸ਼ ਕਲਾਕਾਰ
• ਕਵਿਤਾਵਾਂ	ਸੁਰਿੰਦਰ ਰਾਮਪੁਰੀ (ਤਿੰਨ ਕਵਿਤਾਵਾਂ) ਨਿਰਪਾਲਜੀਤ ਕੌਰ ਜੋਸਨ
• ਵਿਸ਼ੇਸ਼ ਕਵਿਤਾ	ਜਸਵੰਤ ਜ਼ਫ਼ਰ
• ਵਿਸ਼ਵ ਕਵਿਤਾ	ਮਹਿਮੂਦ ਦਰਵੇਸ਼ (ਫਲਿਸਤੀਨ) ਐਮ. ਕੇ. ਨੂਰਮਾਨ (ਸ਼੍ਰੀਲੰਕਾ)
• ਪੁਸਤਕ ਪੜਚੋਲ	ਤੁਰਦੇ ਪੈਰਾਂ ਦੀ ਦਾਸਤਾਨ (ਲਾਲ ਸਿੰਘ) ਜਾਗ ਪਿਆ ਅੰਦਰ ਦਾ ਮੌਸਮ, ਹੁਣ ਧੀਆਂ ਦੀ ਵਾਰੀ, ਉਦੈ ਤੋਂ ਅੰਤ ਤੱਕ, ਅੰਦਰ ਦਾ ਸਫ਼ਰ, 'ਮਿੱਪਲ ਦੀ ਕੈਨਵਸ (ਸੁਲੱਖਣ ਸਰਹੱਦੀ)
• ਖ਼ਿਆਲ ਆਪੋ-ਆਪਣਾ	ਕੁਲਦੀਪ ਸਿੰਘ ਧੀਰ, ਹਰਚਰਨ ਸਿੰਘ, ਸੁਖਿੰਦਰ ਸਿੰਘ
• ਪੁਸਤਕ ਪ੍ਰਾਪਤੀ	•••

Postal Address:
Harbhajan Singh Hundal,
V.Fatu Chak,
P.O. Dhilwan
Distt. Kapurthala -144804
(Pb.) India
Phone No. 01822-273188

ਚੰਦਿਆਂ ਦਾ ਵੇਰਵਾ	
ਦੇਸ਼ ਵਾਰਸ਼ਿਕ	:50 ਰੁ.
ਇਕ ਪਰਚਾ	: 15 ਰੁ.
ਸੰਸਥਾਵਾਂ (ਵਾਰਸ਼ਿਕ)	: 70 ਰੁ.
ਵਿਦੇਸ਼ (ਯੂ.ਕੇ.)	: 5 ਪੌਂਡ
ਵਾਰਸ਼ਿਕ (ਹੋਰ ਦੇਸ਼)	: 300 ਰੁ.

ਨੋਟ- ਸਾਰੇ ਚੈੱਕ ਅਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ਼ ਦੇ ਨਾਂ ਭੇਜੇ ਜਾਣ।

ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1006 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਜ਼ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹ (ਫੋਨ- 0181-2483033) (ਜਲੰਧਰ) ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ - ਅਕਤੂਬਰ 2005

ਇਸ ਵਾਰ ਦਾ ਵਿਸ਼ੇਸ਼ ਕਵੀ

ਗੁਲਾਮ ਹੁਸੈਨ ਸਾਜਿਦ

ਗੁਲਾਮ ਹੁਸੈਨ ਸਾਜਿਦ ਉਰਦੂ ਤੇ ਪੰਜਾਬੀ ਵਿਚ ਲਿਖਣ ਵਾਲਾ, ਪਾਕਿਸਤਾਨ ਦਾ ਉੱਘਾ ਤੇ ਆਧੁਨਿਕ ਕਾਵਿ-ਸ਼ੈਲੀ ਦਾ ਕਵੀ ਹੈ। ਦੁਨੀਆ ਫਿਰੇ ਗਮਾਜ਼ੀ ਅਤੇ ਮੁਹਾਵਰੇ (ਰੇਖਾ ਚਿੱਤਰ) ਉਸ ਦੀਆਂ ਦੋ ਪੰਜਾਬੀ ਪੁਸਤਕਾਂ ਛਪ ਚੁੱਕੀਆਂ ਹਨ। ਉਰਦੂ ਵਿਚ ਆਲੋਚਨਾ ਦੀਆਂ ਉਸ ਦੀਆਂ ਚਾਰ ਪੁਸਤਕਾਂ ਤੋਂ ਬਿਨਾਂ ਸ਼ਾਇਰੀ ਦੀ ਕਿਤਾਬ "ਮੌਸਮ" 1985 ਵਿਚ ਛਪੀ ਸੀ। ਹੇਠਲੀਆਂ ਕਵਿਤਾਵਾਂ ਉਸ ਦੇ ਸੱਜਰੇ ਪੰਜਾਬੀ ਕਾਵਿ-ਸੰਗ੍ਰਹਿ "ਬੇਲੇ ਵਿਚ ਚਿੜੀਆਂ" ਵਿਚੋਂ ਲਈਆਂ ਗਈਆਂ ਹਨ, ਜੋ 2003 ਵਿਚ ਸੁਚੇਤ ਕਿਤਾਬ-ਘਰ ਦੇ ਉੱਦਮ ਨਾਲ ਛਪੀ ਹੈ। ਪੇਸ਼ ਹਨ ਕੁਝ ਨਵੀਆਂ ਕਵਿਤਾਵਾਂ —

1. ਖਲਕਤ ਗਈ ਅਧੂਰੀ

ਧੰਮੀ ਵੇਲੇ ਜਿਹੜਾ ਸਭ ਤੋਂ ਪਹਿਲਾਂ ਸ਼ਹਿਰ ਨੂੰ ਵੜਿਆ
ਸਮਝੋ ਫਾਹੇ ਚੜ੍ਹਿਆ
ਹੁਣ ਅਸਾਡੇ ਤਖ਼ਤ ਕਦੇ ਨਹੀਂ ਖਾਲੀ ਰਹਿੰਦੇ
ਹੁਣ ਨਹੀਂ ਪੈਂਦੀ ਲੋੜ ਕਿਸੇ ਥਣ-ਟੁੱਟੇ ਦੀ।
ਹੁਣ ਅਸੀਂ ਕਾਰਖਾਨਿਆਂ ਅੰਦਰ ਘੜਦੇ ਰਹਿੰਦੇ ਕਾਮੇ
ਹਿਕ ਦੂਏ ਦੀ ਪਰਲ ਤੇ ਜਿਹੜੇ ਤਖ਼ਤ ਤੇ ਰੱਖੇ ਜਾਂਦੇ
ਬਾਕੀ ਸਭ ਕੁਝ ਪਹਿਲਾਂ ਦਾ ਏ ਘੜਿਆ ਹੋਇਆ
ਹਰ ਸ਼ੈਅ ਆਪਣੇ-ਆਪਣੇ ਦਾ ਤੂੰ ਆਪੇ ਚੱਲਦੀ ਰਹਿੰਦੀ
ਬੱਸ ਇਕ ਟੀ.ਵੀ. ਦਾ ਕਾਬਾ ਏ ਸਿੱਧਾ ਕਰਨਾ ਪੈਂਦਾ
ਅੱਜ ਕੱਲ ਬੋਲਿਆ ਤਖ਼ਤ ਦਾ ਖਾਲੀ ਰਹਿਣਾ ਔਖ
ਤਖ਼ਤ ਦੇ ਵਾਰਸ ਬਹੂੰ ਨੇ
ਆਓ ਗਿਣੀਏਂ
ਤਖ਼ਤ ਦੇ ਉੱਤੇ ਕਾਮੇਂ
ਕਾਮਿਆਂ ਪਿੱਛੇ ਰਾਖੇ
ਰਾਖਿਆਂ ਪਿੱਛੇ ਮਿੱਲਾਂ ਤੇ ਮਹਿਲਾਂ ਦੇ ਮਾਲਕ
ਉਹਨਾਂ ਪਿੱਛੇ ਉਹਨਾਂ ਦੇ ਅਣਡਿੱਠੇ ਮਾਲਕ
ਛੱਡੋ ਕੀ ਕੀ ਗਿਣੋਗੇ।
ਮੰਨ ਲਓ, ਅੱਜ ਦੇ ਤਖ਼ਤ ਮਕੱਦਰ ਨਹੀਂ ਹੱਥੀਂ ਆਉਂਦੇ
ਇਹ ਮਾਲਕ ਦੀ ਮਰਜ਼ੀ ਜਿਹਨੂੰ ਚਾਹੇ ਦੇਵੇ।
ਸ਼ਹਿਰ ਦੀ ਸੁਣ ਲਓ
ਤਖ਼ਤ ਦੇ ਹੇਠਾਂ ਨੇ ਕਾਮਿਆਂ ਦੇ ਕਾਮੇ
ਗਲੀਆਂ ਅੰਦਰ ਬਹੁਕਰ ਦਿੰਦੇ
ਬਾਗਾਂ ਅੰਦਰ ਗੋਡੀ ਕਰਦੇ।

ਦਫ਼ਤਰਾਂ ਦੇ ਵਿਚ ਜੀ ਜੀ ਕਰਦੇ
ਦਰਗਾਹਾਂ ਤੇ ਜ਼ਾਰੀ ਕਰਦੇ।
ਪੜ੍ਹਨ ਪੜ੍ਹਾਵਨ ਵੀ ਇਹਨਾਂ ਦੇ ਜ਼ਿੰਮੇ ਹੋਇਆ
ਹੋਰ ਵੀ ਕਿੰਨੇ ਕੰਮ ਨੇ ਜਿਹੜੇ ਗਹੁ ਨਹੀਂ ਕੀਤੇ ਜਾਂਦੇ
ਦਿਹੁੰ ਚੜ੍ਹਿਆਂ ਤੋਂ ਰਾਤ ਪਿਆਂ ਤੱਕ ਭੱਜਦੇ ਭੁੱਖੇ ਭਾਣੇ
ਏਵੇਂ ਪੂਰੇ ਥੀ ਜਾਂਦੇ ਨੇ ਇਕ ਦਿਹੁੰ ਅੱਧੇ ਰਾਣੇ
ਕਾਮਿਆਂ ਦੇ ਕਾਮਿਆਂ ਨੂੰ ਏਹੋ ਜਿਹੇ ਕਾਮੇ ਕਿਥੋਂ ਜੁੜਦੇ
ਏਹੋ ਜਿਹੇ ਅੱਧੇ ਰਾਣੇ ਸਾਰੇ ਫੜਹੀਂ ਸ਼ਹਿਰ ਨੂੰ ਵੜਦੇ
ਤਖ਼ਤ ਦੀ ਲੋੜ ਤਾਂ ਮੁੱਕ ਗਈ ਏ, ਪਰ ਸ਼ਹਿਰ ਦੀ ਭੁੱਖ ਹੈ ਉਵੇਂ
ਸ਼ਹਿਰ ਦਾ ਢਿੱਡ ਏ ਦੋਜ਼ਖ਼
ਐਵੇਂ ਕੈਵੇਂ ਭਰ ਨਹੀਂ ਸਕਦਾ?।
ਤਖ਼ਤ 'ਤੇ ਬੈਠੇ ਕਾਮਿਆਂ ਦੇ ਕਾਮੇ
ਧੰਮੀ ਵੇਲੇ ਸ਼ਹਿਰ ਦੀ ਵਲਗਣ ਤੇ ਆ ਬਹਿੰਦੇ
ਜਿਹੜਾ ਜਿਹੜਾ ਸ਼ਹਿਰ ਵੜਦਾ ਉਹ ਨੂੰ ਝੱਪਦੇ ਰਹਿੰਦੇ
ਜਿਹੜਾ ਸ਼ਹਿਰ ਦੇ ਅੰਦਰ ਵੜਿਆ
ਸਮਝੋ ਫਾਹੇ ਚੜ੍ਹਿਆ!

2. ਜਗਰਾਤੇ ਦੀ ਵੇਲ

ਨੀਂਦਰ ਦਾ ਚੰਨ ਕਦੀ ਨਾ ਚੜ੍ਹਿਆ, ਅੱਧ-ਅਸਮਾਨੀਂ,
ਘਰ ਦੇ ਵਾਣ ਤੇ ਸੌਂ- ਸੌਂ ਵੱਖੀਆਂ ਛਿੱਲੜ ਹੋਈਆਂ।
ਅੰਦਰੋਂ ਅੰਦਰ ਅਣਹੋਣੀ ਦਾ ਪਾਣੀ ਚੜ੍ਹਿਆ।
ਲੂੰ ਲੂੰ ਅੰਦਰ ਨਿਸਰੀ ਸ਼ੂਕਰ ਸ਼ਾਹੁ ਦਰਿਆ ਦੀ,
ਉੱਲਰ ਉੱਲਰ ਆਈਆਂ ਵਿੱਸਰੀਆਂ ਹੋਈਆਂ ਬਾਤਾਂ,
ਕਾਲੀ ਚੁੱਪ ਧੁਆਂਖਿਆਂ ਸ਼ੀਸ਼ਿਆਂ ਵਰਗੀਆਂ ਰਾਤਾਂ।
ਪੱਬਾਂ ਭਾਰ ਹਯਾਤੀ ਲੰਘ ਗਈ ਸੱਚੇ ਸਾਈਆਂ,
ਪਰਤ ਕੇ ਸੁੱਖ-ਸਭਾ ਦੀਆਂ ਪਰੀਆਂ ਕਿਉਂ ਨਾ ਆਈਆਂ।

3. ਗੀਤ

ਆਦਰਾਂ 'ਚੋਂ ਨੀਂਦ ਉੱਗ ਪਈ, ਅੱਖਾਂ ਝੱਲ ਨਾ ਸਕੀਆਂ ਦੁੱਖ ਨੂੰ
ਕਿਹੜੇ ਪਾਸੇ ਹੁਣ ਠਿੱਲ੍ਹੀਏ, ਮੋਢੇ ਲਾ ਕੇ ਜਵਾਨੀ ਵਾਲੀ ਭੁੱਖ ਨੂੰ।
ਆਸੇ ਪਾਸੇ ਢੋਲ ਵੱਜਦੇ, ਕੋਈ ਵਾਹਰ ਚੜ੍ਹੀ ਸੰਗ ਵਾਲੀ
ਪੱਬਾਂ ਭਾਰ ਨੱਚਦੀ ਫਿਰੇ, ਰੁੱਤ ਮਿੱਠੜੇ ਗੁਲਾਬੀ ਰੰਗ ਵਾਲੀ।
ਨਾੜਾਂ ਵਿਚ ਫੁੱਲ ਖਿੜ ਪਏ, ਗਿਣ ਗਿਣ ਕੇ ਵਲੇਟੇ ਹੋਏ ਸੁੱਖ ਨੂੰ,
ਕਾਲੀ ਅੱਖ ਤੱਕਦੀਆਂ ਨੇ, ਕਿਸੇ ਚੜ੍ਹਦੇ ਉਲੇਲ ਦੀਆਂ ਰਿਸ਼ਮਾਂ।
ਪਿੰਡੇ ਵਿਚੋਂ ਸਿੰਮਦੀਆਂ ਨੇ, ਕੋਈ ਅਤਰ ਫੁਲੇਲ ਦੀਆਂ ਕਿਸਮਾਂ।
ਪੁੜ ਉਹੋ ਮੱਚ-ਮੱਚਿਆ ਜਿਹਨੇ ਪਾਲਿਆ ਸੀ ਬ੍ਰਿਹਾ ਦੇ ਦੁੱਖ ਨੂੰ
ਵੱਖੀਓਂ ਗੁਲਾਬ ਖਿੜਿਆ, ਸਿੱਧਾ ਵਿੰਨ੍ਹਿਆ ਸੂ-ਸੱਤੇ ਹੋਏ ਦਿਲ ਨੂੰ
ਓਸੇ ਨੂੰ ਨਹੀਂ ਮਿਲ ਸਕਦੇ, ਜਿਹਨੂੰ ਰਹਿ ਸਕਦੇ ਸਾਂ ਨਾ ਮਿਲਨੋਂ
ਸਿਖਰ ਦੁਪਹਿਰੇ ਤਣਿਆ, ਕਿਸੇ ਚਾਨਣੀ ਦੇ ਉਣੇ ਹੋਏ ਮੁੱਖ ਨੂੰ।

ਪਾਕਿਸਤਾਨ - ਫੌਜੀ ਰਾਜ

ਫਹਿਮੀਦਾ ਰਿਆਜ਼

ਮੈਂ ਅੱਖਾਂ ਕਿਉਂ ਝੁਕਾ ਲੈਂਦੀ ਹਾਂ
ਤੇਰੀ ਖਾਕੀ ਵਰਦੀਆਂ ਨਾਲ ਭਰੀ ਟਰੱਕ
ਜਦ ਵੀ ਮੇਰਾ ਰਸਤਾ ਕੱਟਦੀ ਹੈ।

ਮੇਰੀਆਂ ਨਜ਼ਰਾਂ ਜ਼ਮੀਨ ਵਿਚ ਕਿਉਂ ਗੱਡੀਆਂ ਜਾਂਦੀਆਂ ਹਨ
ਐ ਜ਼ਮੀਨ, ਮੈਨੂੰ ਜਵਾਬ ਦੇ।
ਮੈਂ ਤੈਨੂੰ ਹੰਝੂਆਂ ਦੀ ਝਿਲਮਲਾਹਟ ਵਿਚੋਂ ਵੇਖਿਆ ਹੈ
ਵਰਦੀਆਂ ਨਾਲ ਭਰੀ ਟਰੱਕ ਗੁਜ਼ਰ ਰਹੀ ਹੈ।
ਤਸੱਲੀ ਦਾ ਹਾਰਨ ਵਜਾਉਂਦੀ ਹੋਈ।

ਇਕ ਦਿਲ ਵਿਚ,
ਇਕ ਨਿਹੱਥੇ ਦਿਲ ਵਿਚ
ਪਾਗਲ ਤਮੰਨਾ ਮਚਲ ਰਹੀ ਹੈ।
ਜਿਵੇਂ ਸੜਕ ਤੇ ਪਿਆ ਪੱਥਰ
ਉਡੀਕ ਵਿਚ ਹੈ
ਇਸ ਨੂੰ ਕੋਈ ਹੱਥ ਵਿਚ ਉਠਾ ਲਵੇ
ਤੇ ਜ਼ੋਰ ਨਾਲ ਮਾਰੇ ਵਰਦੀਆਂ ਨਾਲ ਭਰੇ ਟਰੱਕ ਉੱਤੇ।

ਸ਼ਾਇਦ ਇਸ ਅੰਦਰ
ਕਿਤੇ, ਕਿਸੇ ਗਰੇਬਾਨ ਵਿਚ
ਕੋਈ ਦਿਲ ਵੀ ਹੋਵੇਗਾ
ਜੋ ਟੰਨ ਕਰ ਕੇ ਵੱਜ ਉਠੇਗਾ।
ਇਕ ਇਕੱਲੀ ਕਾਰੀ ਨਿਹੱਥੀ ਤਾਂਘ ਮਚਲ ਰਹੀ ਹੈ
ਇਕ ਦਿਲ ਵਿਚ
ਇਕ ਹਜ਼ਾਰ ਦਿਲਾਂ ਵਿਚ
ਬੇਸ਼ੁਮਾਰ ਦਿਲਾਂ ਵਿਚ,
ਕਰੋੜਾਂ ਸੀਨਿਆਂ ਵਿਚ ਧੜਕਦੇ ਹੋਏ
ਕਰੋੜਾਂ ਗਲਿਆਂ ਵਿਚ ਫਸਦੇ ਹੋਏ
ਪਰ ਫਿਰ ਵੀ ਇਕੱਲਾ-ਕਾਰਾ
ਮਜਬੂਰ! ਮਜਬੂਰ!

ਨਹੀਂ ਇਸ ਟਰੱਕ ਵਿਚ ਕੋਈ ਦਿਲ ਨਹੀਂ
ਨਹੀਂ, ਇਸ ਵਿਚ ਸਿਰਫ਼ ਵਰਦੀਆਂ ਹੀ ਨਹੀਂ
ਇਸ ਵਿਚ ਬੰਦੂਕਾਂ ਹਨ
ਤੇ ਇਹਨਾਂ ਦੀਆਂ ਗੋਲੀਆਂ ਦਿਲਾਂ ਨਾਲ ਟਕਰਾਉਂਦੀਆਂ ਨੇ
ਤਾਂ ਆਵਾਜ਼ ਪੈਦਾ ਨਹੀਂ ਹੁੰਦੀ।
ਇਹ ਤਾਂ ਆਵਾਜ਼ਾਂ ਨੂੰ ਕਤਲ ਕਰਨ ਲਈ ਚਲਾਈਆਂ ਜਾਂਦੀਆਂ ਨੇ।

ਇੱਕ ਇਕੱਲੀ ਕਾਰੀ ਨਿਹੱਥੀ ਤਮੰਨਾ ਮਚਲ ਰਹੀ ਹੈ।
ਤੇ ਦਮ ਤੋੜ ਰਹੀ ਹੈ।
ਜਦੋਂ ਤਕ ਕਿ ਇਹ ਟਰੱਕ ਲੰਘ ਜਾਵੇ

ਤੂੰ ਇੰਝ ਹੀ ਚਲਣਾ ਹੈ ਜ਼ਮੀਨ ਉੱਤੇ ਨਜ਼ਰਾਂ ਗੱਡੀ
ਲੋਕੀਂ ਪਾਗਲ ਕਿਉਂ ਹੋ ਜਾਂਦੇ ਨੇ?
ਇਹ ਗੱਲ ਸਾਨੂੰ ਸਮਝਾਉਂਦੀ ਹੋਈ
ਫੌਜੀ ਟਰੱਕ ਲੰਘ ਗਈ
ਸੜਕ ਤੋਂ ਨਹੀਂ ਗੁਜ਼ਰੀ
ਨਜ਼ਰਾਂ ਤੋਂ ਓਝਲ ਨਹੀਂ ਹੋਈ।
ਹੌਲ਼ੀ-ਹੌਲ਼ੀ ਜਾ ਰਹੀ ਹੈ ਬੇਫਿਕਰੀ ਨਾਲ
ਆਸ ਪਾਸ ਉੱਤੇ ਆਵਾਜ਼ਾਂ ਕੱਸਦੀ ਹੋਈ।

ਰਾਹੀ ਬੇਬਸੀ ਵਿਚ ਰਾਹ ਛੱਡ ਰਹੇ ਨੇ
ਨਿਲਾਮੀ ਦੇ ਕੱਪੜੇ ਗਲ ਪਾਈ
ਬੇਬਸ ਨਿਹੱਥੀ ਮਖ਼ਲੂਕ
ਭਲਾ ਕਰ ਵੀ ਕੀ ਸਕਦੀ ਹੈ।

ਪਾਨ-ਬੀੜੀ ਦੀ ਦੁਕਾਨ ਉੱਤੇ
ਪਤਲੀ ਜਹੀ ਰੱਸੀ ਲਟਕਦੀ ਹੈ
ਪਰ ਸੁਲਘ ਰਹੀ ਹੈ
ਖੰਘਦੇ ਖੰਘਾਰਦੇ ਬੀਮਾਰ ਬੁੱਢੇ ਨੇ
ਰੱਸੀ ਤੋਂ ਸਿਗਰਟ ਸੁਲਗਾਈ ਹੈ
ਤੇ ਜ਼ਮੀਨ ਉੱਤੇ ਥੁੱਕ ਦਿੱਤਾ ਹੈ
ਜ਼ਮੀਨ
ਆਪਣੇ ਬੱਚਿਆਂ ਦੇ ਦਿਲਾਂ ਦੇ ਹਰ ਭੇਤ ਦੀ ਜ਼ਮੀਨ
ਜ਼ਮੀਨ ਪਿਆਸੀ ਮਾਂ
ਮੁਸਕਰਾਉਣ ਲੱਗੀ ਹੈ
ਹੱਸ ਰਹੀ ਹੈ
ਹੰਝੂਆਂ ਦੀ ਝਿਲਮਲਾਹਟ ਵਿਚ
ਮੈਂ ਇਹ ਮੁਸਕਰਾਹਟ ਵੇਖੀ ਹੈ
ਮਈਆ
ਧਰਤੀ ਮਾਂ,
ਤੂੰ ਆਪਣੇ ਬੱਚਿਆਂ ਦਾ ਹਰ ਇਸ਼ਾਰਾ ਸਮਝਦੀ ਹੈਂ
ਤੂੰ ਮੁਸਕਰਾਉਂਦੀ ਹੈ
ਤਾਂ ਲੈ
ਮੇਰੇ ਹੰਝੂ ਵੀ ਹੱਸ ਪਏ ਨੇ
ਕਿਉਂਕਿ ਮੇਰੇ ਬਦਨ ਵਿਚ
ਕੱਲ ਖੁੱਲ ਕੇ ਰੋਣ ਉੱਤੇ ਪਾਬੰਦੀ ਲਗਾਈ ਗਈ ਸੀ
ਪਰ ਅੱਜ ਖੁੱਲ੍ਹ ਕੇ ਹੱਸਣਾ ਵੀ ਮਨ੍ਹਾ ਹੈ

ਤੇ ਅਸੀਂ
ਜੋ ਨਾ ਰੋ ਸਕਦੇ ਹਾਂ
ਤੇ ਨਾ ਹੱਸ ਸਕਦੇ ਹਾਂ
ਸਿਰਫ਼ ਤੈਨੂੰ ਹੀ ਵੇਖਦੇ ਹਾਂ
ਹਰ ਔਖੇ ਪਲ ਵਿਚ
ਤੂੰ ਜੋ ਸਾਡੀ ਭੇਤੀ ਹੈਂ
ਐ! ਵਤਨ ਦੀ ਪਿਆਰੀ ਧਰਤੀ! •

ਉਰਦੂ ਤੋਂ ਲਿਪੀ ਬਦਲਾਵ ਹ.ਸ.ਹ.

ਕਹਾਣੀ

ਖਟਾਸ

ਜਸਪਾਲ ਮਾਨਖੇੜਾ

"ਓਏ ਆਇਆ ਯਾਰ, ਆਇਆ, ਸਬਰ ਕਰ........." ਮੋਬਾਈਲ ਫੋਨ ਦੀ ਰਿੰਗ ਸੁਣ ਗਮਦੂਰ ਲਾਚੜਦਿਆਂ ਬੋਲਿਆ। ਉਹ ਦੂਜੇ ਪੈੱਗ ਵਿਚ ਬਰਫ ਖੋਰ ਰਿਹਾ ਸੀ ਕਿ ਮੋਬਾਈਲ ਦੀ ਘੰਟੀ ਵੱਜ ਪਈ ਸੀ। ਆਦਤ ਅਨੁਸਾਰ ਉਸ ਨੰਬਰ ਪੜ੍ਹਿਆ। ਘੰਟੀ ਵੱਜੀ ਜਾਣ ਦਿੱਤੀ, ਓ.ਕੇ. ਨਾ ਕਰਿਆ। ਮੂੰਹ 'ਚ ਹੀ ਬੋਲਿਆ, "ਓਏ ਜਾਣ ਦੇ ਯਾਰ........।"

ਗਮਦੂਰ ਅਕਸਰ ਹੀ ਇਉਂ ਕਰਦਾ ਸੀ। ਜਦ ਦਾ ਉਸਨੂੰ ਸਰਕਲ ਦਾ ਸੈਕਟਰੀ ਬਣਾਇਆ ਸੀ। ਉਹ ਪਹਿਲੀ ਵਾਰ ਫੋਨ ਨਾ ਸੁਣਦਾ। ਜੇ ਫੋਨ ਜ਼ਿਲ੍ਹਾ ਜੱਥੇਦਾਰ, ਐੱਮ.ਐੱਲ.ਏ., ਜਾਂ ਕਿਸੇ ਵੀ.ਆਈ.ਪੀ. ਦਾ ਹੁੰਦਾ ਤਾਂ ਝੱਟ ਫੋਨ ਖੋਲ੍ਹ ਲੈਂਦਾ। ਵੀ.ਆਈ.ਪੀ. ਨੰਬਰ ਉਸਨੂੰ ਜ਼ਬਾਨੀ ਯਾਦ ਸਨ। ਫਰਿੱਜ ਤੋਂ ਚੁੱਕ ਕੇ ਉਸ ਪੈੱਗ ਮੂੰਹ ਨੂੰ ਲਾਇਆ ਹੀ ਸੀ ਕਿ ਘੰਟੀ ਫਿਰ ਵੱਜ ਪਈ। ਗਮਦੂਰ ਨੇ ਨੰਬਰ ਵੇਖਿਆ। ਉਹੀ ਨੰਬਰ ਸੀ। ਉਸ ਆਰਾਮ ਨਾਲ ਪੈੱਗ ਪੀਤਾ। ਪਿਆਜ ਦੀ ਫਾਕੜ ਮੂੰਹ 'ਚ ਪਾਈ ਅਤੇ ਫੋਨ ਕੰਨ ਨੂੰ ਲਾ ਲਿਆ।

"ਮੈਂ ਸਹਾਇਤਾ ਕਲੱਬ ਦਾ ਮੈਂਬਰ ਬੋਲਦਾਂ ਜੀ ਮੰਡੀ ਤੋਂ............", ਦੂਜੇ ਪਾਸਿਓਂ ਆਵਾਜ਼ ਆਈ।

"ਹਾਂ ਜੀ ਫਰਮਾਓ....... ਕੀ ਹੁਕਮ ਐ.......", ਗਮਦੂਰ ਉਸੇ ਖ਼ੁਸ਼ੀ ਵਾਲੇ ਰੌਂਅ 'ਚ ਬੋਲਿਆ। ਘਰ ਦੀ ਸ਼ਰਾਬ ਦੇ ਦੋ ਪੈੱਗਾਂ ਨਾਲ ਉਹ ਸਰੂਰ 'ਚ ਆਇਆ ਹੋਇਆ ਸੀ।

"ਭਾਈ ਸਾਹਿਬ ਤੁਹਾਡੇ ਪਿਤਾ ਜੀ ਦਾ ਐਕਸੀਡੈਂਟ ਹੋ ਗਿਆ.......... ਉਹ ਸਿਵਲ ਹਸਪਤਾਲ 'ਚ ਨੇ। ਤੁਸੀਂ ਜਲਦੀ ਆ ਜਾਓ........", ਬੋਲਣ ਵਾਲੇ ਨੇ ਇਕੋ ਸਾਹ ਕਿਹਾ ਅਤੇ ਰਿਸੀਵਰ ਰੱਖ ਦਿੱਤਾ। ਗਮਦੂਰ ਹੈਲੋ-ਹੈਲੋ ਕਰਦਾ ਰਹਿ ਗਿਆ।

ਗਮਦੂਰ ਨੇ ਉਹੀ ਨੰਬਰ ਮਿਲਾਇਆ। ਆਪਣੇ ਬਾਪ ਦੇ ਐਕਸੀਡੈਂਟ ਬਾਰੇ ਪੁੱਛਿਆ। "ਯੇਹ ਪੀ.ਸੀ.ਓ. ਹੈ .... ਫੋਨ ਕਰਨੇ ਵਾਲਾ ਚਲਾ ਗਿਆ........ ਮੁਝੇ ਕੁਝ ਮਾਲੂਮ ਨਹੀਂ..........।"

ਉਸਦੇ ਔਸਾਨ ਮਾਰੇ ਗਏ। ਉਹ ਭਵੰਤਰ ਗਿਆ। ਗਮਦੂਰ ਦੇ ਕੰਨਾਂ ਵਿਚ ਸਾਂ-ਸਾਂ ਹੋਣ ਲੱਗੀ। ਸ਼ਰਾਬ ਦਾ ਨਸ਼ਾ ਪਤਾ ਨਹੀਂ ਕਿਧਰ ਹਿਰਨ ਹੋ ਗਿਆ। ਉਹ ਬੌਂਦਲਿਆ ਖੜ੍ਹਾ ਸੀ ਕਿ ਉਸਦੇ ਕੰਨਾਂ ਵਿਚ ਆਵਾਜ਼ ਪਈ, "ਵੇ ਗੁਰੀ ਕੀਹਦਾ ਫੂਨ ਸੀ? .... ਕੀ ਹੋ ਗਿਆ?"

ਆਪਣੀ ਮਾਂ ਦੀ ਆਵਾਜ਼ ਸੁਣ ਸੰਭਲਦਾ ਗਮਦੂਰ ਬੋਲਿਆ, ਮ -ਮ-ਮੰਡੀਓਂ ਸੀ ਕਿਸੇ ਦਾ..... ਕ-ਕ-ਕਹਿੰਦੇ ਬਾਪੂ ਜੀ ਦਾ ਐਕਸੀਡੈਂਟ ਹੋ ਗਿਆ ..... ਹ-ਹ-ਹਸਪਤਾਲ 'ਚ ਨੇ......।" ਉਸਦੀ ਆਵਾਜ਼ ਥਥਲਾ ਰਹੀ ਸੀ।

"ਬੂਹ...... ਮੈਂ ਮਰਜਾਂ.........", ਉਸਦੀ ਮਾਂ ਨਸੀਬ ਕੁਰ ਥਾਂਏ ਸਿਰ ਫੜ ਕੇ ਬੈਠ ਗਈ।

ਗਮਦੂਰ ਦੀ ਘਰਵਾਲੀ ਭੱਜੀ ਆਈ, "ਮਾਂ ਜੀ ਕੀ ਹੋ ਗਿਆ ਮਾਂ ਜੀ........," ਉਸਦਾ ਰੋਣ ਨਿਕਲ ਗਿਆ।

ਇੰਨੇ ਵਿਚ ਗਮਦੂਰ ਸੰਭਲ ਗਿਆ, "ਪੰਮੀ ਬੀਬੀ ਨੂੰ ਪਾਣੀ ਦੇਹ.... ਬਾਪੂ ਜੀ ਦਾ ਐਕਸੀਡੈਂਟ ਹੋ ਗਿਆ......... ਮੰਡੀ ਹਸਪਤਾਲ 'ਚ ਨੇ........।"

ਪਰਮਜੀਤ ਭੱਜ ਕੇ ਪਾਣੀ ਲੈ ਆਈ। ਉਹਨਾਂ ਨਸੀਬ ਕੁਰ ਨੂੰ ਉਠਾ ਕੇ ਮੰਜੇ 'ਤੇ ਬਹਾ ਦਿੱਤਾ। ਗਮਦੂਰ ਮੰਡੀ ਜਾਣ ਲਈ ਤਿਆਰੀ ਕਰਨ ਲੱਗਾ। ਨਸੀਬ ਕੁਰ ਸੁਰਤ ਫੜ ਗਈ ਸੀ। ਗਮਦੂਰ ਨੂੰ ਬਾਹਰ ਵੱਲ ਜਾਂਦਾ ਵੇਖ ਬੋਲੀ, "ਵੇ ਭਾਈ ਤੇਰੇ ਚਾਚੇ ਨੂੰ ਲੈ ਜੀਂ ਨਾਲ। ਦੋ ਚਾਰ ਹੋਰ ਸਿਆਣੇ ਬੰਦੇ ਲੈ ਜਾ.......... ਸਰਪੰਚ ਕੰਨੀਂ ਵੀ ਹੋ ਆ। 'ਕੱਲਾ ਕੀ ਕਰੇਂਗਾ ਤੂੰ ਉਥੇ........."

"ਹਾਂ ਸੱਚ ਬਿੰਦਰ ਕਿਥੇ ਐ......?"ਗਮਦੂਰ ਨੂੰ ਛੋਟਾ ਭਰਾ ਬਿੰਦਰ ਯਾਦ ਆ ਗਿਆ।

"ਉਹ ਤਾਂ ਚੰਡੀਗੜ੍ਹ ਗਿਐ, ਈ.ਟੀ.ਟੀ. ਵਾਲਿਆਂ ਦਾ ਧਰਨਾ ਐ, ਸ਼ੈਤ ਭੁੱਖ ਹੜਤਾਲ ਵੀ ਹੋਵੇ।" ਜਵਾਬ ਮਾਂ ਦੀ ਥਾਂ ਪਰਮਜੀਤ ਨੇ ਦਿੱਤਾ।

ਪਤਨੀ ਦੀ ਗੱਲ ਸੁਣ ਗਮਦੂਰ ਪਿੰਡ 'ਚ ਤੁਰ ਗਿਆ।

ਜਿਸ ਵੀ ਸੁਣਿਆ ਉਠ ਕੇ ਨਾਲ ਤੁਰ ਪਿਆ। ਜੀਪ ਭਰ ਕੇ ਉਹ ਮੰਡੀ ਨੂੰ ਚੱਲ ਪਏ।

ਗਮਦੂਰ ਦਾ ਦਿਮਾਗ ਜੀਪ ਨਾਲੋਂ ਵੀ ਵੱਧ ਤੇਜ਼ ਦੌੜ ਰਿਹਾ ਸੀ। ਉਸ ਦਾ ਬਾਪ ਬਖਸ਼ੀਸ਼ ਅੱਜ ਸਵੇਰੇ ਨੌਂ ਵਾਲੀ ਬੱਸ 'ਤੇ ਮੰਡੀ ਗਿਆ ਸੀ। ਪੂਰੇ ਹੌਸਲੇ ਨਾਲ। ਅੱਜ ਉਸਦੀ ਕਚਹਿਰੀ ਵਿਚ ਪੇਸ਼ੀ ਸੀ। ਆੜ੍ਹਤੀਏ ਸੁਰੇਸ਼ ਬਾਂਸਲ ਨੇ ਉਸ ਉਪਰ ਜ਼ਮੀਨ ਦੀ ਕੁਰਕੀ ਦਾ ਕੇਸ ਕੀਤਾ ਹੋਇਆ ਸੀ। ਪਿਛਲੇ ਕਈ ਸਾਲਾਂ ਤੋਂ ਫਸਲ ਨਹੀਂ ਹੋਈ ਸੀ। ਨਾ ਹਾੜ੍ਹੀ ਹੋਈ ਨਾ ਸੌਣੀ। ਸਗੋਂ ਹੋਰ ਖਰਚੇ ਖੜ੍ਹੇ ਹੁੰਦੇ ਰਹੇ। ਕਰਜ਼ੇ ਦੀ ਰਕਮ ਵਧਦੀ ਗਈ ਸੀ। ਬਖਸ਼ੀਸ਼ ਤੋਂ ਆੜ੍ਹਤੀਆਂ ਦੇ ਪੈਸੇ ਨਹੀਂ ਦਿੱਤੇ ਗਏ ਸੀ। ਪਹਿਲਾਂ ਸੁਰੇਸ਼ ਸਮਝੌਤੀਆਂ ਦਿੰਦਾ ਰਿਹਾ, ਫੇਰ ਡਰਾਵੇ। ਅਖੀਰ ਸੁਰੇਸ਼ ਨੇ ਪਰਨੋਟ ਅਤੇ ਬਖਸ਼ੀਸ਼ ਦੀ ਜ਼ਮੀਨ ਦੇ ਨੰਬਰ ਜੱਜ ਦੇ ਮੂਹਰੇ ਜਾ ਰੱਖੇ ਸਨ.........।

ਭਲੇ ਵੇਲ਼ੇ ਲੰਘ ਗਏ ਸਨ। ਹੁਣ ਆੜ੍ਹਤੀਏ ਆੜ੍ਹਤ ਪਾਉਣ ਵੇਲੇ ਹੀ ਖਾਲੀ ਪਰਨੋਟਾਂ ਉੱਪਰ ਅੰਗੂਠਾ ਲਵਾ ਲੈਂਦੇ ਸਨ। ਦਸਤਖ਼ਤ ਕਰਵਾ ਲੈਂਦੇ ਸਨ। ਜ਼ਿਮੀਦਾਰ ਦੀ ਜ਼ਮੀਨ ਦੇ ਨੰਬਰ ਲੁਹਾ ਕੇ ਆਪਣੇ ਕੋਲ ਰੱਖ ਲੈਂਦੇ ਸਨ.........।

ਗਮਦੂਰ ਨੂੰ ਪਤਾ ਈ ਨਾ ਲੱਗਾ, ਉਹ ਕਦ ਸਿਵਲ ਹਸਪਤਾਲ ਆ ਗਏ। ਰੋਹੀ ਖਾਧੀ ਸਰਕਾਰੀ ਹਸਪਤਾਲ ਦੀ ਖਸਤਾ ਇਮਾਰਤ ਜੂਨ ਦੇ ਮਹੀਨੇ 'ਚ ਸੇਕ ਛੱਡ ਰਹੀ ਸੀ। ਦਵਾਈਆਂ, ਲਿਬੜੀਆਂ ਪੱਟੀਆਂ, ਗੁਲੂਕੋਜਾਂ ਦੀ ਦੁਰਗੰਧ ਵਿਚ ਰਲ਼ ਕੇ ਮਰੀਜ਼ਾਂ ਦੀ ਹਾਏ-ਧੂਹ, ਹਾਉਕੇ-ਹਾਵੇ ਰੂਹ 'ਚ ਛੇਕ ਕਰ ਰਹੇ ਸਨ।

ਉਹਨਾਂ ਨੂੰ ਜਾਣ ਸਾਰ ਹੀ ਪਤਾ ਲੱਗ ਗਿਆ ਕਿ ਬਖਸ਼ੀਸ਼ ਨੇ ਰੇਲ ਗੱਡੀ ਹੇਠ ਆ ਕੇ ਖੁਦਕੁਸ਼ੀ ਕੀਤੀ ਹੈ। ਲਾਸ਼ ਮੁਰਦਾਘਾਟ ਵਿਚ ਪੋਸਟ ਮਾਰਟਮ ਲਈ ਪਈ ਹੈ।

ਕਿਸਾਨ ਯੂਨੀਅਨ ਦੇ ਚਾਰ ਕੁ ਵਰਕਰ ਉਹਨਾਂ ਤੋਂ ਪਹਿਲਾਂ ਹੀ ਪਹੁੰਚੇ ਹੋਏ ਸਨ। 'ਆੜ੍ਹਤੀਏ 'ਤੇ ਕੇਸ ਦਰਜ ਕਰਾਓ' ਦੀ ਘੁਸਰ-ਮੁਸਰ ਕਰ ਰਹੇ ਸਨ। ਮੰਡੀ ਦੇ ਪੰਜ-ਚਾਰ ਸੇਠ ਵੀ ਭੱਜੇ ਫਿਰਦੇ ਸਨ। ਡਾਕਟਰਾਂ ਨੂੰ ਮਿਲ ਰਹੇ ਸਨ। ਜ਼ਿਲ੍ਹਾ ਜਥੇਦਾਰ ਦਾ ਫੋਨ ਵੀ ਗਮਦੂਰ ਨੂੰ ਆ ਗਿਆ ਸੀ। "ਸ਼ਾਂਤ ਰਹੀਂ। ਰੱਬ ਦੀ ਕਰਨੀ ਐ। ਵਾਹਿਗੁਰੂ 'ਤੇ ਭਰੋਸਾ ਰੱਖ। ਭਲੀ ਕਰੂ।"

ਗਮਦੂਰ ਨੂੰ ਕੁਝ ਵੀ ਸੁੱਝ ਨਹੀਂ ਰਿਹਾ ਸੀ। ਡਾਕਟਰਾਂ ਨੇ ਫਟਾ-ਫਟ ਪੋਸਟ ਮਾਰਟਮ ਕੀਤਾ। ਕਾਗਜ਼ਾਂ-ਫਾਰਮਾਂ 'ਤੇ ਦਸਤਖ਼ਤ ਕਰਾਏ। ਬੀ.ਏ. ਪਾਸ ਗਮਦੂਰ, ਜਿੱਥੇ ਕਹਿੰਦੇ ਅਨਪੜ੍ਹਾਂ ਵਾਂਗ ਦਸਤਖ਼ਤ ਕਰੀ ਗਿਆ। 'ਸਭ ਕਾਰਵਾਈਆਂ ਕਰਕੇ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ।

ਬਿੰਦਰ ਨੂੰ ਹਸਪਤਾਲ 'ਚੋਂ ਹੀ ਮੋਬਾਈਲ ਕਰ ਦਿੱਤਾ ਸੀ। ਉਹ ਸਵੇਰੇ ਅਰਥੀ ਚੁੱਕਣ ਤੋਂ ਪਹਿਲਾਂ ਹੀ ਪਹੁੰਚ ਗਿਆ।

ਬਖਸ਼ੀਸ਼ ਦੀ ਅਰਥੀ ਠੀਕ ਉਸੇ ਸਮੇਂ ਘਰੋਂ ਨਿਕਲੀ ਜਿਸ ਸਮੇਂ ਕੱਲ੍ਹ ਬਖਸ਼ੀਸ਼ ਨੌਂ ਵਾਲੀ ਬੱਸ ਚੜ੍ਹਿਆ ਸੀ ਮੰਡੀ ਨੂੰ.........। ਪੂਰੇ ਹੌਸਲੇ ਨਾਲ।

ਬਖਸ਼ੀਸ਼ ਹੌਸਲੇ ਵਾਲਾ ਬੰਦਾ ਸੀ। ਬਖਸ਼ੀਸ਼ ਨੇ ਜਦ ਜਵਾਨੀ ਦੀਆਂ ਬਰੂਹਾਂ 'ਤੇ ਪੈਰ ਧਰਿਆ ਤਾਂ ਉਸਦਾ ਬਾਪ ਜਾਗਰ ਬਿਸਵੇਦਾਰਾਂ ਦਾ ਮੁਜ਼ਾਰਾ ਸੀ। ਇਕੱਲਾ ਜਾਗਰ ਕੀ ਸਾਰਾ ਪਿੰਡ ਹੀ ਬਿਸਵੇਦਾਰਾਂ ਦੀ ਜ਼ਮੀਨ ਵਾਹੁੰਦਾ ਸੀ ਵਟਾਈ 'ਤੇ.......। ਮੁਜ਼ਾਰਾ ਲਹਿਰ ਜ਼ੋਰਾਂ 'ਤੇ ਸੀ। ਜਾਗਰ ਲਹਿਰ ਦਾ ਮੋਹਰੀ ਸੀ।

ਬਖਸ਼ੀਸ਼ ਨੂੰ ਅਜੇ ਕੱਲ੍ਹ ਵਾਂਗ ਯਾਦ ਸੀ ਕਿ ਪੁਲੀਸ ਉਸਦੇ ਬਾਪ ਨੂੰ ਧੂਹ ਕੇ ਲੈ ਗਈ ਸੀ। ਪਰ ਜਾਗਰ ਨਾਹਰੇ ਮਾਰਨੋਂ ਨਹੀਂ ਹਟਿਆ ਸੀ। 'ਬਿਸਵੇਦਾਰੀ ਖਤਮ ਕਰਾਂਗੇ', 'ਜ਼ਮੀਨ ਦਾ ਮਾਲਕ- ਵਾਹੀਵਾਨ'.........।

ਜਾਗਰ ਨਾਹਰੇ ਮਾਰਦਾ। ਸਿਪਾਹੀ ਡੰਡੇ ਮਾਰਦੇ। ਖਿਚਾ-ਧੂਹੀ 'ਚ ਵੱਜੇ ਡੰਡੇ ਨਾਲ ਜਾਗਰ ਦਾ ਹੇਠਲਾ ਬੁੱਲ੍ਹ ਪਾਟ ਗਿਆ। ਲਹੂ ਨੁੱਚੜਦੇ ਅਤੇ ਨਾਹਰੇ ਮਾਰਦੇ ਜਾਗਰ ਨੂੰ ਪੁਲੀਸ ਵਾਲੇ ਘੜੀਸ ਕੇ ਲੈ ਗਏ। ਬਖਸ਼ੀਸ਼ ਦੇ ਕੰਨਾਂ ਵਿਚ ਸਿਰਫ ਨਾਹਰੇ ਗੂੰਜਦੇ ਰਹਿ ਗਏ ਸਨ - 'ਬਿਸਵੇਦਾਰੀ-ਖਤਮ ਕਰਾਂਗੇ', 'ਜ਼ਮੀਨ ਦਾ ਮਾਲਕ-ਵਾਹੀਵਾਨ'।

ਨਾਹਰੇ ਗੂੰਜਦੇ ਤਾਂ ਬਖਸ਼ੀਸ਼ ਨੇ ਉਦੋਂ ਵੀ ਸੁਣੇ ਸਨ ਜਦੋਂ ਜਾਗਰ ਰਿਹਾਅ ਹੋ ਕੇ ਆਇਆ ਸੀ ਅਖੀਰ ਬਿਸਵੇਦਾਰੀ ਟੁੱਟ ਗਈ ਸੀ। ਜੇਲ੍ਹ 'ਚੋਂ ਰਿਹਾਅ ਹੋ ਕੇ ਆਏ ਜਾਗਰ ਨੂੰ ਪਿੰਡ ਦੇ ਲੋਕਾਂ ਨੇ ਹਾਰਾਂ ਨਾਲ ਲੱਦ ਦਿੱਤਾ ਸੀ। ਨਾਹਰੇ ਗੂੰਜ ਰਹੇ ਸਨ। 'ਮੁਜ਼ਾਰਾ ਲਹਿਰ ਜ਼ਿੰਦਾਬਾਦ'....... 'ਕਿਸਾਨ ਸਭਾ-ਜ਼ਿੰਦਾਬਾਦ'........ 'ਜਾਗਰ ਸਿਓਂ ਜ਼ਿੰਦਾਬਾਦ'......।

ਸਾਰਾ ਪਿੰਡ ਜ਼ਮੀਨ ਦਾ ਮਾਲਕ ਬਣ ਗਿਆ। ਜਾਗਰ ਨੂੰ ਵੀਹ ਕਿੱਲੇ ਜ਼ਮੀਨ ਦੀ ਮਾਲਕੀ ਮਿਲ ਗਈ। ਇੰਤਕਾਲ, ਗਿਰਦੌਰੀਆਂ, ਜਮਾਂਬੰਦੀ, ਖਤਾਨਾ, ਖਤੌਨੀ, ਖੇਵਟ ਉਸਦੇ ਨਾਮ ਚੜ੍ਹ ਗਏ। ਬਖਸ਼ੀਸ਼ ਨੂੰ ਉਹੀ ਜ਼ਮੀਨ ਬਹੁਤ ਪਿਆਰੀ ਲੱਗਣ ਲੱਗੀ। ਖੇਤ ਵਿਚਲੀ ਬੇਰੀ ਕਿੰਨੀ ਸੋਹਣੀ ਲੱਗਣ ਲੱਗੀ। ਉਸਦੇ ਮੁੜਵੇਂ ਕੰਡੇ ਚੰਗੇ ਲੱਗਣ ਲੱਗੇ। ਜਿਵੇਂ ਉਹਨਾਂ ਦੀ ਚੋਭ ਘੱਟ ਗਈ ਹੋਵੇ। ਅੱਗੇ ਤਾਂ ਕੰਡੇ ਮਾਸ ਖਿੱਚ ਕੇ ਲੈ ਜਾਂਦੇ ਸਨ। ਉਸ ਬੇਰੀ ਦੇ ਬੇਰ ਮਿੱਠੇ-ਮਿੱਠੇ ਹੋ ਗਏ ਸਨ। ਪਹਿਲਾਂ ਉਹੀ ਬੇਰ ਖਾ ਕੇ ਬਖਸ਼ੀਸ਼ ਕਹਿੰਦਾ ਹੁੰਦਾ ਸੀ, "ਦੇਖਣ ਨੂੰ ਈ ਗੜੂੰਦੇ ਲੱਗਦੇ ਨੇ ਲਾਲ-ਲਾਲ। ਵਿਚੋਂ ਤਾਂ ਖੱਟੇ ਟੀਟ ਨੇ.......।"

ਪਰ ਹੁਣ ਪੱਕੇ ਕੀ ਕੱਚੇ ਬੇਰ ਵੀ ਖੰਡ ਮਿਸ਼ਰੀ ਦੀਆਂ ਡਲੀਆਂ ਮਹਿਸੂਸ ਹੁੰਦੇ। ਪੂਰੇ ਰਸਦਾਰ, ਸੁਆਦ........।

ਸਾਰਾ ਪਿੰਡ ਕੰਮ ਲੱਗ ਗਿਆ। ਜਾਗਰ ਦੀ ਜ਼ਮੀਨ ਉੱਚੀ ਨੀਵੀਂ ਸੀ। ਟਿੱਬੇ-

ਟਿੱਬੀਆਂ। ਅੱਧੀ ਨਹਿਰੀ, ਅੱਧੀ ਬਰਾਨੀ। ਬਖਸ਼ੀਸ਼ ਅਤੇ ਉਸਦਾ ਭਰਾ ਗੁਰਾਂਦਿੱਤਾ ਜ਼ਮੀਨ ਪੱਧਰ ਕਰਦੇ ਖਪਾ-ਖ਼ੂਨ ਹੋਏ ਰਹਿੰਦੇ। ਚਾਰ-ਪੰਜ ਸਾਲਾਂ 'ਚ ਜ਼ਮੀਨ ਦਾਣੇ ਦੇਣ ਜੋਗੀ ਹੋਈ।

ਮੁਜ਼ਾਰੇ ਜ਼ਿੰਮੀਦਾਰ ਬਣ ਗਏ। ਜ਼ਮੀਨਾਂ ਦੇ ਮਾਲਕ। ਉਨ੍ਹਾਂ ਦੀਆਂ ਜਿਵੇਂ ਸਾਰੀਆਂ ਸਮੱਸਿਆਵਾਂ ਹੱਲ ਹੋ ਗਈਆਂ। ਜਾਗਰ ਕਿਸੇ ਨੂੰ ਰੋਕ ਕੇ ਕਹਿੰਦਾ, "ਸਾਥੀ ਬਹੁਤ ਮਸਲੇ ਹੱਲ ਹੋਣ ਵਾਲੇ ਪਏ ਨੇ ਅਜੇ ਤਾਂ......।"

ਤਾਂ ਮੁਜ਼ਾਰੇ ਤੋਂ ਭੋਇੰ ਮਾਲਕ ਬਣਿਆ ਸ਼ੇਰੇ ਸੀਂਢਲ ਵਰਗਾ ਕਹਿ ਉਠਦਾ, "ਜਾਗਰ ਸਿਆਂ ਖੇਤੋਂ ਈ ਵਿਹਲ ਨੀਂ ਮਿਲਦੀ। ਸੈਂਕੜੇ ਕੰਮ ਨੇ ਵੱਡੇ ਭਾਈ......। ਵਾਹ-ਵਹਾਈ। ਕਰਾਹਾ-ਸੁਹਾਗਾ। ਵੱਟਾਂ ਫੇਰ ਰੰਣੀ। ਵੱਤ ਵੇਖ ਕੇ ਹਲ ਜੋੜੇ। ਫੇਰ ਬੀ ਸਿੱਟਣਾ। ਸਿਰ ਖੁਰਕਣ ਦੀ ਵਿਹਲ ਨੀ। ਤੂੰ ਭਰਾਵਾਂ ਲੀਡਰ ਬੰਦੈਂ। ਤੇਰੇ ਕਰਨ ਦੇ ਨੇ ਏਹ ਕੰਮ। ਅਸੀਂ ਤੇਰੇ ਮਗਰ ਆ। ਜਿਵੇਂ ਵਟਾਈਦਾਰੀ ਵੇਲੇ ਸੀ.........।"

ਜਾਗਰ ਸੋਚਦਾ 'ਹੁਣ ਏਹਨਾਂ ਨੂੰ ਐਨੇ ਕੰਮ ਕਿੱਥੋਂ ਨਿਕਲ ਆਏ। ਪਹਿਲਾਂ ਤਾਂ ਕਹਿਣ ਦੀ ਦੇਰ ਹੁੰਦੀ ਸੀ ਫੱਟ ਤੁਰ ਪੈਂਦੇ ਸੀ ਉਠਕੇ......।" ਜਾਗਰ ਨੂੰ ਲੋਕਾਂ 'ਤੇ ਖਿੱਝ ਆਉਣ ਲੱਗਦੀ। ਉਹ ਅਗਲੇ ਦੇ ਗਲ ਪੈ ਜਾਂਦਾ।

ਇਕ ਦਿਨ ਬਖਸ਼ੀਸ਼ ਵੀ ਜਾਗਰ ਦੇ ਗਲ ਪੈ ਗਿਆ ਸੀ, "ਤੂੰ ਬਾਪੂ ਚੁੱਪ ਕਰਕੇ ਬੈਹ ਜਾਹ ਘਰੇ। ਰਾਮ ਰਾਮ ਕਰਿਆ ਕਰ ਦੋ ਵੇਲੇ.........ਹੁਣ ਹੈ ਨੀਂ ਪਿੰਡ 'ਚ ਸਤਿਆ.......।"

ਉਸੇ ਸਾਲ ਲਗਾਤਾਰ ਚਾਰ ਵਾਰ ਜਿੱਤਦਾ ਰਿਹਾ ਕਾਮਰੇਡ ਐਮ.ਐਲ.ਏ. ਚੋਣ ਹਾਰ ਗਿਆ ਸੀ। ਉਹ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕਿਆ ਸੀ।

ਬਚਾ ਤਾਂ ਬਖਸ਼ੀਸ਼ ਵੀ ਘਰ ਦੀ ਇੱਜ਼ਤ ਨਹੀਂ ਸਕਿਆ ਸੀ ਉਸੇ ਸਾਲ ਹੀ......।

ਬਿਸਵੇਦਾਰਾਂ ਦਾ ਕਰਨ ਨਵਾਂ-ਨਵਾਂ ਲਾਅ ਪੜ੍ਹ ਕੇ ਆਇਆ ਸੀ। ਭਰਵੀਂ ਖੁੱਲੀ ਦਾੜ੍ਹੀ ਜੀਨ ਵਿਦੇਸ਼ੀ ਟੀ-ਸ਼ਰਟ। ਸਿਰ 'ਤੇ ਕੇਸਰੀ ਪਰਨਾ ਬੰਨ੍ਹ ਉਹ ਜਿਪਸੀ ਭਜਾਈ ਫਿਰਦਾ। ਸਵੇਰੇ-ਸ਼ਾਮ ਸ਼ਿਕਾਰ ਖੇਡਣ ਜਾਂਦਾ। ਤਿੱਤਰ, ਬਟੇਰੇ, ਖਰਗੋਸ਼, ਮੁਰਗਾਬੀਆਂ, ਕਬੂਤਰ ਹਰ ਰੋਜ਼ ਫੁੰਡ-ਫੁੰਡ ਕੇ ਖਾਂਦਾ।

ਬਖਸ਼ੀਸ਼ ਦੀ ਧੀ ਭੋਲੀ ਵੀ ਕਰਨ ਦੇ ਨਿਸ਼ਾਨੇ ਦੀ ਸੇਧ ਵਿਚ ਆ ਗਈ........।

'ਘਰ ਦੀ ਇੱਜ਼ਤ' ਨੇ ਬਖਸ਼ੀਸ਼ ਦੇ ਪੈਰਾਂ ਵਿਚ ਜੂੜ ਪਾ ਦਿੱਤਾ। ਗੁਰਾਂਦਿੱਤਾ ਮੂੰਹ ਫੇਰ ਗਿਆ। ਜਾਗਰ ਨੂੰ ਜਦ ਕਨਸੋਅ ਮਿਲੀ ਤਾਂ ਉਹ ਮੁੱਠੀਆਂ ਮੀਚ ਕੇ ਰਹਿ ਗਿਆ। ਉਂਗਲਾਂ ਦੇ ਬੇਢਬੇ ਵਧੇ ਨੌਂਹ ਹਥੇਲੀਆਂ 'ਚ ਹੀ ਖੁੱਭੇ......।

ਜੇ ਉਦੋਂ ਹਥੇਲੀਆਂ 'ਚੋਂ ਨੌਂਹ ਕੱਢੇ ਤਾਂ ਨੌਹਰ ਚੰਦ ਨੇ। ਨੌਹਰ ਚੰਦ ਨੇ ਹਥੇਲੀ 'ਚ ਖੁੱਭੇ ਨੌਂਹ ਹੀ ਨਹੀਂ ਕੱਢੇ ਸਗੋਂ ਨੌਂਹਾਂ ਦੀ ਚੋਭ ਨਾਲ ਹੋਏ ਜ਼ਖ਼ਮਾਂ 'ਤੇ ਠੰਡੇ ਫਹੇ ਵੀ ਰੱਖੇ.......। ਦਿਨਾਂ 'ਚ ਹੀ ਭੋਲੀ ਵਿਆਹ ਕੇ ਸਹੁਰੀਂ ਤੋਰ ਦਿੱਤੀ।

"ਸਾਡੇ ਆਲਾ ਤਾਂ ਧੋਖਾ ਦੇ ਗਿਆ ਸੀ.........ਲਾਜ ਲਾ ਗਿਆ ਸੀ ਗੁਰਾਂ ਦੇ ਨਾਂ ਨੂੰ ਵੱਡਾ ਗੁਰਾਂਦਿੱਤਾ। ਪਰ ਨੌਹਰੀਆ ਮੇਰਾ ਭਰਾ ਐ ਓਏ .... ਸੇਠ ਨੌਹਰ ਚੰਦ......," ਇਕ ਦਿਨ ਸ਼ਰਾਬੀ ਹੋਏ ਬਖਸ਼ੀਸ਼ ਨੇ ਲਲਕਾਰਾ ਮਾਰਿਆ ਸੀ।

ਬਖਸ਼ੀਸ਼ ਦੀ ਅਰਥੀ ਕੋਲ ਘੜੀ ਭੰਨਦਿਆਂ ਗਮਦੂਰ ਨੇ ਲਲਕਾਰਾ ਨਹੀਂ ਲੇਰ ਮਾਰੀ ਸੀ, "ਮਾਰ ਕੇ ਸਿੱਟ ਗਿਆਂ ਓਏ ਬਾਪੂ...... ਪੱਟ ਕੇ ਵਗਾਹ ਤਾ......।"

ਗਮਦੂਰ ਨੂੰ ਯਾਦ ਆਇਆ ਉਸ ਦਿਨ ਬਖਸ਼ੀਸ਼ ਦਾ ਲਲਕਾਰਾ ਲੇਰ ਬਣ ਗਿਆ ਸੀ। ਉਸ ਦਿਨ ਕਚਹਿਰੀ 'ਚੋਂ ਸੰਮਣ ਆਏ ਸਨ। ਨੌਹਰ ਚੰਦ ਦੇ ਮੁੰਡੇ ਸੁਰੇਸ਼ ਨੇ ਜ਼ਮੀਨ ਦੀ ਕੁਰਕੀ ਦਾ ਮੁਕੱਦਮਾ ਕਰ ਦਿੱਤਾ ਸੀ। ਪਰਨੋਟ ਤੇ ਜ਼ਮੀਨ ਦੇ ਨੰਬਰ ਜੱਜ ਦੇ ਅੱਗੇ ਜਾ ਰੱਖੇ ਸਨ। ਸੰਮਣ ਵੇਖ ਗਮਦੂਰ ਭੜਕ ਗਿਆ ਸੀ, "ਕੀ ਕੀਤੈਂ ਤੂੰ ਬਾਪੂ ....ਕੀ ਬਣਾਈਐਂ ਹੁਣ ਤੀਕ..........।" "ਮੈਂ... ਮੈਂ... ਦਸ ਮੈਂ ਕੀ ਬੁਰਾ ਕੀਤੈ? ਨਾ ਚੋਰੀ ਨਾ ਯਾਰੀ। ਨਾ ਸ਼ਰਾਬ ਨਾ ਜੂਆ। ਪਹਿਲਾਂ ਬੰਜਰ ਜ਼ਮੀਨ ਸੂਤ ਕੀਤੀ। ਤੈਨੂੰ ਬੀ.ਏ. ਕਰਾਈ। ਤੇਰਾ ਤੇ ਭੋਲੀ ਦਾ ਵਿਆਹ ਕੀਤਾ। ਬਿੰਦਰ ਨੂੰ ਮਾਸਟਰੀ ਦਾ ਕੋਰਸ ਕਰਾਇਆ। ਹੋਰ ਯਾਰ ਮੈਂ ਕੀ ਪੁਛੜਾ ਕਰ ਦਿਆਂ........।"

ਬਖਸ਼ੀਸ਼ ਸਿਰ ਆੜ੍ਹਤੀਏ ਦਾ ਹੀ ਨਹੀਂ ਬੈਂਕ ਦਾ ਕਰਜ਼ਾ ਸੀ। ਟਿਊਬਵੈੱਲ ਲਾਉਣ ਲਈ ਲਏ ਕਰਜ਼ੇ ਦੀ ਉਹ ਇਕ ਵੀ ਕਿਸ਼ਤ ਨਹੀਂ ਮੋੜ ਸਕਿਆ ਸੀ। ਨਰਮੇ-ਕਪਾਹ ਨੂੰ ਅਮਰੀਕਨ ਸੁੰਡੀ ਖਾ ਜਾਂਦੀ। ਕਣਕ ਮਸਾਂ ਖਾਣ ਜੋਗੀ ਹੁੰਦੀ। ਸੌਣੀ ਸੋਕੇ ਨਾਲ ਮਰ ਜਾਂਦੀ। ਹਾੜੀ ਹੜ੍ਹਾਂ ਨਾਲ। ਬਖਸ਼ੀਸ਼ ਸਿਰ ਕਰਜ਼ਾ ਵਧਦਾ ਗਿਆ। ਕਿਸਾਨ ਆੜ੍ਹਤੀਆਂ ਦੇ ਕਰਜ਼ੇ ਮੁਕਰਨ ਲੱਗੇ। ਕਹਿਣ ਲੱਗੇ "ਜਦੋਂ ਹੋਏ ਦੇ ਦਿਆਂਗੇ। ਹੁਣ ਕੀ ਮਾਸ ਵੱਢਦੀਏ.....।"

"ਜੇ ਬਾਈ, ਬਖਸ਼ੀਸ਼ ਤੋਂ ਪੈਸੇ ਉਗਰਾਹ ਲਏ ਤਾਂ ਸਮਝ ਲੈ ਸਾਰੇ ਪਿੰਡ ਦੇ ਪੈਸੇ ਆ ਗਏ......" ਸੁਰੇਸ਼ ਨਵਾਂ ਸੁਰੇਸ਼ ਬਾਂਸਲ ਬਣਿਆ ਸੀ। ਨੌਹਰ ਚੰਦ ਦੀ ਨਹਿਰੂ-ਇੰਦਰਾ ਭਗਤੀ ਛੱਡ ਕੇ ਸੁਰੇਸ਼ ਬੀ.ਜੇ.ਪੀ. 'ਚ ਸ਼ਾਮਲ ਹੋ ਗਿਆ ਸੀ। ਅਕਾਲੀ-ਭਾਜਪਾ ਰਾਜ 'ਚ ਗੱਫੇ ਲਾ ਕੇ ਉਹ ਹੁਣ ਮੰਡੀ ਦਾ ਸਿਰ ਕੱਢ ਸੇਠ ਬਣ ਗਿਆ ਸੀ।

"ਐਂ ਕਿੱਕੂੰ ਆ ਜਾਣਗੇ ਪੈਸੇ ਸੁਰੇਸ਼.........' ਸੁਰੇਸ਼ ਦੀ ਗੱਲ ਸੁਣ ਨੌਹਰ ਚੰਦ ਹੈਰਾਨ ਸੀ। ਜ਼ਿਮੀਦਾਰਾਂ ਵੱਲ ਡੁੱਬਦੀ ਰਕਮ ਦਾ ਝੋਰਾ ਨੌਹਰ ਚੰਦ ਨੂੰ ਵੱਢ-ਵੱਢ ਖਾਂਦਾ ਰਹਿੰਦਾ ਸੀ। "ਕੇਸ ਠੋਕਾਂਗੇ....... ਖਾਲੀ ਪਰਨੋਟ ਤੇ ਜ਼ਮੀਨ ਦੇ ਨੰਬਰ ਆਪਣੇ ਕੋਲ ਨੇ ...... ਪੈਸੇ ਤਾਂ .... ਉਹ ਕੀ ਉਹਦੇ ਵਡੇਰੇ ਵੀ ਦੇਣਗੇ.......।"

"ਨੌਂਹ ਮਾਸ ਦਾ ਰਿਸ਼ਤੈ, ਓਏ ਸੁਰੇਸ਼ .... ਜੱਟ ਤੇ ਬਾਣੀਏ ਦਾ .... ਤੂੰ ਭਾਈ ਜਾਗਰ ਕਿਆਂ ਨੂੰ ਨਾ ਘਸੀਟ ਕਚਹਿਰੀ 'ਚ ...... ਹੋਰ ਜਿਮੇਂ ਮਰਜ਼ੀ ਕਰ.........।"

"ਬਾਈ! ਜਾਗਰ ਕਿਆਂ ਨਾਲ ਤਾਂ ਪੈਸੇ ਆਉਣਗੇ........ ਜੇ ਉਹ ਸਿੱਟ ਲੇ ਤਾਂ ਸਮਝ ਲੈ ਸਾਰਾ ਪਿੰਡ ਜਿਵੇਂ ਸੋਡਾ ਖੂਸ ਹੋ ਗਿਆ ਫੂਸ........।"

ਤੇ ਫਿਰ ਨੌਹਰ ਚੰਦ ਅਤੇ ਜਾਗਰ ਦਾ ਪਿਆਰ ਫੂਸ ਦੀ ਅੱਗ ਵਾਂਗ ਮਚ ਗਿਆ। ਰਹਿ ਗਿਆ ਸੁਰੇਸ਼ ਤੇ ਬਖਸ਼ੀਸ਼ ਦਾ ਕਚਿਹਰੀ 'ਚ ਚਲਦਾ ਝਗੜਾ........।

ਤਰੀਕਾਂ ਪੈਣ ਲੱਗੀਆਂ। ਫੌਜਦਾਰੀ ਅਤੇ ਦੀਵਾਨੀ ਮੁਕੱਦਮਿਆਂ ਦੀਆਂ ਜਦ ਤਰੀਕਾਂ ਪੈਣ ਲੱਗ ਜਾਣ ਤਾਂ ਸਾਹ ਨਹੀਂ ਲੈਣ ਦਿੰਦੀਆਂ।

ਉਸ ਦਿਨ ਬਖਸ਼ੀਸ਼ ਨੂੰ ਵਕੀਲ ਨੇ ਹੀ ਸਾਹ ਪਿਆਇਆ ਸੀ, "ਤੂੰ ਬਖਸ਼ੀਸ਼ ਸਿਹਾਂ ਲੱਖ ਰੁਪੈ ਦਾ ਪ੍ਰਬੰਧ ਕਰ ਲੈ........ ਜੱਜ ਦਾ ਕੁੜਮ ਚੇਅਰਮੈਨ ਐ ਬਲਾਕ ਸੰਮਤੀ ਦਾ ਤੇ ਮੇਰਾ ਸਾਲਾ ਉਥੇ ਬੀ.ਡੀ.ਓ. ਐ ...... ਸਮਝ ਗਿਆ।

"ਹਾਂ ਜੀ .... ਸਮਝ ਗਿਆ......," ਕਹਿਣ ਨੂੰ ਤਾਂ ਬਖਸ਼ੀਸ਼ ਕਹਿ ਗਿਆ। ਪਰ ਉਹ ਕੁੜਮ-ਸਾਲਾ, ਬੀ.ਡੀ. ਓ. ਚੇਅਰਮੈਨ ਦੇ ਚੱਕਰਵਿਊ ਵਿਚ ਫਸਿਆ ਕੁਝ ਨਾ

ਸਮਝਿਆ।

"ਜੇ ਸਮਝ ਗਿਆਂ ਤਾਂ ਕੇਸ ਆਪਣੇ ਹੱਕ 'ਚ ਸਮਝ.......।"

ਵਕੀਲ ਦੀ ਹੱਲਾਸ਼ੇਰੀ ਸਦਕਾ ਹੀ ਬਖਸ਼ੀਸ਼ ਨੇ ਤਿੰਨ ਕਿੱਲੇ ਇਕ ਲੱਖ 'ਚ ਗਹਿਣੇ ਦੇਣ ਦਾ ਸੌਦਾ ਬਿਸਵੇਦਾਰ ਨਾਲ ਕਰ ਲਿਆ ਸੀ। ਪਿੰਡ ਵਿਚ ਗਹਿਣੇ ਬੈਅ ਵਾਲੀ ਜ਼ਮੀਨ ਦਾ ਖਰੀਦ ਸਿਰਫ਼ ਬਿਸਵੇਦਾਰ ਹੀ ਸੀ। ਮੁਜ਼ਾਰਿਆਂ ਤੋਂ ਕਿਸਾਨ ਬਣੇ, ਬਖਸ਼ੀਸ਼ ਵਰਗੇ ਜ਼ਮੀਨ ਬੈਅ ਗਹਿਣੇ ਕਰ ਰਹੇ ਸਨ। ਫਿਰ ਹਲ-ਵਾਹਕ ਬਣ ਰਹੇ ਸਨ।

ਜ਼ਮੀਨ ਦਾ ਇਕਰਾਰ-ਨਾਮਾ ਕਰ ਬਖਸ਼ੀਸ਼ ਹੌਸਲੇ ਨਾਲ ਨੌਂ ਵਾਲੀ ਬੱਸ ਚੜ੍ਹਿਆ ਸੀ।

ਕਚਹਿਰੀ ਜਾਂਦਿਆਂ ਹੀ ਬਖਸ਼ੀਸ਼ ਨੂੰ ਸਾਰੀ ਕਹਾਣੀ ਪੁੱਠੀ ਪੈਂਦੀ ਜਾਪੀ। ਵਕੀਲ ਉਸਨੂੰ ਲੈ ਕੇ ਪਿਆ। "ਯਾਰ ਤੁਸੀਂ ਰੋਟੀ ਕਿਵੇਂ ਹਜ਼ਮ ਕਰਦੇ ਹੋਂ? ਤੂੰ ਮਾਂ ਦੇ ਢਿੱਡ 'ਚ ਨੌਂ ਮਹੀਨੇ ਕਿਵੇਂ ਕਰਕੇ ਰਿਹਾ........। ਤੂੰ ਤਾਂ ਯਾਰ ਸਾਰਾ ਗੁੜ ਗੋਬਰ ਕਰਤਾ.......।"

ਬਖਸ਼ੀਸ਼ ਨੂੰ ਕੋਈ ਸਮਝ ਨਾ ਪਈ ਕਿ ਕੀ ਹੋ ਗਿਆ?

"ਤੂੰ ਆਵਦਾ ਲਿਫਾਫਾ ਜਿਹਾ ਚੁੱਕ...... ਜਾਹ ਮੇਰੇ ਫੱਟੇ ਤੋਂ........।" ਵਕੀਲ ਦਾ ਗੁੱਸਾ ਘੱਟ ਨਹੀਂ ਹੋਇਆ।

"ਵਕੀਲ ਸਾਹਿਬ .... ਗੱਲ ਤਾਂ ਦੱਸੋਂ .... ਕੀ ਹੋ ਗਿਆ?"

"ਗੱਲ ਕੀ ਸੁਆਹ ਤੇ ਖੇਹ .... ਤੂੰ ਤਾਂ ਡੌਂਡੀ ਪਿੱਟਤੀ .... ਉਤੋਂ ਸਰਕਾਰ ਪਤੈ ਕੀਹਦੀ ਐ......... ਵਿਜੀਲੈਂਸ ਤੋਂ ਮੈਨੂੰ ਅੰਦਰ ਕਰਾਏਂਗਾ .... ਰਿਸ਼ਵਤ ਦੇਣ ਦੇ ਕੇਸ 'ਚ........।"

ਵਕੀਲ ਅਜੇ ਬੋਲ ਰਿਹਾ ਸੀ ਕਿ ਬਖਸ਼ੀਸ਼ ਨੇ ਵੇਖਿਆ ਕਿ ਬਿਸਵੇਦਾਰ ਅਤੇ ਸੁਰੇਸ਼ ਬਾਂਸਲ ਇਕੋ ਕਾਰ 'ਚੋਂ ਉਤਰੇ ਸਨ। ਸਿੱਧੇ ਜੱਜ ਦੇ ਦਫ਼ਤਰ 'ਚ ਗਏ ਸਨ।

ਬਖਸ਼ੀਸ਼ ਠੱਗਿਆ ਹੋਇਆ ਮਹਿਸੂਸ ਕਰਦਾ ਬੇਸ਼ਰਮਾ ਵਾਂਗ ਵਕੀਲ ਦੇ ਫੱਟੇ 'ਤੇ ਬੈਠਾ ਰਿਹਾ। ਵਕੀਲ ਵਲੋਂ ਕੀਤੀ ਲਾਹ-ਪਾਹ ਨੇ ਉਸਦਾ ਅੰਦਰ ਵਲੂੰਧਰ ਦਿੱਤਾ। ਸੁਰੇਸ਼ ਬਾਂਸਲ ਦਾ ਖਿੜਿਆ ਚਿਹਰਾ (....?......................)

"ਬਖਸ਼ੀਸ਼ ਸਿਆਂ ਤੇਰਾ ਕੇਸ ਤਾਂ ਗਿਆ ਬਈ......", ਜੱਜ ਦੇ ਸਟੈਨੋ ਨੇ ਤੁਰੇ ਜਾਂਦੇ ਬਖਸ਼ੀਸ਼ ਨੂੰ ਰੋਕ ਕੇ ਕਿਹਾ। ਸਟੈਨੋ ਗਮਦੂਰ ਦੇ ਸਹੁਰਿਆਂ ਤੋਂ ਸੀ, ਉਹ ਇਸ ਕਰਕੇ ਬਖਸ਼ੀਸ਼ ਨਾਲ ਲਿਹਾਜ਼ ਰੱਖਦਾ ਸੀ। ਬਖਸ਼ੀਸ਼ ਦੇ ਚਿਹਰੇ ਦਾ ਬਦਲਦਾ ਰੰਗ ਵੇਖ ਕੇ ਸਟੈਨੋ ਫਿਰ ਬੋਲਿਆ, 'ਬਾਣੀਆਂ ਦੀ ਗਿੱਟ ਮਿੱਟ ਹੋਗੀ ਜੱਜ ਨਾਲ ....।"

"ਸੱਅਚ......"

"ਸੋਲਾਂ ਆਨੇ ....।"

ਬਖਸ਼ੀਸ਼ ਨੇ ਅਰਦਲੀ ਦੀ ਆਵਾਜ਼ ਵੀ ਨਾ ਉਡੀਕੀ। ਸ਼ਰਾਬ ਦੀ ਬੋਤਲ ਉਸ ਕਚਿਹਰੀਆਂ ਵਾਲੇ ਠੇਕੇ ਤੋਂ ਹੀ ਲੈ ਲਈ। ਉਹ ਆਂਡਿਆਂ ਵਾਲੀ ਰੇਹੜੀ 'ਤੇ ਜਾ ਖੜਾ। ਮਿੱਟੀ ਘੱਟ ਨਾਲ ਭਰੇ ਇਕ ਤੇਜ਼ ਵਰੋਲੇ ਨੇ ਬਖਸ਼ੀਸ਼ ਨੂੰ ਆਪਣੀ ਲਪੇਟ ਵਿਚ ਲੈ ਲਿਆ। ਵਰੋਲੇ 'ਚ ਉੱਡਦੇ ਫਿਰਦੇ ਕਿੰਨੇ ਸਾਰੇ ਪਲਾਸਟਿਕ ਦੇ ਲਿਫਾਫੇ ਬਖਸ਼ੀਸ਼ ਦੇ ਵਿਚ ਆ ਵੱਜੇ। ਇਸ ਤੋਂ ਵੀ ਤੇਜ਼ ਵਾ-ਵਰੋਲੇ ਬਖਸ਼ੀਸ਼ ਦੇ ਦਿਮਾਗ ਵਿਚ ਘੁੰਮ ਰਹੇ ਸਨ। ਲਿਫਾਫਿਆਂ ਅਤੇ ਮਿੱਟੀ-ਘੱਟ ਵਾਂਗ ਅਨੇਕਾਂ ਵਿਚਾਰ ਇਕ ਦੂਜੇ ਨਾਲ ਗੁੱਥਮ-ਗੁੱਥਾ ਹੋ ਰਹੇ ਸਨ। ਜੱਜ-ਸੁਰੇਸ਼ ਬਾਂਸਲ- ਕਰਜ਼ਾ- ਬੈਂਕ ਦੀਆਂ ਕਿਸ਼ਤਾਂ-ਵਧਦੀ ਰਕਮ-ਕੁਰਕੀ-ਬਿਸਵੇਦਾਰ-

ਗਹਿਣੇ ਹੋ ਰਹੀ ਜ਼ਮੀਨ- ਸ਼ਬਦ ਜ਼ਿਹਨ 'ਚ ਨੱਚ ਰਹੇ ਸਨ।

ਪੌਣੀ ਬੋਤਲ ਪੀ ਬਖਸ਼ੀਸ਼ ਸਟੇਸ਼ਨ ਲੰਘ ਗਿਆ। ਧਰਤੀ ਪੱਟਦੀ ਆਉਂਦੀ ਮਾਲ ਗੱਡੀ ਹੇਠ ਬਖਸ਼ੀਸ਼ ਨੇ ਸਿਰ ਜਾ ਦਿੱਤਾ। ਬਖਸ਼ੀਸ਼ ਦੀ ਦੇਹ ਦਾ ਤਿੰਨ ਥਾਂ ਤੋਂ ਕੁਤਰਾ ਹੋ ਗਿਆ। ਸਰੀਰ ਦੇ ਤਿੰਨ ਟੋਟੇ ਹੋ ਗਏ - ਭਾਰਤ-ਪਾਕਿਸਤਾਨ-ਬੰਗਲਾਦੇਸ਼ ਵਾਂਗ.......।

"ਤੈਨੂੰ ਐਂ ਸਿਰ ਸਿੱਟੇ ਤਾਂ ਨੀਂ ਸਰਨਾ ਗੁਰੀ.........," ਸੱਥਰ 'ਤੇ ਬੈਠੇ ਸਭ ਬੰਦੇ ਉਠ ਕੇ ਚਲੇ ਗਏ ਸਨ। ਜਾਗਰ ਨੇ ਵੇਖਿਆ ਗਮਦੂਰ ਢੇਰੀ ਢਾਈ ਬੈਠਾ ਹੈ।

"ਮੈਂ ਕੀ ਕਰਾਂ ਬਾਬਾ.........?" ਗਮਦੂਰ ਨੂੰ ਸਾਰੀ ਸਿਆਸਤ ਭੁੱਲ ਗਈ ਸੀ। ਜ਼ਿਲ੍ਹਾ ਜੱਥੇਦਾਰ ਅਤੇ ਐੱਮ.ਐੱਲ.ਏ. ਘਰ ਗੇੜਾ ਤਾਂ ਮਾਰ ਗਏ ਸਨ। ਗਮਦੂਰ ਨੂੰ ਕਿਸਾਨ ਯੂਨੀਅਨ ਤੋਂ ਦੂਰ ਰਹਿਣ ਦਾ ਹੁਕਮ ਵੀ ਚਾੜ੍ਹ ਗਏ ਸਨ।

"ਤੂੰ ਤਰੀਕ ਦਾ ਪਤਾ ਕਰ ਸ਼ੇਰਾ ...... ਆੜ੍ਹਤੀਆਂ ਆਲ਼ੀ ਦਾ......... ਸ਼ੈਤ ਫੈਸਲੇ ਦੀ ਤਰੀਕ ਐ......।"

"ਆਹੋ ਤਾਇਆ ਤਰੀਕ ਤਾਂ ਫੈਸਲੇ ਦੀ ਐ......... ਮੈਂ ਵੀ ਸੁਣਿਐ.........," ਮੇਜਰ ਪਾਧੜੇ ਨੇ ਸੱਥਰ 'ਤੇ ਬੈਠਦਿਆਂ ਹਾਮੀ ਭਰੀ।

"ਤੂੰ ਭਾਈ ਤੜਕੇ ਜਾਹ ਮੰਡੀ...... ਭੋਗ ਦਾ ਸੀਧਾ ਪੱਤਾ....... ਨਾਲੇ ਤਰੀਕ ਦਾ ਪਤਾ ਕਰੀਂ.......," ਜਾਗਰ ਨੇ ਕਿਹਾ। ਉਸ ਗਮਦੂਰ ਦੇ ਚਿਹਰੇ ਦਾ ਬਦਲਦਾ ਰੌਂਅ ਤਾੜ ਲਿਆ।

"ਚੰਗਾ ਬਾਬਾ ਜੀ, ਮੈਂ ਜਾਊਂ.........," ਗਮਦੂਰ ਉਠਦਾ ਬੋਲਿਆ, "ਲਓ ਦਰੀਆਂ ਕੱਠੀਆਂ ਕਰਦੀਏ ਦਿਨ ਛਿਪ ਗਿਆ..........।"

ਤੇ ਫਿਰ ਦੂਜਾ ਦਿਨ ਚੜ੍ਹ ਗਿਆ। ਗਮਦੂਰ ਵੀ ਨੌਂ ਵਾਲੀ ਬੱਸ ਚੜ੍ਹ ਗਿਆ। ਕਚਹਿਰੀ 'ਚ ਵਕੀਲ ਚਹਿਕ ਕੇ ਬੋਲਿਆ, "ਗਮਦੂਰ ਸਿੰਘ ਆਪਾਂ ਕੇਸ ਜਿੱਤ ਸਕਦੇ ਹਾਂ......।"

"ਉਹ ਕਿਵੇਂ ਜੀ........।"

"ਬਖਸ਼ੀਸ਼ ਦਾ ਡੈੱਥ ਸਰਟੀਫਿਕੇਟ ਲਿਆ ਫੌਰਨ .... ਜੱਜ ਦੇ ਅਪਲਾਈ ਕਰ ਦਿਆਂਗੇ .... ਮੇਰੇ ਕਲਾਂਈਟ ਦੀ ਡੈੱਥ ਹੋ ਗਈ........ ਤੂੰ ਸਰਟੀਫਿਕੇਟ ਲਿਆ......।"

"ਉਹ ਕਿੱਥੋਂ ਮਿਲੂ ਜੀ.......," ਬੀ.ਏ. ਪਾਸ ਗਮਦੂਰ ਸਭ ਕੁਝ ਭੁੱਲਿਆ ਬੈਠਾ ਸੀ।

"ਕਮੇਟੀ 'ਚੋਂ ਮਿਲੂ........ ਹਸਪਤਾਲ ਵਾਲਿਆਂ ਨੇ ਕਮੇਟੀ 'ਚ ਦਰਜ ਕਰਾਇਆ ਹੋਊ..... ਤੂੰ ਮਿਊਂਸਪਲ ਕਮੇਟੀ ਦੇ ਦਫ਼ਤਰ ਜਾਹ ਤੇ ਸਰਟੀਫਿਕੇਟ ਫੜ ਲਿਆ........।

ਗਮਦੂਰ ਕਚਹਿਰੀ ਤੋਂ ਤੁਰ ਪਿਆ। 'ਜਾਣ ਸਾਰ ਸਰਟੀਫਿ
ਲਿਆਉਣਾ........," ਉਸ ਸੋਚਿਆ। ਗਮਦੂਰ ਪਿੰਡ ਦੇ ਲੋਕਾਂ ਦੇ
ਰਹਿੰਦਾ ਸੀ। ਦਫ਼ਤਰਾਂ ਨਾਲ ਉਸਦਾ ਵਾਹ ਪੈਂਦਾ ਰਹਿੰਦਾ ਸੀ
ਸੀ। 'ਹੁਣ ਲੈ ਆਉਨਾ......," ਸੋਚਦਾ ਜਾਂਦਾ ਗਮ

ਹੋਣ ਵੀ ਇਉਂ ਹੀ ਲੱਗਾ ਸੀ। ਸਰਟੀ
ਕਿਹਾ ਸੀ, "ਕਾਕਾ ਜੀ ਤੁਸੀਂ ਆ
ਜਾਓ...... ਮੈਂ ਦਸਤਖਤ
ਐ ਲਾਸ਼ ਬੁਆੜੇ

ਦੂਜੇ ਦਿਨ ਗਮਦੂਰ ਕਮੇਟੀ ਦਫ਼ਤਰ ਗਿਆ ਤਾਂ ਫੈਸਲੇ ਦੀ ਤਰੀਕ ਵਿਚ ਦੋ ਦਿਨ ਬਾਕੀ ਸਨ। ਫੈਸਲੇ ਦਾ ਸਮਾਂ ਉਸ ਮਾਲ ਗੱਡੀ ਵਾਂਗ ਦਹਾੜਦਾ ਆ ਰਿਹਾ ਸੀ, ਜਿਸਨੇ ਉਸਦਾ ਬਾਪ ਨਿਗਲਿਆ ਸੀ। ਗਮਦੂਰ ਸਰਟੀਫਿਕੇਟ ਲੈਣ 'ਚ ਉਲਝ ਕੇ ਘਰ ਸੱਥਰ ਭੁੱਲ ਗਿਆ ਸੀ। ਸੱਥਰ 'ਤੇ ਜਾਗਰ ਬੈਠਦਾ ਜਾਂ ਫਿਰ ਛੋਟਾ ਬਿੰਦਰ। ਬਿੰਦਰ ਦੇ ਦੋਸਤ ਹਰਦਮ ਹਾਜ਼ਰ ਰਹਿੰਦੇ.........।

ਬਿੰਦਰ ਈ.ਟੀ.ਟੀ. ਕਰਕੇ ਵਿਹਲਾ ਸੀ। ਪਰ ਉਹ ਘਰ ਵਿਹਲਾ ਨਾ ਬੈਠਾ। ਪਿੰਡ ਦੇ ਛਿਪਦੇ ਪਾਸੇ ਪੁਰਾਣਾ ਆਵਾ ਸੀ। ਹੁਣ ਆਵਾ ਬੇਆਬਾਦ, ਸੁਆਹ ਦਾ ਢੇਰ ਬਣਿਆ ਪਿਆ ਸੀ। ਜਦੋਂ ਕਦੇ ਪੱਛੋਂ ਦੀ ਹਨੇਰੀ ਚੱਲਦੀ ਤਾਂ ਆਵੇ ਦੀ ਸੁਆਹ ਸਾਰੇ ਪਿੰਡ 'ਤੇ ਪਸਰ ਜਾਂਦੀ। ਆਵੇ ਦੇ ਨਾਲ ਪਾਂਡੂ ਮਿੱਟੀ ਦਾ ਟੋਆ ਸੀ। ਲੋਕ ਘਰ ਲਿੱਪਣ ਲਈ ਪਾਂਡੂ ਮਿੱਟੀ ਲੈ ਜਾਂਦੇ। ਟੋਆ ਹੋਰ ਡੂੰਘਾ ਹੋਈ ਜਾਂਦਾ। ਮੀਹਾਂ ਦੇ ਪਾਣੀ ਨਾਲ ਟੋਆ ਭਰ ਜਾਂਦਾ। ਨਾਲ ਦੀ ਪਹੀ ਰੋਕ ਲੈਂਦਾ।

ਬਿੰਦਰ ਤੇ ਉਸਦੇ ਕੁਝ ਦੋਸਤਾਂ ਨੇ ਆਵੇ ਦੀ ਸੁਆਹ ਨਾਲ ਟੋਆ ਭਰਨ ਦਾ ਬੀੜਾ ਚੁੱਕ ਲਿਆ। ਟਰੈਕਟਰ ਮਗਰ ਕਰਾਹ ਜੋੜ ਲਏ.......।

"ਸ਼ਾਬਾਸ਼ੇ ਜੁਆਨੋ........ ਆਹ ਕੋਹੜ ਤਾਂ ਕੱਢੋ ਪਿੰਡ 'ਚੋਂ ...... ਸੁਆਹ ਪੈਂਦੀ ਸੀ ਸਿਰਾਂ 'ਚ....." ਸਭ ਤੋਂ ਪਹਿਲ ਹੱਲਾ-ਸ਼ੇਰੀ ਜਾਗਰ ਨੇ ਦਿੱਤੀ ਸੀ।

"ਵੇਹਲੀ ਰੰਨ ਪ੍ਰਾਹੁਣਿਆਂ ਜੋਗੀ...... ਦਾਦਾ ਪੋਤਾ ਏਹਨਾਂ ਕੰਮਾਂ 'ਤੇ ਹੋਗੇ.....", ਬਿਸਵੇਦਾਰਾਂ ਦੇ ਕਰਨ ਨੇ ਸੱਥ 'ਚ ਬੈਠੇ ਬੰਦਿਆਂ ਨੂੰ ਸੁਣਾ ਕੇ ਕਿਹਾ ਸੀ।

ਪਰ ਬਿੰਦਰ ਹੁਰਾਂ ਨੇ ਆਵਾ ਪੱਧਰਾ ਕਰਕੇ ਦਮ ਲਿਆ। ਪਰ ਟੋਆ ਅਜੇ ਪੂਰਾ ਨਹੀਂ ਸੀ ਭਰਿਆ ਪਰ ਅੱਧਿਓਂ ਵੱਧ ਹੋ ਗਿਆ ਸੀ।

"ਹੁਣ ਸ਼ੇਰੋ, ਕਿਸੇ ਦਾ ਟਿੱਬਾ ਲਿਆ ਸੁੱਟੋ ਟੋਏ 'ਚ...... ਸੌਣ 'ਚ ਝਿਰੀ ਲੈ ਲਿਓ ਕਿਸੇ ਦੇ ਖੇਤ......"

"ਚੰਗਾ ਬਾਬਾ! ...... ਚੁੱਕ ਫੱਟ ਦਿਆਂਗੇ..........," ਸਾਰੇ ਮੁੰਡਿਆਂ ਦੇ ਚਿਹਰੇ 'ਤੇ ਆਸਾਂ ਦੇ ਦੀਪਕ ਜਗਮਗਾ ਰਹੇ ਸਨ।

ਪਰ ਜਦ ਦੂਜੇ ਦਿਨ ਗਮਦੂਰ ਕਮੇਟੀ ਦਫ਼ਤਰ ਗਿਆ ਤਾਂ ਉਸਦਾ ਆਸਾਂ ਦਾ ਦੀਪਕ ਬੁਝੂੰ ਬੁਝੂੰ ਕਰਨ ਲੱਗਾ। ਉਸ ਵੇਖਿਆ ਜਨਮ-ਮੌਤ ਵਾਲਾ ਬਾਬੂ ਸੀਟ 'ਤੇ ਨਹੀਂ ਸੀ। ਪਤਾ ਕੀਤਾ। ਉਹ ਛੁੱਟੀ 'ਤੇ ਸੀ। ਗਮਦੂਰ ਮਿਊਂਸੀਪਲ ਕਮੇਟੀ ਦੇ ਪ੍ਰਧਾਨ ਨੂੰ ਮਿਲਿਆ।

"ਜਦੋਂ ਬਾਬੂ ਈ ਛੁੱਟੀ 'ਤੇ ਹੈ...... ਕੀ ਹੋ ਸਕਦੈ...... ਤੁਸੀਂ ਕੱਲ੍ਹ ਨੂੰ ਆਇਓ ......" ਇਹ ਕਹਿੰਦਾ ਪ੍ਰਧਾਨ ਖਚਰਾ ਹਾਸਾ ਹੱਸਿਆ। ਗਮਦੂਰ ਨੇ ਵੇਖਿਆ ਪ੍ਰਧਾਨ ਦੇ ਦਫ਼ਤਰ ਵਿਚ ਜ਼ਿਲ੍ਹਾ ਜਥੇਦਾਰ ਨਾਲ ਪ੍ਰਧਾਨ ਦੀ ਵੱਡੇ ਸਾਈਜ਼ ਦੀ ਤਸਵੀਰ ਲੱਗੀ ਹੋਈ ਸੀ। ਜਿਸ ਵਿਚ ਦੋਵਾਂ ਦੇ ਪਿੱਛੇ ਖੜ੍ਹਾ ਸੁਰੇਸ਼ ਬਾਂਸਲ ਮੁਸਕਰਾ ਰਿਹਾ ਸੀ। ਗਮਦੂਰ ਕਮਰੇ 'ਚੋਂ ਬਾਹਰ ਆਇਆ ਤੇ ਭਾਰੇ ਕਦਮੀਂ ਬੱਸ ਅੱਡੇ ਨੂੰ ਤੁਰ ਪਿਆ।

ਅਗਲੇ ਦਿਨ ਗਮਦੂਰ ਫਿਰ ਮਿਊਂਸਪਲ ਕਮੇਟੀ ਦੇ ਦਫ਼ਤਰ ਗਿਆ। ਸਵੇਰ ਦੇ ਨੌਂ ਵੱਜੇ ਹੀ ਸੂਰਜ ਦਾ ਗੋਲਾ ਅੱਗ ਵਰਾਹ ਰਿਹਾ ਸੀ। ਉਸ ਸ਼ੁਕਰ ਮਨਾਇਆ। ਬਾਬੂ ਸੀਟ 'ਤੇ ਬੈਠਾ ਸੀ। ਅੱਜ ਕਚਹਿਰੀ ਵਿਚ ਫੈਸਲੇ ਦੀ ਤਰੀਕ ਸੀ। ਗਮਦੂਰ ਨੂੰ ਪੂਰਨ ਆਸ ਸੀ ਕਿ

ਉਹ ਆਪਣੇ ਬਾਪ ਦਾ ਡੈੱਥ ਸਰਟੀਫਿਕੇਟ ਲੈ ਕੇ ਫੈਸਲਾ ਰੁਕਵਾ ਲਵੇਗਾ। ਵਕੀਲ ਨੇ ਉਸਨੂੰ ਵਿਸ਼ਵਾਸ ਦਿੱਤਾ ਸੀ, "ਇਕ ਵਾਰ ਡੈੱਥ ਸਰਟੀਫਿਕੇਟ ਲਿਆ......... ਕੇਸ ਪੋਸਟਪੋਨ ਕਰਾਉਣਾ ਮੇਰਾ ਜ਼ੁੰਮਾਂ...... ਪੋਸਟਪੋਨ ਕੀ ਆਪਾਂ ਕੇਸ ਜਿੱਤਾਂਗੇ..........।"

ਬਾਬੂ ਬੈਠਾ ਦੇਖ ਗਮਦੂਰ ਨੂੰ ਫੈਸਲਾ ਆਪਣੇ ਹੱਕ ਵਿਚ ਹੁੰਦਾ ਜਾਪਿਆ.........

"ਬਾਬੂ ਜੀ ਬਣ ਗਿਆ ਸਰਟੀਫਿਕੇਟ.......।"

"ਹਾਂ ਜੀ ਤਿਆਰ ਐ.... ਸਾਹਿਬ ਦੇ ਦਸਤਖਤ ਰਹਿਗੇ....।"

"ਆਉਣਗੇ ਸਾਹਿਬ........।"

"ਕੀ ਕਹਿ ਸਕਦੇ ਆਂ ...... ਸਾਹਿਬ ਮਾਲਕ ਨੇ, ਆਪਾਂ ਤਾਂ ਹੁਕਮ ਦੇ ਗੁਲਾਮ ਆਂ......." ਬਾਬੂ ਖੁਸ਼ ਮੂਡ 'ਚ ਸੀ।

ਗਮਦੂਰ ਉਡੀਕਣ ਲੱਗਾ। ਉਸਨੂੰ ਝੋਰਾ ਖਾ ਰਿਹਾ ਸੀ। ਉਧਰ ਕਚਹਿਰੀ ਦਾ ਵਕਤ ਬੀਤਦਾ ਜਾਂਦਾ ਸੀ। ਉਸਦੀਆਂ ਤਲੀਆਂ 'ਚੋਂ ਸੇਕ ਨਿਕਲ ਰਿਹਾ ਸੀ। ਦਿਮਾਗ ਵਿਚ ਵਿਚਾਰ ਹਵਾਈ ਜਹਾਜ਼ ਦੀ ਗਤੀ ਨਾਲੋਂ ਵੀ ਤੇਜ਼ ਉਡ ਰਹੇ ਸਨ। ਉਸ ਘੜੀ ਵੇਖੀ। ਸਾਢੇ ਗਿਆਰਾਂ ਵੱਜ ਚੁੱਕੇ ਸਨ। ਅਦਾਲਤ ਦਾ ਸਮਾਂ ਬੀਤਣ ਵਾਲਾ ਸੀ। ਵਕੀਲ ਦਾ ਵਾਰ-ਵਾਰ ਮੋਬਾਈਲ ਫੋਨ ਆ ਰਿਹਾ ਸੀ। ਉਹ ਧੁਸ ਦੇ ਕੇ ਪ੍ਰਧਾਨ ਦੇ ਕਮਰੇ 'ਚ ਜਾ ਘੁਸਿਆ। ਪ੍ਰਧਾਨ ਲੇਡੀ ਕੌਂਸਲਰਾਂ ਨਾਲ ਗੁਲਾਬ ਜਾਮੁਨ ਖਾ ਰਿਹਾ ਸੀ।

"ਪ੍ਰਧਾਨ ਜੀ, ਈ.ਓ. ਸਾਹਿਬ .... ਮੇਰਾ ਸਰਟੀਫਿਕੇਟ....।"

"ਆਏ ਨੀ ਅਜੇ ਈ.ਓ. ਸਾਹਬ.......।" ਪ੍ਰਧਾਨ ਨੇ ਹੈਰਾਨਗੀ ਨਾਲ ਪੁੱਛਿਆ। ਜਿਵੇਂ ਪਤਾ ਈ ਨਾ ਹੋਵੇ ਕਿਸੇ ਚੀਜ਼ ਦਾ ....।

"ਕਦੋਂ ਆਉਣਗੇ......? ਮੇਰੀ ਕੋਰਟ 'ਚ ਪੇਸ਼ੀ ਐ......... ਮੈਂ ਸਰਟੀਫਿਕੇਟ ਪੇਸ਼ ਕਰਨੈ।"

"ਪਤਾ ਨਹੀਂ ਬਈ ..... ਉਹ ਅਫ਼ਸਰ ਐ .... ਅਫ਼ਸਰਾਂ ਦਾ ਕੋਈ ਟੈਮ ਨੀ ਹੁੰਦਾ........, ਪ੍ਰਧਾਨ ਗੁੱਝਾ ਮੁਸਕਰਾ ਰਿਹਾ ਸੀ। "ਉਹ ਸੱਚ ...... ਈ.ਓ. ਤਾਂ ਡੀ.ਸੀ. ਦੀ ਮੀਟਿੰਗ 'ਚ ਗਿਐ......।"

"ਤਾਂ ਫੇਰ ਮੇਰਾ ਸਰਟੀਫਿਕੇਟ.......?"

"ਉਹ ਤਾਂ ਫਿਰ ਅੱਜ ਬਣਦਾ ਨਈਂ ਗਮਦੂਰ ਸਿਆਂ ....," ਪ੍ਰਧਾਨ ਨੇ ਕਿਹਾ।

ਗਮਦੂਰ ਦੇ ਅੰਦਰ ਸੈਂਕੜੇ ਆਰੇ ਚੱਲ ਗਏ। ...."ਏਹਨੂੰ ਮੇਰੇ ਨਾਂ ਦਾ ਕੀ ਪਤਾ ਹੋਇਆ .... ਸੁਰੇਸ਼ ਬਾਂਸਲ ਦੀ ਫੋਟੂ...... ਜ਼ਿਲ੍ਹਾ ਜਥੇਦਾਰ.......।"

ਗਮਦੂਰ ਨੂੰ ਘੁਮੇਰ ਚੜ੍ਹਨ ਲੱਗੀ। ਉਸਨੂੰ ਲੱਗਿਆ ਉਹ ਘੇਰਿਆ ਗਿਐ.......। ਪ੍ਰਧਾਨ ਦੇ ਦਫ਼ਤਰੋਂ ਨਿਕਲ ਉਸ ਕਾਹਲ਼ੀ-ਕਾਹਲ਼ੀ ਆਟੋ ਲਿਆ। ਕਚਿਹਰੀ ਪੁੱਜਾ। ਕੇਸ ਦਾ ਫੈਸਲਾ ਹੋ ਚੁੱਕਾ ਸੀ। ਜ਼ਮੀਨ ਦੀ ਕੁਰਕੀ ਦੇ ਹੁਕਮ ਹੋ ਗਏ ਸਨ। ਸਭ ਆਸਾਂ ਮੁੱਕ ਗਈਆਂ ਸਨ। "ਆਸਾਂ ਮੁੱਕੀਆਂ ਨਹੀਂ ਗਮਦੂਰ.... ਅਸੀਂ ਤੇਰੇ ਨਾਲ ਆਂ.......... ਜ਼ਮੀਨ ਨਿਲਾਮ ਨਹੀਂ ਹੋਣ ਦਿਆਂਗੇ".........., ਕਿਸਾਨ ਯੂਨੀਅਨ ਦੇ ਪ੍ਰਧਾਨ ਨੇ ਗਮਦੂਰ ਦੇ ਮੋਢੇ 'ਤੇ ਹੱਥ ਆ ਰੱਖਿਆ।

ਬਖਸ਼ੀਸ਼ ਦੇ ਭੋਗ ਦਾ ਦਿਨ ਸੀ। ਟੈਂਟ ਲਗਾ ਦਿੱਤਾ ਸੀ। ਹਲਵਾਈ ਸਾਮਾਨ ਬਣਾ ਰਹੇ ਸਨ.........।

"ਸ਼ਹੀਦ ਕਿਸਾਨ 'ਦੇ ਭੋਗ 'ਤੇ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ.....," ਕਿਸਾਨ ਯੂਨੀਅਨ ਦਾ ਬਿਆਨ ਅਖ਼ਬਾਰਾਂ ਵਿਚ ਵਾਰ-ਵਾਰ ਛਪ ਰਿਹਾ ਸੀ।

"ਸਰਕਾਰ ਨਿਲਾਮੀ ਦੀ ਤਾਰੀਖ਼ ਨਿਸ਼ਚਿਤ ਕਰੇ...... ਅਦਾਲਤ ਦਾ ਫੈਸਲਾ ਲਾਗੂ ਕੀਤਾ ਜਾਵੇ ....", ਆੜ੍ਹਤੀਆ ਐਸੋਸੀਏਸ਼ਨ ਮੰਗ ਕਰ ਰਹੀ ਸੀ। ਆੜ੍ਹਤੀਏ ਅਫ਼ਸਰਾਂ 'ਤੇ ਦਬਾਅ ਪਾ ਰਹੇ ਸਨ।

ਜ਼ਿਲ੍ਹਾ ਪ੍ਰਧਾਨ ਨੇ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਲਏ ਸਨ। ਐਸ.ਐਸ.ਪੀ. ਆਪ ਪਿੰਡ ਦਾ ਚੱਕਰ ਮਾਰ ਗਿਆ ਸੀ।

ਇਕ ਟੈਂਟ ਵਿਚ ਖਾਣ-ਪੀਣ ਦਾ ਸਾਮਾਨ ਲਾ ਦਿੱਤਾ ਸੀ। ਦੂਜੇ ਟੈਂਟ ਵਿਚ ਕੀਰਤਨ ਹੋ ਰਿਹਾ ਸੀ। ਬਿੰਦਰ ਦੇ ਸਾਥੀ ਡਿਊਟੀਆਂ ਸਾਂਭੀ ਖੜ੍ਹੇ ਸਨ। ਗਮਦੂਰ ਨੂੰ ਆਸ ਸੀ ਕਿ 'ਦਲ ਦਾ ਪ੍ਰਧਾਨ ਆਏਗਾ, ਉਸਦੇ ਜ਼ਖਮਾਂ 'ਤੇ ਮੱਲ੍ਹਮ ਲਾਏਗਾ......।" ਕਿਸਾਨ ਯੂਨੀਅਨ ਦੀ ਗੱਲਾਂ ਉਸਦੇ ਸੰਘੋਂ ਨਹੀਂ ਉਤਰਦੀਆਂ ਸਨ। ਗਮਦੂਰ ਸੁਣ ਅਤੇ ਕਰ ਉਨ੍ਹਾਂ ਮੁਤਾਬਿਕ ਰਿਹਾ ਸੀ। ਪਰ ਸੂਬਾ ਪ੍ਰਧਾਨ, ਜ਼ਿਲ੍ਹਾ ਜੱਥੇਦਾਰ ਅਤੇ ਐਮ.ਐਲ.ਏ. ਦੀ ਉਡੀਕ ਕਰ ਰਿਹਾ ਸੀ। ਜਾਗਰ ਇਹ ਵੇਖ, ਮਹਿਸੂਸ ਕਰ ਕੇ ਉਦਾਸ ਹੋ ਰਿਹਾ ਸੀ।

ਗਮਦੂਰ ਵਾਰ-ਵਾਰ ਆਸਵੰਦ ਨਜ਼ਰਾਂ ਨਾਲ ਟੈਂਟ ਦੇ ਗੇਟ ਵੱਲ ਵੇਖ ਰਿਹਾ ਸੀ ਕਿ ਭਾਈ ਜੀ ਨੇ 'ਤੁਮ ਠਾਕੁਰ ਤੁਮ ਪੈ ਅਰਦਾਸ' ਕਰ ਦਿੱਤਾ। ਕਿਸਾਨ ਯੂਨੀਅਨ ਦੇ ਆਗੂਆਂ ਨੇ ਦੇਗ ਵਰਤਾਉਣੀ ਰੋਕ, ਭਾਸ਼ਣ ਸ਼ੁਰੂ ਕਰ ਦਿੱਤੇ। ਗਰਮੀ ਲੋਹੜੇ ਦੀ ਸੀ।

ਗਮਦੂਰ ਨੂੰ ਲੱਗ ਰਿਹਾ ਸੀ ਕਿ ਉਸਦੇ ਗ਼ਮ ਦੂਰ ਨਹੀਂ ਹੋਏ........।

ਜਾਗਰ ਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂ ਵਗ ਰਹੇ ਸਨ।

"ਬਿੰਦਰ ਮੈਂ ਸਵੇਰ ਦਾ ਵੇਖ ਰਿਹਾਂ, ਬਾਬਾ ਜੀ ਨੇ ਕੁਝ ਨਹੀਂ ਖਾਧਾ। ਏਹਨਾਂ ਨੂੰ ਰੋਟੀ ਖਵਾਈਏ ਯਾਰ.....।" ਬਿੰਦਰ ਦੇ ਇਕ ਦੋਸਤ ਨੇ ਕਿਹਾ। ਉਹ ਅਤੇ ਬਿੰਦਰ ਦੋਵੇਂ ਜਾਗਰ ਸਿੰਘ ਨੂੰ ਟੈਂਟ 'ਚੋਂ ਉਠਾ ਕੇ ਲੈ ਆਏ। ਦੋਵਾਂ ਨੇ ਇਕ ਇਕ ਬਾਂਹ ਫੜੀ ਹੋਈ ਸੀ। ਘੋਲਾਂ ਦੇ ਜੇਤੂ ਯੋਧੇ ਜਾਗਰ ਨੂੰ ਤੁਰਨਾ ਮੁਹਾਲ ਹੋਇਆ ਪਿਆ ਸੀ।

ਉਹ ਜਾਗਰ ਨੂੰ ਰੋਟੀ ਵਾਲੇ ਟੈਂਟ 'ਚ ਲੈ ਗਏ। ਜਾਗਰ ਦਾ ਅੰਦਰ ਰੋ ਰਿਹਾ ਸੀ। ਬਖਸ਼ੀਸ਼ ਦਾ ਮਾਸੂਮ ਚਿਹਰਾ ਵਾਰ-ਵਾਰ ਉਸਦੀਆਂ ਅੱਖਾਂ ਅੱਗੇ ਆ ਰਿਹਾ ਸੀ। ਬਿੰਦਰ ਨੇ ਇਕ ਮੇਜ਼ ਤੋਂ ਚਮਚਾ ਤੇ ਪਲੇਟ ਚੁੱਕੇ। ਉਸਦੇ ਸਾਹਮਣੇ ਦਹੀਂ-ਬੂੰਦੀ ਵਾਲਾ ਡੌਂਗਾ ਪਿਆ ਸੀ। ਬਿੰਦਰ ਨੇ ਦੋ ਤਿੰਨ ਕੜਛੀਆਂ ਭਰ ਕੇ ਦਹੀਂ-ਬੂੰਦੀ ਪਲੇਟ ਵਿਚ ਪਾ ਲਈ। ਪਲੇਟ ਜਾਗਰ ਨੂੰ ਜਾ ਫੜਾਈ। ਜਾਗਰ ਨੇ ਜਲਦੀ ਨਾਲ ਚਮਚਾ ਭਰ ਕੇ ਮੂੰਹ 'ਚ ਪਾਇਆ। ਉਸਦਾ ਮੂੰਹ ਖਟਾਸ ਨਾਲ ਭਰ ਗਿਆ।

"ਐਨੀ ਖਟਾਸ। ਐਨੀ ਖਟਾਸ ਕਿੱਥੋਂ ਆ ਗਈ ਭਾਈ........।" ਉਸ ਨੇ ਆਸੇ-ਪਾਸੇ ਵੇਖਿਆ। ਉਸਦੇ ਸਾਹਮਣੇ ਬਿੰਦਰ ਅਤੇ ਉਸਦੇ ਦੋਸਤ ਕੰਮ ਕਰਦੇ ਫਿਰਦੇ ਸਨ। ਜਾਗਰ ਨੇ ਜ਼ੋਰ ਦੀ ਆਵਾਜ਼ ਦਿੱਤੀ, "ਜਾਹ ਓਏ, ਬਿੰਦਰਾ, ਦੁੱਧ ਦੀ ਬਾਲਟੀ ਭਰ ਲਿਆ....। ਬੂੰਦੀ ਵਾਲੇ ਟੱਬ ਵਿਚ ਉਲੱਦ ਦੇਹ...... ਸਾਰੀ ਖਟਾਸ ਮਰਜੂਗੀ.......।"

ਜਾਗਰ ਦਾ ਗੜ੍ਹਕਵਾਂ ਬੋਲ ਸੁਣ ਕੇ, ਬਿੰਦਰ ਚੱਕਵੇਂ ਕਦਮੀਂ ਦੁੱਧ ਲੈਣ ਤੁਰ ਪਿਆ। ਬਿੰਦਰ ਦੇ ਕਦਮਾਂ ਦੀ ਬਰਕਤ ਵੇਖਣ ਵਾਲੀ ਸੀ........। •

ਪਤਾ :- 27388, ਗਲੀ ਨੰ. 3, ਲਾਲ ਸਿੰਘ ਬਸਤੀ, ਬਠਿੰਡਾ-151001, ਮੋ. 94173-25998

ਕਹਾਣੀਕਾਰ ਰਿਫ਼ਅਤ ਦੀਆਂ ਕਾਵਿ-ਰਚਨਾਵਾਂ

1969 ਵਿਚ ਜਦ ਮੈਂ ਪਾਕਿਸਤਾਨ ਦੀ ਧਾਰਮਿਕ ਯਾਤਰਾ ਉੱਤੇ ਗਿਆ ਤਾਂ ਇਕ ਦਿਨ ਸ਼ਾਮ ਨੂੰ ਇਕ ਸਮਾਗਮ ਵਿਚ ਰਿਫ਼ਅਤ ਨਾਲ ਮੁਲਾਕਾਤ ਹੋਈ। ਉਹਨੀਂ ਦਿਨੀਂ ਰਿਫਅਤ ਨਵੀਂ ਉੱਠਦੀ ਮੁਟਿਆਰ ਕਹਾਣੀਕਾਰ ਸੀ ਤੇ ਉਸ ਦੇ ਕਹਾਣੀ-ਸੰਗ੍ਰਹਿ ਇਕ 'ਓਪਰੀ ਕੁੜੀ' ਨੂੰ ਰਾਈਟਰਜ਼ ਗਿਲਡ ਵਲੋਂ ਪੁਰਸਕਾਰ ਮਿਲਿਆ ਸੀ। ਅਸੀਂ ਸਾਰੇ ਇੱਕ ਸਮਾਗਮ ਵਿਚ ਇਕੱਠੇ ਹੋਏ ਸੀ, ਜਿੱਥੇ ਰਿਫ਼ਅਤ ਨੂੰ ਪੁਰਸਕਾਰ ਮਿਲਣ ਉੱਤੇ ਵਧਾਈਆਂ ਦਿੱਤੀਆਂ ਜਾ ਰਹੀਆਂ ਸਨ।

ਅੱਜ ਕਈ ਦਹਾਕਿਆਂ ਬਾਅਦ ਪਾਕਿਸਤਾਨ ਦੀ ਚੌਥੀ ਯਾਤਰਾ ਸਮੇਂ ਮੈਨੂੰ ਪੰਜਾਬੀ ਦੇ ਨਾਮਵਰ ਪੰਜਾਬੀ ਲੇਖਕ ਇਲਿਆਸ ਘੁੰਮਣ ਵੱਲੋਂ ਰਿਫ਼ਅਤ ਦੇ ਨਵੇਂ ਛਪੇ ਕਹਾਣੀ ਸੰਗ੍ਰਹਿ "ਬੱਤੀ ਵਾਲਾ ਚੌਕ" ਦੀ ਇਕ ਕਾਪੀ ਪ੍ਰਾਪਤ ਹੋਈ ਹੈ। ਹੁਣ ਤੀਕ ਰਿਫ਼ਅਤ ਨੇ ਕਹਾਣੀ ਖੇਤਰ ਵਿਚ ਲੰਮਾ ਸਫਰ ਤੈਅ ਕੀਤਾ ਹੈ ਤੇ ਅੱਜ ਉਹ ਲਹਿੰਦੇ ਪੰਜਾਬ ਦੀ ਸਮਰੱਥ ਕਹਾਣੀ-ਲੇਖਿਕਾ ਬਣ ਚੁੱਕੀ ਹੈ। ਜਿਸ ਦੀਆਂ ਕਹਾਣੀਆਂ ਵਿਚ ਔਰਤ ਜ਼ਾਤ ਦੀਆਂ ਸਮੱਸਿਆਵਾਂ ਨੂੰ ਪ੍ਰਧਾਨਤਾ ਪ੍ਰਾਪਤ ਹੈ। ਆਪਣੇ ਕਹਾਣੀ-ਸੰਗ੍ਰਹਿ ਦੇ ਅਖੀਰਲੇ ਪੰਨਿਆਂ ਵਿਚ ਰਿਫ਼ਅਤ ਨੇ "ਸ਼ਿਅਰੀ ਕਹਾਣੀਆਂ" ਦੇ ਸਿਰਲੇਖ ਹੇਠ ਕੁਝ ਕੁ ਕਾਵਿ ਰਚਨਾਵਾਂ ਛਾਪੀਆਂ ਨੇ, ਜਿਨ੍ਹਾਂ ਨੂੰ ਅਸੀਂ ਪਾਠਕਾਂ ਦੀ ਦਿਲਚਸਪੀ ਲਈ ਛਾਪ ਰਹੇ ਹਾਂ।

(-ਸੰਪਾਦਕ)

1. ਕੂੰਜ ਤੇ ਮੈਂ

ਸੋਚਾਂ ਦੇ ਹੜ੍ਹ ਅੰਦਰ
ਮੈਂ ਚਿਤਾਰਦੀ ਰਹਿੰਦੀ ਆਂ
ਉਹ ਚੋਭਾਂ, ਉਹ ਸੂਲਾਂ, ਉਹ ਗੱਲਾਂ
ਜਿਹੜੀਆਂ ਆਪਣਿਆਂ ਨੇ
ਮੇਰੀ ਝੋਲੀ ਪਾਈਆਂ
ਉਹ ਸੱਟਾਂ, ਉਹ ਦੁੱਖ, ਉਹ ਫੱਟ
ਜਿਹੜੇ ਸਾਕਾਂ ਨੇ ਲਾਏ।
ਪਰ ਡਾਰੋਂ ਵਿਛੜੀ ਕੂੰਜ ਹਾਰ
ਸਖੀਆਂ ਨੂੰ ਲੱਭਦੀ ਰਹੀ
ਮੈਂ ਕੱਲੀ ਬਹਿ ਕੇ
ਸੋਚਾਂ ਦੀ ਡਾਰ ਨਾਲ ਉੱਡਦੀ
ਚਿਤਾਰਦੀ ਰਹਿੰਦੀ ਆਂ
ਇਹ ਆਪਣਿਆਂ ਦੇ ਦੁੱਖ
ਮੇਰੇ ਕੋਲੋਂ ਕਦੋਂ ਵਿਛੜਨੇ? •

2. ਆਪਣੀਆਂ ਸੱਟਾਂ ਆਪਣੇ ਦੁੱਖ

ਬਾਲ ਖੇਡਦੇ ਖੇਡਦੇ ਡਿੱਗ ਪਿਆ
ਮਾਂ ਨੇ ਹਿੱਕ ਨਾਲ ਲਾ ਕੇ ਆਖਿਆ
'ਨਾ ਰੋ ਮੇਰੇ ਲਾਲ
ਤੂੰ ਨਹੀਂ ਜਾਣਦਾ
ਤੇਰੇ ਡਿੱਗਣ ਨਾਲ
ਸ਼ੁਹਦੀ ਕੀੜੀ ਦਾ ਆਟਾ ਡੁੱਲ੍ਹ ਪਿਆ ਏ"
ਬਾਲ ਚੁੱਪ ਕਰਕੇ ਗਿੱਲੀਆਂ ਅੱਖਾਂ ਦੇ ਨਾਲ
ਕੀੜੀ ਤੇ ਆਟਾ ਲੱਭਣ ਲੱਗ ਪਿਆ
ਤੇ ਮੇਰਾ ਜੀ ਕੀਤਾ
ਏਸ ਬਾਲ ਨੂੰ ਆਖਾਂ
ਸਾਰੀ ਹਯਾਤੀ
ਸੱਟਾਂ ਖਾਂਦਿਆਂ ਲੰਘ ਗਈ ਏ
ਪਰ ਡੁੱਲ੍ਹੇ ਆਟੇ ਵਾਲੀ ਕੀੜੀ
ਮੈਨੂੰ ਕਿਧਰੇ ਨਜ਼ਰ ਨਹੀਂ ਆਈ •

3. ਟੀ.ਵੀ. ਦਾ ਧੂੰਆਂ

ਘਰ ਵਿਚ ਇਕ ਪਸਾਰ ਹੁੰਦਾ ਸੀ
ਤੇ ਇਕ ਵਿਹੜਾ
ਵਿਹੜਾ ਗਰਮੀਆਂ ਵਿਚ ਕੰਮ ਆਉਂਦਾ
ਤੇ ਪਸਾਰ ਸਿਆਲ ਦੀਆਂ ਰਾਤਾਂ ਵਿਚ
ਮੀਂਹ ਕਣੀ ਵਿਚ
ਚਾਵਾਂ ਚੁੱਲ੍ਹਾ ਅੰਦਰ ਰੱਖ ਲਈਦਾ ਸੀ
ਉਹਦਾ ਧੂੰਆਂ ਸਾਰੇ ਅੰਦਰ ਭਰ ਜਾਂਦਾ
ਘਰ ਨਿੱਘਾ ਹੋ ਜਾਂਦਾ।
ਪਰ ਸਾਰੇ ਟੱਬਰ ਦੀਆਂ ਅੱਖੀਆਂ
ਗਿੱਲੀਆਂ ਹੋ ਜਾਂਦੀਆਂ
ਹੁਣ ਸਾਰਾ ਟੱਬਰ ਟੀ.ਵੀ. ਲਾਂਜ ਵਿਚ ਬਹਿੰਦਾ ਏ
ਟੀ.ਵੀ. ਵੇਖਦਾ ਏ
ਅੱਖੀਆਂ ਦਾ ਨੂਰ ਹੁਣ ਵੀ ਖੁਰਦਾ ਏ
ਚੁੱਲ੍ਹੇ ਦੇ ਧੂੰਏਂ ਨਾਲ ਨਹੀਂ
ਟੀ.ਵੀ. ਦੇ ਚਾਨਣ ਨਾਲ। •

4. ਕਾਲੀਆਂ ਇੱਟਾਂ ਕਾਲੇ ਰੋੜ

ਜਦ ਰੋੜਾ ਲੱਗੇ,
ਧਰਤੀ ਤੁੱਸੀ ਪੈ ਜਾਵੇ
ਤੇ ਆਸਮਾਨ ਦਾ ਰੰਗ
ਮਿੱਟੀ ਵਰਗਾ ਹੋ ਜਾਵੇ
ਸਿਆਣੇ, ਮੁਹੱਲੇ ਵਿਹੜੇ ਦੇ ਬਾਲਾਂ ਨੂੰ ਇਕੱਠੇ ਕਰਦੇ
ਚਲੋ ਬਈ ਬਾਲੋ!
ਰੱਬ ਅੱਗੇ ਹਾੜਾ ਕਰੀਏ
ਮੀਂਹ ਵਸਣ ਦਾ ਹਾੜਾ
ਬੱਦਲ ਆਵਣ ਦਾ ਹਾੜਾ
ਫਿਰ ਬਾਲ ਗਲੀਆਂ ਵਿਚ ਨਿਕਲ ਖਲੋਂਦੇ
'ਕਾਲੀਆਂ ਇੱਟਾਂ ਕਾਲੇ ਰੋੜ
ਮੀਂਹ ਵਸਾਦੇ ਜ਼ੋਰੋ ਜ਼ੋਰ'
ਹੁਣ ਮੁਲਕ ਵਿਚ
ਸਿਆਸਤ ਦਾ ਰੋੜਾ ਲੱਗਾ ਏ
ਬੱਦਲ ਬਣਨੇ ਨੇ
ਪਰ ਤੰਬੂ ਨਹੀਂ ਬਣਦੇ
ਤੇ ਮੀਂਹ ਕਿੱਥੋਂ ਵੱਸੇ।

ਅਖ਼ਬਾਰਾਂ ਨੇ ਸਿਆਸੀ ਖ਼ਬਰਾਂ ਦੀ ਥਾਂ
ਸਵਾਣੀਆਂ ਦੀਆਂ ਮੂਰਤਾਂ ਛਾਪ ਲਈਆਂ ਨੇ
ਪਰ ਖੌਰੇ ਕਿਉਂ?
ਮੈਨੂੰ ਤੇ ਇਹ ਸਵਾਣੀਆਂ ਦੀਆਂ ਨਵੇਕਲੀਆਂ
ਰਾਂਗਲੀਆਂ, ਅੱਧ ਨੰਗੀਆਂ ਤਸਵੀਰਾਂ
ਪੁੱਠੇ ਪੈਰਾਂ ਵਾਲੀਆਂ ਕਲੇਜਾ
ਕੱਢਦੀਆਂ ਲੱਗਦੀਆਂ ਨੇ
ਜਿਹਨਾਂ ਨੂੰ ਵੇਖਣ ਵਾਲੇ
ਪੱਥਰ ਬਣ ਜਾਂਦੇ ਨੇ
ਮੁੜ ਕੇ ਨਹੀਂ ਵੇਖਦੇ
ਜੇ ਮਖ਼ਲੂਕ (ਖ਼ਲਕਤ) ਤਿਰਹਾਈ ਏ
ਸੰਘਾਂ ਵਿਚ ਕੰਡੇ ਪੈ ਗਏ ਨੇ
ਨਵੀਂ ਪੀੜ੍ਹੀ ਦੇ ਸਾਰੇ ਬਾਲ
ਪੱਥਰ ਬਣ ਗਏ ਨੇ
ਕੋਈ ਸਿਆਣਾ
ਇਹਨਾਂ ਨੂੰ ਹੱਲਾ ਸ਼ੇਰੀ ਦੇ ਕੇ
ਇਹ ਨਹੀਂ ਆਖਦਾ
ਆਓ ਬਾਲੋ, ਹਾੜਾ ਪਾਓ
ਦੁਹਾਈ ਪਾਓ।
ਰੱਬ ਸਾਡੀ ਸੁਣੇ
ਤੇ ਇਹ ਸਿਆਸੀ ਰੋੜਾ ਮੁੱਕ ਜਾਵੇ
ਪਰ ਅਸੀਂ ਬਾਲਾਂ ਨੂੰ ਤਾਂ ਆਪੂੰ
ਪੱਥਰ ਕਰ ਛੱਡਿਆ ਏ
ਹੁਣ ਸਵਾਣੀਆਂ ਦੀਆਂ
ਤਸਵੀਰਾਂ ਹੇਠ ਲੱਗ ਗਏ ਨੇ
ਜਿਵੇਂ ਸੌਂ ਗਏ ਨੇ
ਹੁਣ ਹਾੜਾ ਕੌਣ ਕਰੇ
ਕਾਲੀਆਂ ਇੱਟਾਂ ਕਾਲੇ ਰੋੜ
ਮੀਂਹ ਵਸਾਦੇ ਜ਼ੋਰੋ ਜ਼ੋਰ। •

(ਗ਼ੈਰ ਸਿਆਸੀ ਦੌਰ ਦੇ ਅਖ਼ਬਾਰਾਂ ਦੀ
ਸੈਂਸਰਸ਼ਿੱਪ ਦੇ ਦੌਰ ਵਿਚ ਲਿਖੀ ਗਈ)

5. ਔਸੀਆਂ

ਜ਼ਿੰਦਗੀ ਔਸੀਆਂ ਪਾਉਂਦੀ ਲੰਘ ਜਾਂਦੀ ਏ
ਉਹ ਕਦੋਂ ਆਵੇਗਾ?
ਅਸੀਂ ਕੀ ਕਰਾਂਗੇ?
ਸਾਡੀ ਫਰਮਾਇਸ਼ ਕਦੋਂ ਪੂਰੀ ਹੋਵੇਗੀ?
ਕੀ ਹੋਵੇਗਾ?
ਕਿਉਂ ਹੋਵੇਗਾ?
ਜ਼ਰਾ ਸੋਚੀਏ ਤੇ
ਸਾਰੀ ਹਯਾਤੀ ਔਸੀਆਂ
ਪਾਉਂਦਿਆਂ ਲੰਘ ਜਾਂਦੀ ਏ
ਪਰ ਅਸੀਂ ਔਸੀਆਂ ਨੂੰ
ਕਦੀ ਹਯਾਤੀ ਨਹੀਂ ਆਖਿਆ। •

ਹੋਣੀ ਇਕ ਦੇਸ਼ ਦੀ

ਡਾ. ਟੀ.ਆਰ. ਵਿਨੋਦ

'ਹੋਣੀ ਇਕ ਦੇਸ਼ ਦੀ' ਕੇਵਲ ਕਲੋਟੀ ਦਾ ਛੇ ਭਾਗਾਂ ਵਿਚ ਵਿਉਂਤਿਆ ਗਿਆ ਨਾਵਲ ਹੈ, ਜਿਸਦੇ ਤਿੰਨ ਭਾਗ ਹੁਣ ਤੱਕ ਛਪ ਚੁੱਕੇ ਹਨ ਅਤੇ ਅਦਬੀ ਹਲਕਿਆਂ ਵਿਚ ਜਿਹੜੇ ਕਾਫੀ ਸਮੇਂ ਤੋਂ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਸ ਨਾਵਲ ਦਾ ਪਹਿਲਾ ਭਾਗ 1993 ਈ. ਵਿਚ ਛਪਿਆ ਸੀ ਜਿਸਦਾ ਮਰਕਜ਼ੀ ਮਜ਼ਮੂਨ 15 ਅਗਸਤ 1947 ਨੂੰ ਪ੍ਰਾਪਤ ਹੋਈ ਭਾਰਤੀ ਆਜ਼ਾਦੀ ਅਤੇ ਫਿਰਕੂ ਫਸਾਦਾਂ ਦਾ ਬਿਰਤਾਂਤ ਹੈ। ਪੰਜਾਬੀ ਵਿਚ ਇਸ ਮਜ਼ਮੂਨ ਬਾਰੇ ਬਹੁਤ ਸਾਰੇ ਨਾਵਲ ਪਹਿਲਾਂ ਵੀ ਲਿਖੇ ਜਾ ਚੁੱਕੇ ਹਨ। ਉਨ੍ਹਾਂ ਨਾਵਲਾਂ ਵਿਚ ਫਿਰਕੂ ਫਸਾਦਾਂ ਵਿਚ ਹੋਈ ਆਮ ਲੋਕਾਂ ਦੀ ਲੁੱਟ-ਖੋਹ, ਇਲਾਕੇ ਤੇ ਵਸੋਂ ਦੀ ਵੰਡ, ਕਤਲੋਗਾਰਤ ਅਤੇ ਇਸਤਰੀ ਜਾਤੀ ਨਾਲ ਹੋਏ ਧੱਕੇ ਦੇ ਦਿਲ-ਵਿੰਨ੍ਹਵੇਂ ਦ੍ਰਿਸ਼ਾਂ ਦਾ ਬਿਰਤਾਂਤ ਅਤੇ ਵਰਨਣ ਪੂਰੀ ਸੁਹਿਰਦਤਾ ਨਾਲ ਪੇਸ਼ ਹੋਇਆ ਹੈ ਜੋ ਕਿ ਭਾਰਤੀ ਆਜ਼ਾਦੀ ਦੀ ਅਸਲੀਅਤ ਉੱਤੇ ਇਕ ਅਮਿਟ ਕਾਲਾ ਦਾਗ ਹੈ। ਪਰ ਉਨ੍ਹਾਂ ਨਾਵਲਾਂ ਵਿਚ ਨਾਵਲਕਾਰ ਜਜ਼ਬਾਤੀ ਵਧੇਰੇ ਰਹੇ ਹਨ, ਬੌਧਿਕ ਘੱਟ। ਸਿੱਟੇ ਵਜੋਂ ਉਨ੍ਹਾਂ ਨਾਵਲਾਂ ਵਿਚ ਭਾਰਤੀ ਆਜ਼ਾਦੀ ਅਤੇ ਫਿਰਕੂ ਫਸਾਦਾਂ ਦਾ ਵਿਗਿਆਨਕ ਵਿਵੇਕ ਨਹੀਂ ਉਭਰਦਾ। ਪਰ ਕੇਵਲ ਕਲੋਟੀ ਦੇ ਨਾਵਲ 'ਹੋਣੀ ਇਕ ਦੇਸ਼ ਦੀ' ਦੀ ਪ੍ਰਾਪਤੀ ਦਾ ਮੁੱਖ ਆਧਾਰ ਹੀ ਇਹ ਹੈ ਕਿ ਉਸਨੇ ਭਾਰਤੀ ਆਜ਼ਾਦੀ ਦੀ ਜਮਾਤੀ ਤਾਸੀਰ ਦਾ ਤਰਕ ਪੇਸ਼ ਕਰਦਿਆਂ ਭਾਰਤੀ ਦੇਸੀ ਸਰਮਾਏਦਾਰੀ, ਬਰਤਾਨਵੀ ਸਾਮਰਾਜ ਅਤੇ ਭਾਰਤ ਦੀ ਆਮ ਜਨਤਾ ਦੀਆਂ ਤਿੰਨੇ ਧਿਰਾਂ ਦੇ ਟਕਰਾਵੇਂ ਅਤੇ ਰਲਵੇਂ ਹਿੱਤਾਂ ਦਾ ਗਲਪੀ ਬਿੰਬ ਉਸਦੇ ਸਮੁੱਚ ਵਿਚ ਰੂਪਮਾਨ ਕੀਤਾ ਹੈ।

ਕੇਵਲ ਕਲੋਟੀ ਦੀ ਇਸ ਪ੍ਰਾਪਤੀ ਦਾ ਮੁੱਖ ਕਾਰਣ ਇਹ ਹੈ ਕਿ ਉਸਨੇ ਭਾਰਤ ਵਿਚ ਵਾਪਰੀ ਉਕਤ ਹੋਣੀ ਨੂੰ ਬੌਧਿਕ ਵਿੱਥ ਤੇ ਖਲੋ ਕੇ ਲੋਕ ਮੁਖੀ ਦ੍ਰਿਸ਼ਟੀ ਤੋਂ ਸਮਝਣ ਦਾ ਸਫ਼ਲ ਉਪਰਾਲਾ ਕੀਤਾ ਹੈ ਅਤੇ ਇਸ ਨੂੰ ਪੂਰੀ ਸ਼ਿੱਦਤ ਨਾਲ ਗਲਪੀ ਜੁਗਤਾਂ ਦੀ ਵਰਤੋਂ ਰਾਹੀਂ ਮੂਰਤੀਮਾਨ ਕੀਤਾ ਹੈ।

ਭਾਰਤੀ ਆਜ਼ਾਦੀ ਅਤੇ ਫਿਰਕੂ ਦੰਗਿਆਂ ਬਾਰੇ ਲੋਕ ਮੁਖੀ ਜਮਾਤੀ ਨਜ਼ਰੀਏ ਦੀ ਪੇਸ਼ਕਾਰੀ ਲਈ ਨਾਵਲਕਾਰ ਨੇ ਕੁਝ ਐਸੀਆਂ ਗਲਪੀ ਸਥਿਤੀਆਂ ਦੀ ਸਿਰਜਣਾ ਕੀਤੀ ਹੈ ਜਿਹੜੀਆਂ ਉਸਦੀ ਕਲਾਤਮਕ ਅਤੇ ਬੌਧਿਕ ਸਮਰੱਥਾ ਦਾ ਸਬੂਤ ਪ੍ਰਮਾਣ ਹਨ। ਮਿਸਾਲ ਵਜੋਂ ਉਸਨੇ ਫਿਰਕੂ ਦੰਗਿਆਂ ਵਿਚ ਮਨੁੱਖ ਹੱਥੋਂ ਮਨੁੱਖ ਉੱਤੇ ਹੋਏ ਜ਼ੁਲਮ ਦੀ ਦਰਦਨਾਕ ਦਾਸਤਾਨ ਨੂੰ ਵਧੇਰੇ ਸੰਘਣੇ, ਸੰਵੇਦਨਸ਼ੀਲ ਅਤੇ ਸ਼ਿੱਦਤ ਨਾਲ ਲਬਰੇਜ਼ ਚਿੱਤਰ-ਰੂਪ ਵਿਚ ਢਾਲਣ ਲਈ ਗ਼ੈਰ-ਮਨੁੱਖੀ ਗਲਪੀ ਚਿੱਤਰ ਦੇ ਸਮਵਿਥ ਕੁਝ ਅਜਿਹੇ ਮਾਨਵਵਾਦੀ ਪਾਤਰਾਂ ਦੇ ਨਰੋਏ ਵਿਹਾਰ ਦੀ ਸਿਰਜਣਾ ਕੀਤੀ ਹੈ, ਜਿਹੜੇ ਮਨੁੱਖ ਦੋਖੀ ਚਰਿੱਤਰ ਦੇ ਮੁਕਾਬਲੇ ਵਿਚ ਅਪਨਾਉਣਯੋਗ ਅਤੇ ਅਮਲਯੋਗ ਆਚਾਰ ਦੇ ਚਿਹਨ ਹੋਣ ਸਦਕਾ ਪਾਠਕ ਦੇ ਮਨ ਵਿਚ ਕਾਲੀ ਬੋਲੀ ਰਾਤ ਦੇ ਹਨ੍ਹੇਰੇ ਵਿਚ ਵੀ ਆਸ ਦੀ ਰੌਸ਼ਨ ਕਿਰਨ ਦੀ ਆਭਾ ਦਾ ਪਸਾਰ ਕਰਦੇ ਹਨ। ਅਜਿਹਾ ਇਕ ਪਾਤਰ ਬਰਕਤੇ ਨਾਂ ਦੀ ਇਕ ਦਾਈ ਦਾ ਹੈ, ਜਿਹੜੀ ਮਾਰੀਤੀ ਪਿੰਡ ਦੇ ਨਾਲ-ਲਗਵੇਂ ਇਲਾਕੇ ਦੀ ਸੰਤਾਨ ਨੂੰ ਜਨਮ ਦੇਣ ਵਿਚ ਬਿਨਾਂ ਕਿਸੇ ਕਿਸਮ ਦੇ ਫਿਰਕੂ ਜਾਤਪਾਤੀ ਅਤੇ ਜਮਾਤੀ ਵਿਤਕਰੇ ਤੋਂ ਉਪਰ ਉਠ ਕੇ ਉਮਰ ਭਰ ਮੱਦਦਗਾਰ ਸਾਬਤ ਹੁੰਦੀ ਰਹੀ ਹੈ। ਪਰੰਤੂ ਫਿਰਕੂ ਹਨ੍ਹੇਰੀ ਨਾਲ ਬੌਂਦਲੇ ਅਤੇ ਬਦਲੇ ਦੀ ਅੱਗ ਵਿਚ ਸੜਦੇ ਨਾਵਲ ਦੇ ਕੇਂਦਰੀ ਪਾਤਰ ਅਮਰੀਕ ਦੀ ਤਲਵਾਰ

ਦਾ ਸ਼ਿਕਾਰ ਬਣ ਜਾਂਦੀ ਹੈ। ਇਸੇ ਤਰ੍ਹਾਂ ਦਾ ਇਕ ਹੋਰ ਪਾਤਰ ਪ੍ਰੀਤੋ ਨੈਣ ਦਾ ਵੀ ਹੈ, ਜਿਹੜੀ ਬਰਕਤੇ ਦੇ ਉਲਟ ਮਨੁੱਖੀ ਮੌਤ ਦੇ ਦੁਖਦਾਈ ਸਮੇਂ ਨੂੰ ਆਪਣੇ ਵੈਣਾਂ ਰਾਹੀਂ ਸਹੇ ਜਾਣ ਦੇ ਯੋਗ ਬਣਾ ਦਿੰਦੀ ਹੈ ਅਤੇ ਜਿਹੜੀ ਜਵਾਨੀ ਵਿਚ ਹੀ ਵਿਧਵਾ ਹੋ ਜਾਣ ਦੇ ਬਾਵਜੂਦ ਆਪਣੇ ਇਲਾਕੇ ਦੇ ਇਕ ਸਿਰਕੱਢ ਆਗੂ ਰਣਧੀਰ ਸਿੰਘ (ਬਾਬਾ ਪਲਟੂ) ਨਾਲ ਰੂਹਾਨੀ ਮੋਹ-ਪਿਆਰ ਦੇ ਰਿਸ਼ਤੇ ਦੀ ਕਦਰ ਬਣਾਈ ਰੱਖਣ ਲਈ ਆਪਣੀਆਂ ਜਿਸਮਾਨੀ ਖਾਹਿਸ਼ਾਂ ਉੱਤੇ ਕਾਬੂ ਪਾਈ ਰੱਖਦੀ ਹੈ। ਖ਼ੁਦ ਅਮਰੀਕ ਵੀ ਆਪਣੇ ਸੁਸਰਾਲ ਵਾਲਿਆਂ ਨਾਲ ਹੋਈ ਫਿਰਕੂ ਜ਼ਿਆਦਤੀ ਦੇ ਦੁੱਖ ਨੂੰ ਸਹਾਰ ਨਾ ਸਕਣ ਕਰਕੇ ਪੰਜਾਬ ਦੇ ਇਕ ਫਿਰਕੂ ਆਗੂ 'ਮਾਸਟਰ ਜੀ' ਦੇ ਭੜਕਾਊ ਭਾਸ਼ਣ ਤੋਂ ਉਤੇਜਿਤ ਹੋ ਕੇ ਬੇਗੁਨਾਹ ਮੁਸਲਿਮ ਜਨਤਾ ਤੋਂ ਬਦਲਾ ਲੈਣ ਦਾ ਰਾਹ ਚੁਣ ਲੈਂਦਾ ਹੈ। ਜਿਸ ਵਿਚੋਂ ਪੈਦਾ ਹੋਈ ਅਪਰਾਧ-ਭਾਵਨਾ ਦੇ ਦੁਖ ਦੇ ਨਿਵਾਰਨ ਲਈ ਉਹ ਬਾਬਾ ਪਲਟੂ ਦੀ ਸਿੱਖਿਆ ਅਨੁਸਾਰ ਦਿੱਲੀ ਵਿਚ ਵਸਦੇ ਖਾਨ ਭਰਾਵਾਂ ਦੀ ਹਵੇਲੀ ਦੇ ਬਚਾਓ ਵਾਸਤੇ ਆਪਣੀ ਜਾਨ ਤੱਕ ਦੀ ਕੁਰਬਾਨੀ ਦੇਣ ਲਈ ਤਿਆਰ ਹੋ ਜਾਂਦਾ ਹੈ।

ਨਾਵਲ ਵਿਚ ਉਕਤ ਵਰਤਾਰੇ ਦੇ ਤਰਕ ਦੀ ਸਿਰਜਣਾ ਲਈ ਨਾਵਲਕਾਰ ਪਾਠਕ ਅਤੇ ਮਨਚੰਦਾ ਨਾਂ ਦੇ ਦੋ ਅਜਿਹੇ ਪਾਤਰ ਸਿਰਜਦਾ ਹੈ ਜਿਹੜੇ ਵਾਇਸਰਾਏ ਦੇ ਮਹਿਲ ਵਿਚ ਭਾਰਤੀ ਆਜ਼ਾਦੀ ਲਈ ਬਰਤਾਨਵੀ ਸਾਮਰਾਜ ਅਤੇ ਦੇਸੀ ਸਰਮਾਏਦਾਰੀ ਵਿਚਕਾਰ ਹੋਈ ਸਾਮਰਾਜੀ ਸਾਜ਼ਿਸ਼ ਨੂੰ ਬੇਪਰਦ ਕਰਦੇ ਹਨ, ਕਿਉਂਕਿ ਉਹ ਦੋਵੇਂ ਇਸ ਸਾਜ਼ਿਸ਼ ਦੇ ਚਸ਼ਮਦੀਦ ਭੇਤੀ ਹਨ।

ਆਪਣੇ ਨਜ਼ਰੀਏ ਦੀ ਪੇਸ਼ਕਾਰੀ ਲਈ ਨਾਵਲਕਾਰ ਦੇ ਹਥਲੇ ਨਾਵਲ ਵਿਚ ਵਿਅੰਗ ਅਤੇ ਵਿਡੰਬਨਾ ਦੀਆਂ ਗਲਪੀ ਜੁਗਤਾਂ ਦੀ ਵੀ ਪ੍ਰਸੰਗਕ ਅਤੇ ਅਰਥਵਾਨ ਵਰਤੋਂ ਕੀਤੀ ਹੈ। ਵਿਅੰਗ ਦੀ ਜੁਗਤ ਦੀ ਵਰਤੋਂ ਦਾ ਭੇਤ ਤਾਂ ਇਸ ਭਾਗ ਦੇ ਸਮਰਪਣ ਵਿਚੋਂ ਹੀ ਜ਼ਾਹਰ ਹੋ ਜਾਂਦਾ ਹੈ ਪਰੰਤੂ ਭਾਰਤ ਅਤੇ ਪਾਕਿਸਤਾਨ ਵਿਚਕਾਰ ਜਿਸ ਪ੍ਰਕਾਰ ਸਾਂਝੀ ਸੰਪਤੀ ਦੀ ਵੰਡ ਦਾ ਦ੍ਰਿਸ਼ ਰੂਪਮਾਨ ਕੀਤਾ ਗਿਆ ਹੈ ਉਹ ਇਕੋ ਸਮੇਂ ਹਾਸੋਹੀਣਾ ਵੀ ਹੈ, ਵਿਅੰਗਮਈ ਵੀ, ਵਿੰਡਬਨਾਤਮਕ ਵੀ, ਭਾਰਤ-ਪਾਕ ਯੁੱਧ ਵਿਚ ਸਕੇ ਖਾਨ ਭਰਾਵਾਂ ਦਾ ਇਕ ਦੂਜੇ ਦੇ ਹੱਥੋਂ ਮਾਰਿਆ ਜਾਣਾ ਵੀ ਅਜਿਹਾ ਵਿਅੰਗਮਈ ਚਿਹਨ ਹੈ। ਜਿਹੜਾ ਬਰਤਾਨਵੀ ਸਾਮਰਾਜ, ਭਾਰਤੀ ਸਰਮਾਏਦਾਰੀ ਅਤੇ ਹਿੰਦੂ-ਮੁਸਲਿਮ ਫਿਰਕਾਪ੍ਰਸਤੀ ਦੇ ਦਾਗੀ ਚਿਹਰੇ ਨੂੰ ਬੇਪਰਦ ਕਰਦਾ ਹੈ।

ਇਸ ਨਾਵਲ ਦੇ ਦੂਜੇ ਭਾਗ ਦੀ ਰਚਨਾ-ਵਸਤੂ ਤਿਲੰਗਾਨਾ ਦੇ ਲੋਕ-ਯੁੱਧ ਦੀ ਵੀਰ ਗਾਥਾ ਹੈ। ਇਸ ਯੁੱਧ ਵਿਚ ਤਿੰਨ ਧਿਰਾਂ ਸ਼ਾਮਲ ਹਨ - ਹੈਦਰਾਬਾਦ ਦੀ ਸਟੇਟ, ਭਾਰਤੀ ਪੂੰਜੀਵਾਦੀ ਸਟੇਟ ਅਤੇ ਪੈਦਾਵਾਰ ਦੇ ਸਾਧਨਾਂ ਤੇ ਸੰਦਾਂ ਦੇ ਉਤਪਾਦਕ ਪਰੰਤੂ ਇਨ੍ਹਾਂ ਦੀ ਮਾਲਕੀ ਤੋਂ ਸੱਖਣੇ ਤਿਲੰਗਾਨਾ ਦੇ ਲੋਕ। ਬਰਤਾਨਵੀ ਸਾਮਰਾਜ ਨੇ ਦੇਸ਼ ਦੀ ਆਜ਼ਾਦੀ ਦਾ ਐਲਾਨ ਕਰਦੇ ਸਮੇਂ ਇਕ ਚਾਲ ਇਹ ਵੀ ਚੱਲੀ ਸੀ ਕਿ ਭਾਰਤ ਦੀਆਂ ਤਕਰੀਬਨ 600 ਰਿਆਸਤਾਂ ਦੇ ਇਲਹਾਕ ਦਾ ਮਸਲਾ ਉਨ੍ਹਾਂ ਦੀ ਮਰਜ਼ੀ 'ਤੇ ਛੱਡ ਦਿੱਤਾ ਜਾਵੇ। ਸਿੱਟੇ ਵਜੋਂ ਜੰਮੂ-ਕਸ਼ਮੀਰ ਅਤੇ ਹੈਦਰਾਬਾਦ ਦੀਆਂ ਦੋ ਵੱਡੀਆਂ ਰਿਆਸਤਾਂ ਦੋਹਾਂ ਮੁਲਕਾਂ ਲਈ ਸਿਰਦਰਦੀ ਦਾ ਕਾਰਨ ਬਣ ਗਈਆਂ। ਜੰਮੂ-ਕਸ਼ਮੀਰ ਦੀ ਰਿਆਸਤ ਦਾ ਤਾਂ ਅਜੇ ਤਕ ਵੀ ਫੈਸਲਾ ਨਹੀਂ ਹੋ ਸਕਿਆ ਜਿਸਦੇ ਸਿੱਟੇ ਵਜੋਂ ਭਾਰਤ ਅਤੇ ਪਾਕਿਸਤਾਨ ਦੋਵੇਂ ਮੁਲਕ ਆਪਸ ਵਿਚ ਲੜਦੇ ਝਗੜਦੇ ਆ ਰਹੇ ਹਨ। ਜਿਸਦਾ ਲਾਹਾ ਹੁਣ ਤੱਕ ਵਿਸ਼ਵ ਸਾਮਰਾਜ ਦਾ ਸਰਦਾਰ ਅਮਰੀਕਾ ਉਠਾਉਂਦਾ ਆ ਰਿਹਾ ਹੈ।

ਪਰੰਤੂ ਹੈਦਰਾਬਾਦ ਦੀ ਰਿਆਸਤ ਦਾ ਜਿਹੜਾ ਵਿਵੇਕਮਈ ਗਲਪੀ ਬਿੰਬ ਇਸ ਨਾਵਲ ਵਿਚੋਂ ਉਭਰਦਾ ਹੈ, ਉਹ ਹੈਦਰਾਬਾਦ ਦੀ ਰਿਆਸਤ ਦੇ ਸਾਮੰਤੀ ਅਤੇ ਭਾਰਤੀ

ਸਰਕਾਰ ਦੇ ਸਰਮਾਏਦਾਰੀ ਕਿਰਦਾਰ ਤੋਂ ਪਰਦਾ ਚੁੱਕਦਾ ਹੈ। ਆਂਧਰਾ ਪ੍ਰਦੇਸ਼ ਵਿਚ ਲੋਕ ਘੋਲ ਨੇ ਆਜ਼ਾਦੀ ਤੋਂ ਬਾਅਦ ਚੰਗੀ-ਚੋਖੀ ਤਾਕਤ ਫੜ ਲਈ ਸੀ। ਇਹ ਲੋਕ-ਘੋਲ ਤਿਲੰਗਾਨਾ ਦੇ ਉਨ੍ਹਾਂ ਮੁਜ਼ਾਰਿਆਂ ਤੇ ਵਗਾਰੀਆਂ ਦਾ ਸੀ, ਜਿਨ੍ਹਾਂ ਦੀ ਮਿਹਨਤ ਅਤੇ ਅਸਮਤ ਦੀ ਬੇਕਿਰਕ ਲੁੱਟ ਹੈਦਰਾਬਾਦ ਦਾ ਨਿਜ਼ਾਮ ਅਤੇ ਉਸਦੇ ਅਧੀਨ ਪਲ ਰਹੇ ਪਟੇਲ ਲਗਾਤਾਰ ਲੰਮੇ ਸਮੇਂ ਤੋਂ ਕਰਦੇ ਆ ਰਹੇ ਸਨ। ਨਾਵਲਕਾਰ ਦੀ ਇਕ ਪ੍ਰਾਪਤੀ ਇਹ ਹੈ ਕਿ ਉਹ ਇਸ ਲੋਕ-ਘੋਲ ਦੇ ਪੱਖ ਵਿਚ ਖਲੋ ਕੇ ਇਸ ਘੋਲ ਨਾਲ ਜੁੜੇ ਰਤਲੱਈਆ, ਮੇਜਰ ਜੈਦੇਵ, ਪਾਰਟੀ ਦੇ ਸਕੱਤਰ ਰੈਡੀ, ਕੋਇਆ ਕਬੀਲੇ ਦੇ ਮੁਖੀ ਵਰਗੇ ਕੁਝ ਅਜਿਹੇ ਵਿਅਕਤੀਆਂ ਦੇ ਸਾਹਸਮਈ ਕਿਰਦਾਰ ਰੂਪਮਾਨ ਕਰਦਾ ਹੈ ਜਿਹੜੇ ਆਪਣੇ ਮਨੋਰਥ ਵਿਚ ਨਾਕਾਮ ਰਹਿਣ ਦੇ ਬਾਵਜੂਦ ਆਪਣੇ ਸੱਚੇ-ਸੁੱਚੇ ਅਤੇ ਖਰੇ ਲੋਕ ਪੱਖੀ ਬਲੀਦਾਨ ਸਦਕਾ ਸਦੀਆਂ ਤੋਂ ਦੱਬੀ ਕੁਚਲੀ ਭਾਰਤੀ ਜਨਤਾ ਵਾਸਤੇ ਰੋਲ ਮਾਡਲ ਹੋ ਨਿਬੜਦੇ ਹਨ। ਇਸ ਯੁੱਧ ਵਿਚ ਤਿਲੰਗਾਨਾ ਦੀਆਂ ਔਰਤਾਂ ਜਿਵੇਂ ਐਲਮਾ, ਗੋਦਾਵਰੀ, ਕੋਇਆ ਮੁਖੀ ਦੀ ਪਤਨੀ ਅਤੇ ਪਦਮਾ ਵਰਗੀਆਂ ਔਰਤਾਂ ਵੀ ਬਰਾਬਰ ਦਾ ਭਾਗ ਲੈਂਦੀਆਂ ਵਿਖਾਈਆਂ ਗਈਆਂ ਹਨ ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਅਮਰ ਰਚਨਾ, 'ਚੰਡੀ ਦੀ ਵਾਰ' ਦੀ ਨਾਇਕਾ ਦਾ ਚੇਤਾ ਕਰਵਾ ਦਿੰਦੀਆਂ ਹਨ। ਇਸ ਪ੍ਰਕਾਰ ਇਹ ਨਾਵਲ ਲੋਕਾਂ ਦੀ ਲੁੱਟ-ਖੋਹ ਦਾ ਕਰੁਣਾਮਈ ਚਿੱਤਰ ਉਲੀਕਦਾ ਹੋਇਆ ਉਨ੍ਹਾਂ ਨੂੰ ਆਪਣੇ ਹਿੱਤਾਂ ਦੀ ਚੇਤਨਾ ਵੀ ਪ੍ਰਦਾਨ ਕਰਦਾ ਹੈ ਅਤੇ ਨਾਲੋ ਨਾਲ ਇਸ ਚੇਤਨਾ ਦੀ ਸਾਕਾਰਤਾ ਲਈ ਉਨ੍ਹਾਂ ਦੀ ਸੁੱਤੀ ਪਈ ਸ਼ਕਤੀ ਨੂੰ ਵੀ ਹਲੂਣਦਾ ਹੈ।

ਇਹ ਨਾਵਲ ਪੰਜਾਬੀ ਦਾ ਇਸ ਗੱਲੋਂ ਵੀ ਬੇਮਿਸਾਲ ਨਾਵਲ ਹੈ ਕਿ ਇਸ ਵਿਚ ਨਿਜ਼ਾਮ ਹੈਦਰਾਬਾਦ ਅਤੇ ਉਸਦੇ ਦਰਬਾਰੀਆਂ ਦੇ ਜ਼ੁਲਮ ਅਤੇ ਅੱਯਾਸ਼ੀ ਦਾ ਅਤਿ ਘਿਨਾਉਣਾ ਚਿੱਤਰ ਰੂਪਮਾਨ ਕੀਤਾ ਗਿਆ ਹੈ। ਹੈਦਰਾਬਾਦ ਦਾ ਇਹ ਕੁਲੀਨ ਵਰਗ ਲੋਕਾਂ ਦੀ ਮਿਹਨਤ ਦੇ ਸ਼ੋਸ਼ਣ ਲਈ ਅਤੇ ਉਨ੍ਹਾਂ ਦੀਆਂ ਜਵਾਨ ਧੀਆਂ-ਭੈਣਾਂ ਨੂੰ ਆਪਣੀ ਕਾਮ-ਤ੍ਰਿਪਤੀ ਵਾਸਤੇ ਵਰਤਣ ਲਈ ਜਿਵੇਂ ਮਜ਼੍ਹਬ ਦਾ ਅਤੇ ਆਪਣੀਆਂ ਗੁੰਡਾ ਫੌਜਾਂ ਦੀ ਤਾਕਤ ਦੀ ਵਰਤੋਂ ਕਰਦਾ ਹੈ। ਉਹ ਇਸ ਵਰਗ ਦੇ ਹੈਵਾਨੀ ਕਿਰਦਾਰ ਦੀ ਪ੍ਰਭਾਵਕਾਰੀ ਪੇਸ਼ਕਾਰੀ ਹੈ। ਹੈਦਰਾਬਾਦੀ ਸਟੇਟ ਦੇ ਸਿਤਮ ਦੀ ਇੰਤਹਾ ਉਦੋਂ ਨਜ਼ਰ ਆਉਂਦੀ ਹੈ ਜਦੋਂ ਉਹ ਰਤਨੈਈਏ ਦੀ 'ਮਾਅ ਭੂਮੀ' ਦੀ ਆਵਾਜ਼ ਨੂੰ ਬੰਦ ਕਰਨ ਵਾਸਤੇ ਉਸਨੂੰ ਸਖ਼ਤ ਤਸੀਹੇ ਦੇ ਕੇ ਮਾਰ ਮੁਕਾਉਂਦੇ ਹਨ। ਇਹੀ ਹਸ਼ਰ ਮਾਅ ਭੂਮੀ ਦਾ ਨਾਅਰਾ ਆਪਣੀਆਂ ਕਲਾਤਮਕ ਸਰਗਰਮੀਆਂ ਰਾਹੀਂ ਲੋਕਾਂ ਤਕ ਲੈ ਕੇ ਜਾਣ ਵਾਲੀ ਗੋਦਾਵਰੀ ਦਾ ਵੀ ਹੁੰਦਾ ਹੈ।

ਜਿਥੋਂ ਤੱਕ ਭਾਰਤੀ ਸਟੇਟ ਦਾ ਸਵਾਲ ਹੈ ਨਾਵਲ ਦਾ ਇਕ ਸਾਧਾਰਣ ਪਾਤਰ ਵੀ ਇਸਦੇ ਚਰਿੱਤਰ ਉੱਤੇ ਟਿੱਪਣੀ ਕਰਦਾ ਹੋਇਆ ਕਹਿੰਦਾ ਹੈ. "ਰਾਜਨੀਤੀ ਵਾਹਵਾ ਡੂੰਘੀ ਸ਼ੈਅ ਹੈ, ਪਹਿਲਾਂ ਭੂਮੀ ਅੰਦੋਲਨ ਵਿਰੁੱਧ ਹਿੰਦ ਸਰਕਾਰ ਬਾਦਸ਼ਾਹ ਦੀ ਪਿੱਠ ਥਾਪੜਦੀ ਰਹੀ, ਫੇਰ ਬਾਦਸ਼ਾਹ ਦਾ ਤਖਤਾ ਉਲਟਾਉਣ ਤੇ ਰਜ਼ਾਕਾਰਾਂ ਨੂੰ ਖਦੇੜਨ ਲਈ ਅੰਦੋਲਨਕਾਰੀਆਂ ਦੀ ਮਦਦ ਲਈ ਬਾਦਸ਼ਾਹ ਤੇ ਰਜ਼ਾਕਾਰਾਂ ਨਾਲ ਨਜਿੱਠ ਹੋ ਗਿਆ ਤਾਂ ਹੁਣ ਅੰਦੋਲਨਕਾਰੀਆਂ ਨੂੰ ਨਿਸ਼ਾਨਾ ਬਣਾ ਲਿਆ।"

ਤਾਕਤ ਦਾ ਤਵਾਜ਼ਨ ਹਾਕਮਾਂ ਦੇ ਹੱਥ ਵਿਚ ਹੋਣ ਕਰਕੇ ਅਤੇ ਖੱਬੇ ਪੱਖੀ ਸਿਆਸਤ ਦਾ ਪਾਰਲੀਮਾਨੀ ਜਾਲ ਵਿਚ ਉਲਝ ਜਾਣ ਕਰਕੇ ਭਾਵੇਂ ਤਿਲੰਗਾਨਾ ਦੀ ਲਹਿਰ ਆਪਣੀ ਮੰਜ਼ਿਲ ਤਕ ਨਾ ਪਹੁੰਚ ਸਕੀ ਪਰ ਇਸ ਲਹਿਰ ਦੇ ਸੁਪਨੇ, ਸੰਘਰਸ਼ ਅਤੇ ਸ਼ਿਕਸਤ ਦਾ ਇਤਿਹਾਸ ਲੋਕਾਂ ਲਈ ਹਮੇਸ਼ਾ ਉਤਸ਼ਾਹ ਦਾ ਸੋਮਾ ਬਣਿਆ ਰਹੇਗਾ।

ਇਸ ਨਾਵਲ ਦਾ ਤੀਜਾ ਭਾਗ ਪੂੰਜੀਵਾਦੀ ਸਮਾਜ-ਆਰਥਿਕ ਵਿਵਸਥਾ ਦੇ ਸਾਮਰਾਜੀ

ਵਿਸ਼ਵੀਕਰਨ ਦੇ ਅਜੋਕੇ ਪੜਾਅ ਦਾ ਅਮਾਨਵੀ ਅਤੇ ਮਾਨਵ-ਵਿਰੋਧੀ ਚਿਹਰਾ ਬੇਨਕਾਬ ਕਰਦਾ ਹੈ। ਤਿੰਨੇ ਭਾਗਾਂ ਦਾ ਸਾਂਝਾ ਕਿਰਦਾਰ ਅਮਰੀਕ ਇਸ ਭਾਗ ਵਿਚ ਕੇਂਦਰੀ ਸਥਾਨ ਪ੍ਰਾਪਤ ਕਰ ਲੈਂਦਾ ਹੈ। ਇਸ ਭਾਗ ਦਾ ਨਾਮ 'ਘਾਟੀ ਪੁਤਲੀਗਰਾਂ ਦੀ' ਨਾਵਲ ਦੀ ਕੇਂਦਰੀ ਰਚਨਾ-ਵਸਤੂ ਅਤੇ ਰਚਨਾ-ਦ੍ਰਿਸ਼ਟੀ ਦਾ ਸੂਚਕ ਹੈ। ਅਜੋਕੇ ਸਾਮਰਾਜੀ ਵਿਸ਼ਵੀਕਰਨ ਦਾ ਸਰਦਾਰ ਅਮਰੀਕਾ ਆਪਣੀ ਸਾਮਰਾਜੀ ਲਲ੍ਹਕ ਦੀ ਪੂਰਤੀ ਲਈ ਸਮੁੱਚੇ ਸੰਸਾਰ ਦੇ ਕੁਦਰਤੀ ਅਤੇ ਮਨੁੱਖੀ ਸੋਮਿਆਂ ਨੂੰ ਕੱਠ-ਪੁਤਲੀਆਂ ਵਾਂਗ ਆਪਣੀਆਂ ਉਂਗਲਾਂ ਦੇ ਇਸ਼ਾਰੇ 'ਤੇ ਨਚਾਉਣ ਲਈ ਯਤਨਸ਼ੀਲ ਨਜ਼ਰ ਆਉਂਦਾ ਹੈ।

ਨਾਵਲਕਾਰ ਨੇ ਅਮਰੀਕ ਨੂੰ ਮਨੁੱਖੀ ਦਿਮਾਗ ਦੀ ਅਪਾਰ ਸਮਰੱਥਾ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਹੈ ਜਿਸਦੀ ਕੁਵਰਤੋਂ ਲਈ ਅਮਰੀਕੀ ਸਮਾਜ ਉਸਨੂੰ ਖਰੀਦ (Hire) ਲੈਂਦਾ ਹੈ। ਪੂੰਜੀਵਾਦ ਦਾ ਇਹ ਖਾਸਾ ਹੈ ਕਿ ਉਹ ਮਨੁੱਖ ਅੰਦਰ ਖਾਈ-ਹੰਢਾਈ ਦੀ ਇੰਨੀ ਪ੍ਰਬਲ ਲਾਲਸਾ ਪੈਦਾ ਕਰ ਦਿੰਦਾ ਹੈ ਕਿ ਮਨੁੱਖ ਉਸਦੀ ਪੂਰਤੀ ਲਈ ਆਪਣਾ ਸਭ ਕੁਝ ਦਾਅ 'ਤੇ ਲਗਾ ਦਿੰਦਾ ਹੈ। ਅਮਰੀਕ ਨਾਲ ਵੀ ਇਹੀ ਵਾਪਰਦਾ ਹੈ। ਜੇਲ੍ਹਵਾਸ ਅਤੇ ਰੈਡੀ (ਨਾਵਲ ਦਾ ਇਕ ਪਾਤਰ) ਦੀ ਪ੍ਰੇਰਨਾ ਨਾਲ ਉਹ ਗਿਆਨ-ਪ੍ਰਾਪਤੀ ਦੇ ਰਾਹ ਉੱਤੇ ਤੁਰ ਪੈਂਦਾ ਹੈ ਅਤੇ ਸੱਤ-ਅੱਠ ਸਾਲਾਂ ਦੀ ਲਗਾਤਾਰ ਪੜ੍ਹਾਈ-ਲਿਖਾਈ ਸਦਕਾ ਉਸ ਦੀਆਂ ਸੁੱਤੀਆਂ ਪਈਆਂ ਦਿਮਾਗੀ ਸ਼ਕਤੀਆਂ ਇੰਨੀਆਂ ਜਾਗ ਪੈਂਦੀਆਂ ਹਨ ਕਿ ਉਸਦਾ ਬਹੁਵੰਨਾ ਪਰ ਨਿਰਪੇਖ ਗਿਆਨ ਉਸ ਵਾਸਤੇ ਭਾਰਤ ਅਤੇ ਅਮਰੀਕਾ ਵਿਚ ਬੇਮਿਸਾਲ ਪ੍ਰਸਿੱਧੀ ਦਾ ਕਾਰਨ ਬਣ ਜਾਂਦਾ ਹੈ। ਅਮਰੀਕਾ ਉਸਨੂੰ ਹਰ ਤਰ੍ਹਾਂ ਦਾ ਲੋਭ ਲਾਲਚ ਦੇ ਕੇ ਆਪਣੇ ਖ਼ੁਫੀਆ ਵਿਭਾਗ ਵਿਚ ਤਾਇਨਾਤ ਕਰ ਲੈਂਦਾ ਹੈ ਅਤੇ ਉਹ ਖ਼ੁਫੀਆ ਵਿਭਾਗ ਵਲੋਂ ਲਾਈ ਆਪਣੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਂਦਾ ਹੈ। ਨਾਵਲ ਵਿਚਲੀ ਇਹ ਸਥਿਤੀ ਦੁਨੀਆ ਭਰ ਦੇ ਸਰੀਰਕ ਅਤੇ ਬੌਧਿਕ ਕਾਮਿਆਂ ਦੇ ਚੇਤਨਾਗਤ ਪਛੜੇਵੇਂ ਦੀ ਸੂਚਕ ਹੈ, ਜਿਸਦੇ ਸਿੱਟੇ ਵਜੋਂ ਉਹ ਆਪਣੀ ਮਿਹਨਤ ਨੂੰ ਚੰਦ ਕੌਡੀਆਂ ਦੇ ਬਦਲੇ ਵੇਚ ਰਹੇ ਹਨ। ਵਿਅੰਗ ਇਹ ਹੈ ਕਿ ਜਿੰਨੀ ਇਮਾਨਦਾਰੀ ਅਤੇ ਵਫਾਦਾਰੀ ਨਾਲ ਕਾਮੇ ਆਪਣਾ ਫਰਜ਼ ਨਿਭਾਉਂਦੇ ਹਨ ਉਨੀ ਵੱਧ ਗੁਲਾਮੀ ਦੇ ਸ਼ਿਕਾਰ ਉਹ ਹੁੰਦੇ ਜਾਂਦੇ ਹਨ।

ਨਾਵਲਕਾਰ ਦੀ ਲੋਕਪੱਖੀ ਨਰੋਈ ਸਮਝ ਦਾ ਪ੍ਰਮਾਣ ਖ਼ੁਫੀਆ ਵਿਭਾਗ ਦੀ 'ਹਾਇਰ ਐਂਡ ਫਾਇਰ' ਦੀ ਕੂਟਨੀਤੀ ਦੀ ਪਰਖ-ਪੜਤਾਲ ਵਿਚੋਂ ਵੀ ਮਿਲਦਾ ਹੈ। ਖ਼ੁਫੀਆ ਵਿਭਾਗ ਦੇ ਕਰਮਚਾਰੀ ਜਦੋਂ ਵਿਭਾਗ ਦੇ ਨਿਯਮਾਂ ਤੋਂ ਵਿਚਰ ਕੇ ਆਪਣੀ ਮਰਜ਼ੀ ਦਾ ਕੁਝ ਕਰਨਾ ਲੋਚਦੇ ਹਨ ਤਾਂ ਵਿਭਾਗ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੰਦਾ ਹੈ। ਅਮਰੀਕ ਨਾਲ ਵੀ ਇਹੀ ਵਾਪਰਦਾ ਹੈ।

ਨਾਵਲਕਾਰ ਦੀ ਇਸ ਹਨ੍ਹੇਰਗਰਦੀ ਵਿਚ ਵੀ ਆਸ ਦੀ ਰਿਸ਼ਮ ਵਿਚ ਭਰੋਸੇ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਅਮਰੀਕ ਦਾ ਮਿੱਤਰ ਡੇਵਿਡ ਅਤੇ ਉਹਦੀ ਮੂੰਹ ਬੋਲੀ ਧੀ ਜੈਸੀ ਉਸਦੀ ਕਿਤਾਬ "ਵਸੀਅਤਨਾਮਾ" ਨੂੰ ਰੈਡੀ ਕੋਲ ਸਹੀ-ਸਲਾਮਤ ਪਹੁੰਚਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਅਮਰੀਕ ਦੀ ਇਹ ਕਿਤਾਬ ਅਤੇ ਉਸਦੇ ਪੁੱਤਰ ਪ੍ਰੇਮ ਦੇ ਜਿਉਂਦੇ ਹੋਣ ਦੀ ਖਬਰ ਮਨੁੱਖ ਜਾਤੀ ਲਈ ਸ਼ਾਨਦਾਰ ਭਵਿੱਖ ਦੀ ਸਿਰਜਣਾ ਦੇ ਸੰਕੇਤ ਹੋ ਨਿਬੜਦੇ ਹਨ। ਜਿਸਦਾ ਗਲਪੀ ਚਿੱਤਰ ਨਾਵਲ ਦੇ ਅਗਲੇ ਭਾਗਾਂ ਵਿਚ ਵਿਸਤਾਰ ਨਾਲ ਪੇਸ਼ ਕੀਤੇ ਜਾਣ ਦੀ ਉਮੀਦ ਰੱਖੀ ਜਾ ਸਕਦੀ ਹੈ।

ਸਮੁੱਚੇ ਤੌਰ 'ਤੇ ਇਹ ਨਾਵਲ ਨਾਵਲਕਾਰ ਦੀ ਬੌਧਿਕ ਪਕਿਆਈ ਅਤੇ ਗਲਪੀ ਮੁਹਾਰਤ ਦੀ ਬੇਜੋੜ ਸਿਰਜਣਾ ਹੈ ਜਿਸਨੇ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਇੱਕ ਨਵਾਂ ਪ੍ਰਤੀਮਾਨ ਸਿਰਜਿਆ ਹੈ।

ਕਹਾਣੀ

ਸ਼ਰਤ

ਮਨਜੀਤ ਬਠਿੰਡਾ

ਪ੍ਰਦੀਪ ਅੱਜ ਕੁਝ ਸਵੱਖਤੇ ਹੀ ਜਾਗ ਪਿਆ। ਉਂਝ ਐਤਵਾਰ ਵਾਲੇ ਦਿਨ ਤਾਂ ਉਸਦੀ ਇਹ ਪੱਕੀ ਆਦਤ ਹੀ ਬਣ ਚੁੱਕੀ ਸੀ ਕਿ ਉਹ ਹਮੇਸ਼ਾ ਹੀ ਬਿਸਤਰੇ ਵਿਚੋਂ ਉੱਠਦੇ-ਉੱਠਦੇ ਨੌਂ ਦਸ ਬਜਾ ਦਿੰਦਾ। ਉਹ ਬੈੱਡ ਦੇ ਸਰਹਾਣੇ ਕੁਝ ਦੇਰ ਢਾਸਨਾ ਲਾ ਕੇ ਬੈਠਾ ਰਿਹਾ। ਬੈਠੇ-ਬੈਠੇ ਉਸਨੇ ਆਪਣਾ ਹੱਥ ਪਿਛਾਹਾਂ ਨੂੰ ਕਰ ਕੇ ਸਵਿੱਚ ਬੋਰਡ ਤੋਂ ਲਾਈਟ ਆਨ ਕਰ ਦਿੱਤੀ। ਕੰਧ ਉੱਪਰ ਲੱਗੇ ਬਾਲ ਕਲਾਕ ਵੱਲ ਦੇਖਿਆ ਪੰਜ ਵੱਜਣ ਵਾਲੇ ਸਨ।

ਕਲਾਕ ਦੇ ਹੇਠਾਂ ਲੱਗੀ ਤਸਵੀਰ ਵੱਲ ਉਸ ਨੇ ਸਰਸਰੀ ਦੇਖਣ ਦਾ ਯਤਨ ਕੀਤਾ ਅਤੇ ਆਪਣੀਆਂ ਨਜ਼ਰਾਂ ਚੁਰਾ ਲਈਆਂ। ਤਸਵੀਰ ਵਿਚੋਂ ਸਰੋਜ ਨੇ ਜਿਵੇਂ ਉਸ ਨੂੰ ਕਿਹਾ ਹੋਵੇ, "ਇੰਝ ਅੱਖਾਂ ਚੁਰਾ ਕੇ ਮੇਰੇ ਕੋਲੋਂ ਕਿਵੇਂ ਭੱਜੋਗੇ?"

ਪ੍ਰਦੀਪ ਨੇ ਸਿਰ ਨੂੰ ਹਲਕਾ ਜਿਹਾ ਝਟਕਾ ਦਿੱਤਾ ਅਤੇ ਦੁਬਾਰਾ ਫਿਰ ਸਰੋਜ ਦੀ ਤਸਵੀਰ ਵੱਲ ਦੇਖਣ ਲੱਗ ਪਿਆ। ਜੋ ਕਦਮ ਤੁਸੀਂ ਚੁੱਕ ਰਹੇ ਹੋ, ਕੀ ਇਹ ਠੀਕ ਹੈ? ਕਿੱਥੇ ਗਏ, ਤੁਹਾਡੇ ਵਾਅਦੇ, ਕੀ ਤੁਸੀਂ ਆਪਣੀ ਕਿਰਨ ਨਾਲ ਇਹ ਧੱਕਾ ਨਹੀਂ ਕਰ ਰਹੇ।" ਸਰੋਜ ਨੇ ਜਿਵੇਂ ਫੇਰ ਉਸ ਨੂੰ ਸਵਾਲ ਕੀਤਾ ਹੋਵੇ। ਹਵਾ ਵਿਚ ਤੈਰਦਾ ਸਵਾਲ ਪ੍ਰਦੀਪ ਦੇ ਸਿਰ 'ਤੇ ਕਿਸੇ ਭਾਰੀ ਚੱਟਾਨ ਵਾਂਗ ਆ ਟਕਰਾਇਆ।

ਪਿਛਲੇ ਕੁਝ ਸਮੇਂ ਤੋਂ ਕਾਫੀ ਐਕਟਿਵ ਰਹਿਣ ਵਾਲੀ ਕਿਰਨ ਦਾ ਮੂਡ ਉਸ ਨੂੰ ਕਈ ਦਿਨਾਂ ਤੋਂ ਠੀਕ ਨਹੀਂ ਸੀ ਲੱਗ ਰਿਹਾ। ਖਾਸ ਕਰ ਉਸ ਦਾ ਵਰਤਾਓ ਪ੍ਰਦੀਪ ਨਾਲ ਕੁਝ ਭੇਦ ਭਰਿਆ ਜਿਹਾ ਹੋ ਗਿਆ ਸੀ। ਉਹ ਬੈੱਡ 'ਚੋਂ ਉੱਠ ਕਮਰੇ ਵਿਚ ਏਧਰ-ਉਧਰ ਤੁਰਨ ਲੱਗਾ। ਆਪਣੇ ਕਮਰੇ ਵਿਚੋਂ ਉਹ ਲੌਬੀ ਵਿਚ ਆ ਗਿਆ। ਕਿਰਨ ਆਪਣੇ ਬੈੱਡ ਰੂਮ ਵਿਚ ਘੂਕ ਸੁੱਤੀ ਪਈ ਸੀ। ਪਰ ਉਸ ਦੇ ਬਾਊ ਜੀ ਦੇ ਕਮਰੇ ਵਿਚੋਂ ਮੱਧਮ ਰੋਸ਼ਨੀ ਆ ਰਹੀ ਸੀ। ਉਹ ਸ਼ਾਇਦ ਉੱਠ ਬੈਠੇ ਸਨ।

ਕਿਚਨ ਵਿਚ ਆ ਕੇ ਉਸ ਨੇ ਤਿੰਨ ਕੱਪ ਚਾਹ ਦੇ ਬਣਾਏ ਅਤੇ ਕੱਪਾਂ ਵਿਚ ਪਾ ਲਏ। ਕੱਪ ਟਰੇਅ ਵਿਚ ਰੱਖ ਕੇ ਪਹਿਲਾਂ ਉਹ ਕਿਰਨ ਦੇ ਕਮਰੇ ਵਿਚ ਗਿਆ। ਲਾਈਟ ਆਨ ਕਰਕੇ ਟਰੇਅ ਉਸਦੇ ਸਿਰਹਾਣੇ ਬੈੱਡ ਦੀ ਸੈਲਫ ਉਪਰ ਰੱਖ ਉਸ ਦੇ ਚਿਹਰੇ ਵੱਲ ਬੜੇ ਹੀ ਪਿਆਰ ਨਾਲ ਦੇਖਣ ਲੱਗ ਪਿਆ। "ਪਤਾ ਨਹੀਂ ਕਿਉਂ।" ਅਚੇਤ ਹੀ ਉਸਦੇ ਮੂੰਹੋਂ ਨਿਕਲ ਗਿਆ। ਉਸ ਨੂੰ ਕਿਰਨ ਦਾ ਮਾਸੂਮ ਚਿਹਰਾ ਦੇਖ ਆਪਣੇ ਅੰਦਰ ਇਕ ਸੁਖ ਜਿਹੇ ਦਾ ਅਹਿਸਾਸ ਹੋਇਆ। ਉਸ ਨੇ ਕਿਰਨ ਦੇ ਮੱਥੇ ਉਪਰ ਪੋਲਾ ਜਿਹਾ ਹੱਥ ਰੱਖਿਆ ਅਤੇ ਮੱਥੇ ਨੂੰ ਪਲੋਸ ਕੇ ਸਿਰ ਦੇ ਵਾਲਾਂ ਨੂੰ ਸਿੱਧੇ ਕੀਤਾ।

"ਬੇਟਾ ਉਠੋ ਚਾਹ ਪੀ ਲਵੋ।" ਉਸ ਨੇ ਬਹੁਤ ਹੀ ਪਿਆਰ ਨਾਲ ਕਿਹਾ। ਕਿਰਨ ਨੇ ਅੱਖਾਂ ਖੋਲ੍ਹ ਕੇ ਆਪਣੇ ਡੈਡੀ ਵੱਲ ਦੇਖਿਆ ਅਤੇ ਫੇਰ ਅੱਖਾਂ ਬੰਦ ਕਰ ਲਈਆਂ।

"ਚਾਹ ਬਿਲਕੁਲ ਠੰਡੀ ਹੋ ਜਾਵੇਗੀ, ਉਠ ਕੇ ਪੀ ਲਈਂ ਬੇਟਾ।" ਕਹਿੰਦਾ ਪ੍ਰਦੀਪ ਹੱਥ ਵਿਚ ਟਰੇਅ ਫੜੀ ਕਮਰੇ ਵਿਚੋਂ ਨਿਕਲ ਆਇਆ। ਪਿਤਾ ਜੀ ਦੇ ਕਮਰੇ ਵਿਚ ਜਾ, ਚਾਹ

ਉਹਨਾਂ ਦੇ ਸਿਰਹਾਣੇ ਰੱਖ ਦਿੱਤੀ। ਉਹ ਪਹਿਲਾਂ ਹੀ ਜਾਗ ਰਹੇ ਸਨ, ਸ਼ਾਇਦ ਭਜਨ ਪਾਠ ਵਿਚ ਲੀਨ ਸਨ। ਉਹਨਾਂ ਨੂੰ ਉਹ ਕੁਝ ਕਹੇ ਬਿਨਾਂ ਸਿੱਧਾ ਚਾਹ ਲੈ ਕੇ ਆਪਣੇ ਕਮਰੇ ਵਿਚ ਆ ਗਿਆ। "ਅੱਜ ਛੁੱਟੀ ਦਾ ਦਿਨ ਹੈ ਅਤੇ ਉਹ ਕਿਰਨ ਨਾਲ ਜ਼ਰੂਰ ਗੱਲ ਕਰੇਗਾ।"

ਸਰੋਜ ਦੀ ਮੌਤ ਹੋ ਜਾਣ ਤੋਂ ਪਿੱਛੋਂ ਕਈ ਮਹੀਨੇ ਤੱਕ ਤਾਂ ਉਸ ਨੂੰ ਜਿਵੇਂ ਕੋਈ ਦੀਨ-ਦੁਨੀਆ ਦੀ ਖ਼ਬਰ ਹੀ ਨਹੀਂ ਸੀ ਰਹੀ। ਉਸ ਨੇ ਕਾਫੀ ਦੇਰ ਸ਼ੇਵ ਵੀ ਨਹੀਂ ਸੀ ਕੀਤੀ। ਉਹ ਤਾਂ ਪੂਰਾ ਦੇਵਦਾਸ ਹੀ ਬਣ ਗਿਆ ਸੀ।

ਦਫਤਰ ਵਿਚ ਉਸਦੇ ਨੇੜਲੇ ਸੀਨੀਅਰ ਦੋਸਤਾਂ ਨੇ ਉਸ ਨੂੰ ਹਮਦਰਦੀ ਦੇ ਲਹਿਜ਼ੇ ਵਿਚ ਕਿਹਾ ਸੀ, "ਮਿਸਟਰ ਪ੍ਰਦੀਪ, ਦੇਖੋ, ਪਲੀਜ਼ ਇਸ ਤਰ੍ਹਾਂ ਕਿੰਨੇ ਦਿਨ ਚੱਲੇਗਾ?ਸ਼ੇਵ ਵਗੈਰਾ ਕਰਕੇ ਹੀ ਦਫਤਰ ਆਇਆ ਕਰੋ। ਤੁਰ ਜਾਣ ਵਾਲਿਆਂ ਦੇ ਨਾਲ ਅਸੀਂ ਥੋੜ੍ਹਾ ਹੀ ਜਾ ਸਕਦੇ ਹਾਂ। ਸੰਸਾਰ ਤਾਂ ਇਸੇ ਤਰ੍ਹਾਂ ਹੀ ਚਲਦਾ ਰਹੇਗਾ।"

ਦੋਸਤਾਂ ਅਤੇ ਰਿਸ਼ਤੇਦਾਰਾਂ ਵਲੋਂ ਉਸ ਨੂੰ ਕਾਫੀ ਹੌਸਲਾ ਮਿਲਿਆ ਸੀ। ਪੂਰਾ ਇਕ ਸਾਲ ਤਕ ਤਾਂ ਉਸਦੀਆਂ ਦੋਵੇਂ ਭੈਣਾਂ ਵਾਰੀ ਸਿਰ ਆ ਕੇ ਘਰ ਨੂੰ ਸੰਭਾਲਦੀਆਂ ਰਹੀਆਂ। ਆਖਿਰ ਉਹਨਾਂ ਦੀ ਵੀ ਆਪਣੀ-ਆਪਣੀ ਕਬੀਲਦਾਰੀ ਸੀ, ਸਾਰੀ ਉਮਰ ਲਈ ਥੋੜ੍ਹਾ ਦੋਵੇਂ ਆ ਸਕਦੀਆਂ ਸਨ। ਹੁਣ ਤਾਂ ਉਹ ਕਦੇ-ਕਦਾਈਂ ਪ੍ਰਾਹੁਣਿਆਂ ਵਾਂਗ ਹੀ ਆਉਂਦੀਆਂ ਅਤੇ ਇਕ-ਦੋ ਰਾਤਾਂ ਕਟਾ ਕੇ ਚਲੀਆਂ ਜਾਂਦੀਆਂ। ਉਸ ਦੀ ਵੱਡੀ ਭੈਣ ਸੁੰਦਰੀ ਉਸ ਨਾਲ ਬਹੁਤ ਮੋਹ ਕਰਦੀ, ਉਹ ਉਸ ਨੂੰ ਕਈ ਵਾਰ ਆਖ ਚੁੱਕੀ ਸੀ, "ਦੇਖ ਵੀਰ, ਤੂੰ ਹੁਣ ਸਾਰੀ ਉਮਰ ਆਪ ਥੋੜ੍ਹਾ ਹੱਥ ਸਾੜਦਾ ਰਹੇਂਗਾ, ਤੂੰ ਇਕ ਵਾਰ ਹਾਂ ਕਰ ਮੈਂ ਆਪੇ ਤੇਰੇ ਲਈ ਕੋਈ ਜ਼ਰੂਰਤਮੰਦ ਲੜਕੀ ਲੱਭ ਲਵਾਂਗੀ।"

ਚਾਹ 'ਤੇ ਆਈ ਮਲਾਈ ਉਸ ਨੇ ਚੁੱਕ ਕੇ ਕੱਪ ਦੇ ਕਿਨਾਰੇ ਨਾਲ ਲਾ ਦਿੱਤੀ ਅਤੇ ਫੇਰ ਸਰੋਜ ਦੀ ਤਸਵੀਰ ਵੱਲ ਦੇਖਣ ਲੱਗ ਪਿਆ। ਉਸ ਦੀਆਂ ਅੱਖਾਂ ਜਿਵੇਂ ਉਸ ਨੂੰ ਕੁਝ ਕਹਿ ਰਹੀਆਂ ਹੋਣ, ਕੋਈ ਗੱਲ ਕਰਨ ਤੋਂ ਪਹਿਲਾਂ ਉਹ ਪ੍ਰਦੀਪ ਵੱਲ ਇਸ ਤਰ੍ਹਾਂ ਦੇਖਦੀ ਹੁੰਦੀ ਕਿ ਉਸਦੀਆਂ ਅੱਖਾਂ ਹੀ ਬੋਲਦੀਆਂ ਲੱਗਦੀਆਂ। ਜਦੋਂ ਵੀ ਉਹ ਸਰੋਜ ਨੂੰ ਨਾਲ ਲੈ ਕੇ ਮਾਰਕੀਟ ਕਰਨ ਜਾਂਦਾ ਤਾਂ ਹਮੇਸ਼ਾ ਹੀ ਇਸੇ ਤਰ੍ਹਾਂ ਹੁੰਦਾ। ਖਰੀਦਦਾਰੀ ਸਮੇਂ ਦੁਕਾਨਦਾਰ ਅਕਸਰ ਹੀ ਸਾਮਾਨ ਦਿਖਾਉਂਦੇ ਹੋਏ ਪੁੱਛਦੇ "ਹਾਂ ਦੱਸੋ ਮੈਡਮ ਕਿਹੜਾ ਪੈਕ ਕਰਾਂ?" ਪਰ ਸਰੋਜ ਦੁਕਾਨਦਾਰ ਨੂੰ ਉੱਤਰ ਨਾ ਦੇ ਕੇ ਉਸ ਵੱਲ ਕੁਝ ਅਜਿਹੀਆਂ ਸੰਕੇਤਕ ਨਜ਼ਰਾਂ ਨਾਲ ਦੇਖਦੀ ਤਾਂ ਉਹ ਬੋਲ ਪੈਂਦਾ। "ਇਹ ਪੈਕ ਕਰ ਦਿਉ।"

"ਮੈਂ ਤਾਂ ਮੈਡਮ ਨੂੰ ਪੁੱਛ ਰਿਹੈਂ।" ਦੁਕਾਨਦਾਰ ਪੁੱਛਦਾ

"ਤੇ ਇਹ ਇਹਨਾਂ ਦੀ ਪਸੰਦ ਹੈ।" ਅੱਗੋਂ ਪ੍ਰਦੀਪ ਕਹਿੰਦਾ, ਦੁਕਾਨਦਾਰ ਹੈਰਾਨ ਰਹਿ ਜਾਂਦਾ।

ਰਸੋਈ ਦਾ ਸਾਮਾਨ ਲੈਣ ਵੀ ਉਹ ਦੋਵੇਂ ਹੀ ਜਾਂਦੇ। ਨਿੱਕੀ ਕਿਰਨ ਨੂੰ ਉਹ ਘਰੇ ਆਪਣੀ ਮਾਂ ਜੀ ਕੋਲ ਛੱਡ ਜਾਂਦੇ ਸਨ। ਉਹ ਰਸੋਈ ਦਾ ਮੁੱਕਿਆ ਹੋਇਆ ਸਾਮਾਨ ਮੂੰਹ ਜ਼ਬਾਨੀ ਯਾਦ ਰੱਖਦੀ ਸੀ। ਉਹ ਆਪ ਦੁਕਾਨਦਾਰ ਨੂੰ ਬੋਲ-ਬੋਲ ਕੇ ਸਾਰਾ ਸਾਮਾਨ ਲਿਖਵਾ ਦਿੰਦੀ, ਸਾਮਾਨ ਪੈਕ ਕਰਵਾ ਉਹ ਸਕੂਟਰ ਦੇ ਅੱਗੇ ਰਖਵਾ ਲੈਂਦੇ। ਘਰੇ ਮੁੜਦੇ ਹੋਏ ਕੈਮਿਸਟ ਦੀ ਦੁਕਾਨ ਕੋਲ ਪਹੁੰਚ ਸਰੋਜ "ਰੋਕੋ ਰੋਕੋ।" ਆਖ ਸਕੂਟਰ ਰੁਕਵਾ ਲੈਂਦੀ। ਘਰ ਵਿਚ ਮੁੱਕ ਗਈਆਂ ਦਵਾਈਆਂ ਦੇ ਨਾਂਅ ਦੱਸ ਖਰੀਦ ਲਿਆਉਣ ਲਈ ਆਖਦੀ

ਅਤੇ ਫੇਰ ਉਹ ਉਸ ਵਲ ਉਸੇ ਤਰ੍ਹਾਂ ਸੰਕੇਤਕ ਭਾਸ਼ਾ ਨਾਲ ਦੇਖਦੀ। ਉਹ ਸਮਝ ਜਾਂਦਾ ਕਿ ਸਰੋਜ ਦਾ ਇਸ਼ਾਰਾ ਉਸ ਲਈ ਕੌਟਨ ਦਾ ਪੈਕਟ ਅਤੇ ਨੈਪਕੀਨਜ਼ ਲਈ ਹੈ। ਆਪ ਉਹ ਦੁਕਾਨ ਦੇ ਬਾਹਰ ਸਕੂਟਰ ਕੋਲ ਖੜੋ ਜਾਂਦੀ। ਕੈਮਿਸਟ ਤੋਂ ਦਵਾਈਆਂ ਹਮੇਸ਼ਾ ਪ੍ਰਦੀਪ ਹੀ ਖਰੀਦ ਕਰਦਾ।

ਉਸ ਦਾ ਖਿਆਲ ਫੇਰ ਕਿਰਨ ਵੱਲ ਚਲਿਆ ਗਿਆ। ਹੁਣ ਕਿਰਨ ਨੂੰ ਕਿਸੇ ਔਰਤ ਦੇ ਸਹਾਰੇ ਦੀ ਲੋੜ ਉਸ ਨੂੰ ਬਹੁਤ ਮਹਿਸੂਸ ਹੋਣ ਲੱਗੀ। "ਇਸ ਵਾਰ ਪੇਪਰਾਂ ਤੋਂ ਪਿੱਛੋਂ ਉਹ ਕਿਰਨ ਨੂੰ ਆਪਣੀ ਵੱਡੀ ਭੈਣ ਕੋਲ ਭੇਜ ਦੇਵੇਗਾ ਅਤੇ ਉਥੇ ਹੀ ਦਾਖਲ ਕਰਵਾ ਦੇਵੇਗਾ। ਉਸ ਦੀ ਭਾਣਜੀ ਵੀ ਤਾਂ ਕਿਰਨ ਦੇ ਹਾਣ ਦੀ ਹੈ। ਦੋਵੇਂ ਇੱਕਠੀਆਂ ਭੈਣ ਦੀ ਦੇਖ-ਰੇਖ ਹੇਠ ਰਹਿਣਗੀਆਂ। ਉਹ ਇਕ ਦੋ ਸਾਲ ਤੱਕ ਸਿਆਣੀ ਹੋ ਜਾਵੇਗੀ ਫਿਰ ਉਹ ਉਸ ਨੂੰ ਵਾਪਸ ਲੈ ਆਵੇਗਾ। ਜੇ ਕਰ ਘਰੇ ਮਾਂ ਜੀ ਬੈਠੇ ਹੁੰਦੇ ਤਾਂ ਹੋਰ ਗੱਲ ਸੀ। ਉਹ ਤਾਂ ਸਗੋਂ ਪੋਤੇ ਨੂੰ ਉਡੀਕਦੇ-ਉਡੀਕਦੇ ਤੁਰ ਗਏ ਸਨ। ਧਾਰਮਿਕ ਖਿਆਲਾਂ ਦੇ ਹੋਣ ਕਰਕੇ ਉਹ ਰੋਜ਼ ਹੀ ਮੰਦਰ ਜਾਂਦੇ ਅਤੇ ਭਗਵਾਨ ਅੱਗੇ ਅਰਦਾਸਾਂ ਕਰਦੇ ਰਹਿੰਦੇ ਸਨ। ਅਚਾਨਕ ਪਏ ਦਿਲ ਦੇ ਦੌਰੇ ਨੇ ਉਹਨਾਂ ਦੀ ਜਾਨ ਲੈ ਲਈ ਸੀ। ਚਾਰ-ਪੰਜ ਸਾਲ ਦੀ ਕਿਰਨ ਉਦੋਂ ਬਹੁਤ ਹੀ ਰੋਈ ਸੀ।"

ਬਾਲ ਮਨ 'ਤੇ ਘਰ ਵਿਚ ਹੋਈ ਇਸ ਮੌਤ ਨੇ ਆਪਣਾ ਡੂੰਘਾ ਅਸਰ ਛੱਡਿਆ। ਸੁੱਤੀ ਪਈ ਕਿਰਨ ਅਕਸਰ ਹੀ ਰਾਤ ਨੂੰ ਉੱਠ ਬੈਠਦੀ ਸੀ ਅਤੇ ਨੀਂਦ ਵਿਚ ਹੀ ਬੁੜ-ਬੁੜਾਉਣ ਲੱਗ ਪੈਂਦੀ। "ਨਹੀਂ...... ਨਹੀਂ..... ਮੈਂ ਨਹੀਂ...... ਜਾਣਾ, ਤੁਸੀਂ ਮੇਰੀ ਗੁੱਡੀ ਨੂੰ ਛੱਡ ਦੇਵੋ .... ਛੱਡ ਦੇਵੋ......... ਬੇ........ ਜੀ......... ਤੁਸੀਂ ਕਿੱਥੇ ਲੈ ਕੇ ਜਾਵੋਗੇ, ਚੱਲੋ...... ਚੱਲੋ...... ਛੱਡੋ ਛੱਡੋ।" ਉਹ ਹਨੇਰੇ ਵਿਚ ਡਰ ਨਾਲ ਕੰਬਣ ਲੱਗ ਪੈਂਦੀ, ਆਪਣੀ ਮੰਮੀ ਨਾਲ ਚਿੰਬੜ ਜਾਂਦੀ। ਸਰੋਜ ਵਹਿਮ ਕਰਨ ਲੱਗ ਪੈਂਦੀ, ਧਾਗੇ ਤਬੀਤਾਂ ਦੀਆਂ ਗੱਲਾਂ ਕਰਦੀ। ਪਰ ਉਹ ਉਸ ਨੂੰ ਸਮਝਾਉਂਦਾ, "ਫ਼ਿਕਰ ਵਾਲੀ ਕੋਈ ਗੱਲ ਨਹੀਂ, ਦਿਨੇ ਘਰ ਵਿਚ ਸੋਗ ਕਰਨ ਆਏ ਮਹਿਮਾਨਾਂ ਤੋਂ ਕਿਰਨ ਸਾਰਾ ਦਿਨ ਕੁਝ ਨਾ ਕੁਝ ਸੁਣਦੀ ਰਹਿੰਦੀ ਹੈ, ਛੋਟੀ ਹੋਣ ਕਰਕੇ ਇਸਦੇ ਮਨ 'ਤੇ ਗੱਲਾਂਬਾਤਾਂ ਦਾ ਅਸਰ ਰਹਿੰਦਾ ਹੈ। ਸਭ ਠੀਕ ਹੋ ਜਾਵੇਗਾ।"

ਠੰਡੀ ਹੋ ਗਈ ਚਾਹ ਦਾ ਉਸ ਨੇ ਆਖਰੀ ਘੁੱਟ ਭਰ ਕੱਪ ਬੈੱਡ ਦੇ ਸਿਰਹਾਣੇ ਬਣੀ ਸੈਲਫ 'ਤੇ ਰੱਖ ਦਿੱਤਾ। ਕਿਰਨ ਦੀ ਨਾਰਾਜ਼ਗੀ ਦਾ ਸਿਰਾ ਫੜਦਾ-ਫੜਦਾ ਉਹ ਫੇਰ ਕਿਸੇ ਡੂੰਘੀ ਖਾਈ ਵਿਚ ਲਹਿ ਗਿਆ। ਮਾਂ ਜੀ ਦੀ ਮੌਤ ਪਿਛੋਂ ਕਿਰਨ ਕਾਫੀ ਸੰਜੀਦਾ ਰਹਿਣ ਲੱਗ ਪਈ ਸੀ। ਉਹ ਹਮੇਸ਼ਾ ਕਿਸੇ ਡੂੰਘੀ ਸੋਚ ਵਿਚ ਡੁੱਬੀ ਹੀ ਨਜ਼ਰ ਆਉਂਦੀ, ਸਕੂਲ ਤੋਂ ਘਰ ਆ ਕੇ ਆਪਣੀ ਪੜ੍ਹਾਈ ਵਿਚ ਰੁੱਝ ਜਾਂਦੀ ਜਾਂ ਉਸ ਵਲੋਂ ਲਿਆਂਦੀਆਂ ਬੱਚਿਆਂ ਦੀਆਂ ਕਹਾਣੀਆਂ ਵਾਲੀਆਂ ਰਸ਼ੀਅਨ ਕਿਤਾਬਾਂ ਪੜ੍ਹਦੀ ਰਹਿੰਦੀ। ਪ੍ਰਦੀਪ ਤਾਂ ਉਸ ਨੂੰ ਉਸ ਦੇ ਹਾਣ ਦੀਆਂ ਖੇਡਾਂ ਵੀ ਲਿਆ ਕੇ ਦਿੰਦਾ, ਪਰ ਉਹ ਉਹਨਾਂ ਵੱਲ ਘੱਟ ਹੀ ਧਿਆਨ ਦਿੰਦੀ। ਸਗੋਂ ਉਹਨਾਂ ਨੂੰ ਆਪਣੀ ਅਲਮਾਰੀ ਵਿਚ ਸੰਭਾਲ ਕੇ ਰੱਖ ਦਿੰਦੀ ਸੀ।

ਆਪਣੇ ਹੀ ਸੰਸਾਰ ਵਿਚ ਗੁੰਮ ਰਹਿਣ ਵਾਲੀ ਕਿਰਨ ਦੇ ਅੰਦਰ ਅਥਾਹ ਪਿਆਰ ਦਾ ਸਮੁੰਦਰ ਉਸਨੇ ਇਕ ਦੀਵਾਲੀ ਦੀ ਰਾਤ ਨੂੰ ਦੇਖਿਆ ਸੀ। ਦੀਵਾਲੀ ਦੇ ਪਟਾਖੇ ਉਹ ਆਪ ਕੋਲ ਖੜੋ ਕੇ ਕਿਰਨ ਤੋਂ ਚਲਵਾਉਂਦਾ ਹੁੰਦਾ। ਫੁਲਝੜੀਆਂ ਆਦਿ ਤਾਂ ਉਹ ਕਿਰਨ ਦੇ ਹੱਥ ਫੜਾ ਦਿੰਦਾ, ਪਰ ਪਟਾਖਿਆਂ ਨੂੰ ਉਹ ਆਪ ਹੀ ਅੱਗ ਲਾਉਂਦਾ। ਇਕ ਅਨਾਰ ਨੂੰ

ਚਲਾਉਂਦੇ ਹੋਏ ਉਸ ਦੇ ਨਾਲ ਇਹ ਘਟਨਾ ਵਾਪਰ ਗਈ ਸੀ। ਉਸ ਦੇ ਖੱਬੇ ਹੱਥ ਵਿਚ ਅਨਾਰ ਫਟ ਗਿਆ ਸੀ ਅਤੇ ਹੱਥ ਬੁਰੀ ਤਰ੍ਹਾਂ ਝੁਲਸਿਆ ਗਿਆ। ਪੀੜ ਨਾਲ ਪ੍ਰਦੀਪ ਦਾ ਬੁਰਾ ਹਾਲ ਹੋ ਗਿਆ। ਕਿਰਨ ਉਸ ਦੇ ਨਾਲ ਰਾਤੀਂ ਦੋ ਵਜੇ ਤੱਕ ਜਾਗਦੀ ਰਹੀ ਸੀ। ਆਪਣੀ ਮੰਮੀ ਤੋਂ ਅੱਗੇ ਹੋ ਕੇ ਉਸ ਨੇ ਪ੍ਰਦੀਪ ਦਾ ਹੱਥ ਫੜ ਲਿਆ। ਉਸਦੇ ਹੱਥ ਉੱਪਰ ਉਹ ਲਗਾਤਾਰ ਪਾਣੀ ਪਾਉਂਦੀ ਰਹੀ ਸੀ। ਦਰਦ ਉਸ ਦੇ ਹੋ ਰਿਹਾ ਸੀ, ਪਰ ਰੋਂਦੀ ਕਿਰਨ ਰਹੀ ਸੀ। ਤਕਲੀਫ ਕੁਝ ਘਟ ਹੋਣ 'ਤੇ ਪ੍ਰਦੀਪ ਨੇ ਉਸ ਨੂੰ ਮਸਾਂ ਹੀ ਸੁਆਇਆ ਸੀ। "ਕਿਰਨ ਬੇਟੇ ਹੁਣ ਬਸ ਕਰ ਰੋ ਨਾ, ਚੁੱਪ ਕਰ, ... ਸੌਂ ਜਾ, ਹੱਥ ਤਾਂ ਮੇਰਾ ਜਲਿਐ, ਤੂੰ ਕਿਉਂ ਐਨਾ ਫ਼ਿਕਰ ਕਰਦੀ ਐਂ। ਦੋ ਚਾਰ ਦਿਨਾਂ ਤੱਕ ਠੀਕ ਹੋ ਜਾਵੇਗਾ।" ਉਸਦੇ ਹੱਥ ਨੂੰ ਦੇਖ-ਦੇਖ ਕਈ ਦਿਨ ਉਹ ਮਾਯੂਸ ਅਤੇ ਰੋਣ-ਹਾਕੀ ਜਹੀ ਫਿਰਦੀ ਰਹੀ। ਅੱਗ ਤੋਂ ਤਾਂ ਉਸ ਨੂੰ ਡਰ ਲੱਗਣ ਲੱਗ ਪਿਆ। ਕਿਰਨ ਲਈ ਉਮੜ ਆਇਆ ਪਿਆਰ ਦਾ ਅਥਾਹ ਸਮੁੰਦਰ ਉਸ ਨੂੰ ਭਾਵੁਕ ਕਰ ਗਿਆ। ਉਸ ਨੇ ਆਪਣੀਆਂ ਨਮ੍ਹ, ਹੋਈਆਂ ਅੱਖਾਂ ਨੂੰ ਹੱਥਾਂ ਨਾਲ ਸਾਫ਼ ਕੀਤਾ।

ਇਹ ਵੀ ਚੰਗਾ ਹੀ ਹੋਇਆ ਸੀ, ਜਦੋਂ ਸਰੋਜ ਨਾਲ ਵਾਪਰੀ ਘਟਨਾ ਸਮੇਂ ਕਿਰਨ ਘਰ ਨਹੀਂ ਸੀ। ਉਹ ਟਿਊਸ਼ਨ ਪੜ੍ਹਨ ਗਈ ਹੋਈ ਸੀ। ਅੱਗ ਤੋਂ ਐਨਾ ਭੈ ਖਾਂਦੀ ਕਿਰਨ ਸ਼ਾਇਦ ਆਪਣਾ ਦਿਮਾਗੀ ਸੰਤੁਲਨ ਗੁਆ ਬੈਠਦੀ, ਜੇ ਕਰ ਉਹ ਆਪਣੀ ਮੰਮੀ ਨੂੰ ਉਸ ਹਾਲਤ ਵਿਚ ਦੇਖ ਲੈਂਦੀ। ਪ੍ਰਦੀਪ ਤਾਂ ਆਪ ਅੱਗ ਬੁਝਾਉਂਦਾ ਨਾਲ ਹੀ ਝੁਲਸਿਆ ਗਿਆ ਸੀ। ਇਗਨਾਈਟਰ ਖਰਾਬ ਹੋਣ ਕਰਕੇ ਉਹ ਕਈ ਦਿਨਾਂ ਤੋਂ ਚੁਲ੍ਹੇ ਨੂੰ ਮਾਚਸ ਨਾਲ ਹੀ ਜਲਾ ਰਹੀ ਸੀ। ਉਸ ਦਿਨ ਮਾਚਸ ਸਲ੍ਹਾਬੀ ਹੋਣ ਕਰਕੇ ਦੋ ਤਿੰਨ ਤੀਲੀਆਂ ਉਸ ਤੋਂ ਨਾ ਜਲੀਆਂ ਇਨੇ ਚਿਰ ਵਿਚ ਗੈਸ ਕਾਫੀ ਨਿਕਲ ਗਈ, ਅਚਾਨਕ ਜਦੋਂ ਮਾਚਸ ਨਾਲ ਅੱਗ ਲੱਗੀ ਤਾਂ ਖੁਲ੍ਹੀ ਗੈਸ ਨਾਲ ਅੱਗ ਭੜਕ ਪਈ। ਸਰੋਜ ਚੀਕਾਂ ਮਾਰਦੀ ਕਿਚਨ ਵਿਚੋਂ ਬਾਹਰ ਭੱਜੀ। ਉਹ ਸੀਨ ਪ੍ਰਦੀਪ ਦੀਆਂ ਅੱਖਾਂ ਅੱਗੇ ਆ ਖੜ੍ਹਾ ਸੀ। "ਅੱਗ .. ਅੱਗ" ਅਤੇ "ਬਚਾਓ ..... ਬਚਾਓ" ਦੀਆਂ ਆਵਾਜ਼ਾਂ ਸੁਣ ਆਂਢ-ਗੁਆਂਢ ਇਕੱਠਾ ਹੋ ਗਿਆ। ਦੋਹਾਂ ਨੂੰ ਜਲਦੀ-ਜਲਦੀ ਹਸਪਤਾਲ ਪਹੁੰਚਾ ਦਿੱਤਾ ਗਿਆ ਸੀ। ਸਰੋਜ ਦੇ ਸਿਨਥੈਟਿਕ ਕੱਪੜੇ ਪਾਏ ਹੋਣ ਕਾਰਨ ਉਸਦਾ ਸਰੀਰ ਕਾਫੀ ਸੜ ਗਿਆ ਪਰ ਚਿਹਰਾ ਬਹੁਤਾ ਖਰਾਬ ਨਹੀਂ ਸੀ ਹੋਇਆ। ਉਸਦਾ ਸਾਰਾ ਸਰੀਰ ਡਾਕਟਰਾਂ ਨੇ ਇਕ ਕੱਪੜੇ ਦੇ ਬਣੇ ਸ਼ੈਡ ਨਾਲ ਢੱਕ ਦਿੱਤਾ, ਸਿਰਫ਼ ਉਸ ਦਾ ਚਿਹਰਾ ਹੀ ਦਿਖਾਈ ਦਿੰਦਾ ਸੀ। ਜੇਕਰ ਕਿਰਨ ਆਪਣੀ ਮੰਮੀ ਦਾ ਜਲਿਆ ਹੋਇਆ ਸਰੀਰ ਦੇਖ ਲੈਂਦੀ, ਤਾਂ ਉਥੇ ਹੀ ਬੇਹੋਸ਼ ਹੋ ਜਾਂਦੀ। ਫੇਰ ਵੀ ਕਿਰਨ ਨੂੰ ਪ੍ਰਦੀਪ ਦੀਆਂ ਭੈਣਾਂ ਅਤੇ ਹੋਰ ਲੋਕਾਂ ਨੇ ਬੜੀ ਮੁਸ਼ਕਲ ਨਾਲ ਉਹਨਾਂ ਹਾਲਤਾਂ ਵਿਚ ਸੰਭਾਲਿਆ।

ਇਸ ਘਟਨਾ ਨਾਲ ਪ੍ਰਦੀਪ ਦਾ ਸਾਰਾ ਸੰਸਾਰ ਹੀ ਉੱਜੜ ਗਿਆ। ਪੰਜ ਸਾਲ ਬੀਤ ਜਾਣ 'ਤੇ ਘਟਨਾ ਦੀ ਝਾਕੀ ਉਸ ਦੀਆਂ ਅੱਖਾਂ ਅੱਗੇ ਆ ਗਈ। ਉਸ ਨੂੰ ਡਰ ਨਾਲ ਕੰਬਣੀ ਛਿੜ ਗਈ। ਉਸ ਨੇ ਆਪਣੇ ਹੱਥਾਂ ਨੂੰ ਉਲਟਾ ਕੇ ਦੇਖਿਆ, ਚਮੜੀ ਦਾ ਰੰਗ ਕਈ ਥਾਂ ਤੋਂ ਹਾਲੇ ਵੀ ਇਕਸਾਰ ਨਹੀਂ ਸੀ ਹੋਇਆ, ਹਲਕੇ ਦਾਗ਼ ਦਿਖਾਈ ਦੇ ਰਹੇ ਸਨ।

ਲੰਘੇ ਸਾਲਾਂ ਵਿਚ ਉਸ ਨੇ ਆਪਣੀ ਪਿਆਰੀ ਕਿਰਨ ਦਾ ਪੂਰਾ ਖਿਆਲ ਰੱਖਿਆ ਸੀ। ਉਸ ਨੂੰ ਖੁਸ਼ ਰੱਖਣ ਲਈ ਕਈ ਤਰ੍ਹਾਂ ਦੀਆਂ ਵੀ.ਡੀ.ਓ. ਗੇਮਾਂ ਤੱਕ ਲਿਆ ਕੇ ਦਿੱਤੀਆਂ ਸਨ। ਹੌਲੀ-ਹੌਲੀ ਉਸ ਵਿਚ ਸਵੈ-ਵਿਸ਼ਵਾਸ ਜਾਗ ਪਿਆ ਸੀ। ਉਸ ਦੇ

ਕਹਿਣ "ਡੈਡੀ ਮੈਨੂੰ ਪੇਂਟਿੰਗ ਦਾ ਸਾਮਾਨ ਲਿਆ ਕੇ ਦੇਵੋ।" ਪ੍ਰਦੀਪ ਨੇ ਉਸ ਨੂੰ ਮਹਿੰਗੇ ਰੰਗ ਅਤੇ ਅੱਛੀ ਕੁਆਲਟੀ ਦੇ ਪੇਂਟਿੰਗ ਬੁਰਸ਼ ਲਿਆ ਦਿੱਤੇ। ਉਹ ਉਸ ਦੀ ਹਰ ਨਿੱਕੀ-ਨਿੱਕੀ ਗੱਲ ਦਾ ਖਿਆਲ ਰੱਖਣ ਲੱਗ ਪਿਆ। ਉਸ ਨੇ ਹੁਣ ਘਰੇ ਕੰਪਿਊਟਰ ਵੀ ਲੈ ਲਿਆ। "ਨਿੱਕੀ ਉਮਰ ਵਿਚ ਬੱਚੇ ਜਲਦੀ ਹੀ ਸਿੱਖ ਲੈਂਦੇ ਹਨ।" ਉਹ ਕਿਰਨ ਬਾਬਤ ਇਹੋ ਸੋਚਦਾ ਸੀ।

ਉਸਦੇ ਦਫਤਰ ਵਿਚ ਵੀ ਹੁਣ ਸਾਰੇ ਕੰਪਿਊਟਰ ਲੱਗ ਗਏ ਸਨ। ਦਫਤਰ ਦਾ ਮਾਹੌਲ ਵੀ ਹੁਣ ਕਾਫੀ ਬਦਲ ਚੁੱਕਿਆ ਸੀ। ਦਫ਼ਤਰ ਦੀ ਜ਼ਿੰਦਗੀ ਹੁਣ ਤੇਜ਼ੀ ਨਾਲ ਦੌੜਣ ਲੱਗ ਪਈ ਸੀ। ਉਸਦੇ ਦੋਸਤਾਂ ਵਿਚੋਂ ਹਰਦੀਪ ਗਿੱਲ ਉਸਦੇ ਕਾਫੀ ਨੇੜੇ ਸੀ। ਉਸ ਨੂੰ ਸ਼ਿਕਾਰ ਖੇਡਣ ਦਾ ਕਾਫੀ ਸ਼ੌਕ ਸੀ, ਇਸ ਲਈ ਦਫਤਰ ਵਿਚ ਸਾਰੇ ਉਸ ਨੂੰ ਸ਼ਿਕਾਰੀ ਗਿੱਲ ਆਖਦੇ। ਉਸ ਕੋਲ ਕਾਫੀ ਮਹਿੰਗੇ ਅਤੇ ਚੰਗੇ ਹਥਿਆਰ ਰੱਖੇ ਹੋਏ ਸਨ। ਉਸ ਦਾ ਪਿੰਡ ਉਥੋਂ ਸੱਤ-ਅੱਠ ਕਿਲੋਮੀਟਰ ਹੀ ਸੀ। ਪਿੰਡੋਂ ਰੋਜ਼ ਉਹ ਆਪਣੇ ਮੋਟਰਸਾਇਕਲ 'ਤੇ ਆਉਂਦਾ ਜਾਂਦਾ। ਲੰਚ ਟਾਈਮ 'ਤੇ ਉਹ ਆਪਣੇ ਸ਼ਿਕਾਰ ਦੇ ਕਿੱਸੇ ਸੁਣਾਉਣ ਬੈਠ ਜਾਂਦਾ। ਦੋਸਤਾਂ ਵਿਚ ਇਕੱਠੇ ਬੈਠੇ ਇਕ ਦਿਨ, ਪ੍ਰਦੀਪ ਨੂੰ ਉਸਨੇ ਕਿਹਾ, "ਯਾਰ ਕਾਫੀ ਸਮਾਂ ਤੂੰ ਇਕੱਲੇ ਨੇ ਕੱਢ ਲਿਆ, ਹੁਣ ਤਾਂ ਤੂੰ ਕੋਈ ਚੰਗੀ ਮਾੜੀ ਲੱਭ ਹੀ ਲੈ, ਨਹੀਂ ਤਾਂ ਅਸੀਂ ਹਿੰਮਤ ਕਰੀਏ ਤੇਰੇ ਲਈ?" "ਦੇਖੋ ਯਾਰ, ਤਿੱਤਰ ਇਕ ਦਿਨ ਵੀ ਤਿੱਤਰੀ ਤੋਂ ਬਿਨਾਂ ਨਹੀਂ ਰਹਿੰਦਾ, ਜੇਕਰ ਉਸ ਦੀ ਤਿੱਤਰੀ ਮਰ ਜਾਵੇ ਤਾਂ ਉਹ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਜੋੜਾ ਬਣਾ ਲੈਂਦਾ ਹੈ, ਬੇਸ਼ੱਕ ਉਸ ਨੂੰ ਕਿਸੇ ਹੋਰ ਨਾਲ ਲੜ ਕੇ ਉਸ ਦੀ ਤਿੱਤਰੀ ਕਿਉਂ ਨਾ ਖੋਹ ਕੇ ਲਿਆਉਣੀ ਪਵੇ। ਉਹ ਰਾਤ ਨੂੰ ਜੋੜਾ ਬਣਾ ਕੇ ਹੀ ਬੈਠੇਗਾ।"

"ਹੈਂ?" ਆਖ ਕੋਲ ਬੈਠੇ ਦਲਜੀਤ ਨੇ ਹੈਰਾਨੀ ਪ੍ਰਗਟ ਕਰਦੇ ਹੋਏ ਗੱਲ ਜਾਰੀ ਰੱਖੀ, "ਤਾਂ ਫੇਰ ਇਉਂ ਕਰਦੇ ਹਾਂ, ਅੱਜ ਹੀ ਕਿਸੇ ਅਖ਼ਬਾਰ ਵਿਚ ਮੈਟਰੀਮੋਨੀਅਲ ਦੇ ਦਿੰਦੇ ਹਾਂ। ਕੋਈ ਨਾ ਕੋਈ ਛੱਤਰੀ 'ਤੇ ਆ ਬੈਠੂ 'ਇਕੱਲ' ਤਾਂ ਯਾਰੋ ਸੱਚੀ ਬਹੁਤ ਹੀ ਔਖਾ ਕਰਦੀ ਐ।" ਆਪਣੀ ਗੱਲ ਪੂਰੀ ਕਰਦੇ ਹੋਏ ਉਸ ਦਿਨ ਦਲਜੀਤ ਨੇ ਇਕੱਲ ਸ਼ਬਦ 'ਤੇ ਕਾਫੀ ਜ਼ੋਰ ਦਿੱਤਾ ਸੀ।

ਇਕੱਲ ਬਾਕਿਆ ਹੀ ਉਸ ਨੂੰ ਖਾਣ ਲੱਗਦੀ, ਰਾਤ ਨੂੰ ਅਕਸਰ ਹੀ ਨੀਂਦ ਟਲ ਜਾਂਦੀ ਅਤੇ ਉਹ ਉਠ ਬੈਠਦਾ। ਉਹ ਕੰਧਾਂ ਨਾਲ ਗੱਲਾਂ ਕਰਦਾ-ਕਰਦਾ ਯਾਦਾਂ ਦੇ ਸਮੁੰਦਰ ਵਿਚ ਤੈਰਨ ਲੱਗ ਪੈਂਦਾ, ਪਰ ਇਕੱਲ ਉਸ ਦਾ ਪਿੱਛਾ ਨਾ ਛੱਡਦੀ। ਸਾਰੀ ਜ਼ਿੰਦਗੀ ਉਸ ਨੂੰ ਇਕ ਲੰਮਾ ਬਨਵਾਸ ਕੱਟਣ ਵਾਂਗ ਲੱਗਦੀ। ਕਈ ਵਾਰ ਉਸ ਨੂੰ ਦੂਰ ਤੱਕ ਆਪਣਾ ਪਰਛਾਂਵਾਂ ਵੀ ਨਜ਼ਰ ਨਾ ਆਉਂਦਾ ਸਿਰਫ਼ ਆਪਣੀਆਂ ਪੈੜਾਂ ਦੇ ਨਿਸ਼ਾਨ ਹੀ ਰਹਿ ਗਏ ਦਿਖਾਈ ਦਿੰਦੇ। ਏਸੇ ਅਧੇੜ-ਬੁਣ ਵਿਚ ਰਾਤ ਲੰਘ ਜਾਂਦੀ ਸੀ। ਆਪਣੀ ਇਸ ਇਕੱਲ ਤੋਂ ਪਿੱਛਾ ਛੁਡਾਉਣ ਲਈ ਹੀ ਉਹ ਕਿਰਨ ਨੂੰ ਹੱਦੋਂ ਵੱਧ ਪਿਆਰ ਕਰਨ ਲੱਗ ਪਿਆ। ਉਸ ਨੂੰ ਲੱਗਦਾ ਕਿ ਕਿਰਨ ਹੁਣ ਉਸ ਨੂੰ ਸਮਝਣ ਲੱਗ ਪਈ ਹੈ, ਉਸਦੀ ਇਕੱਲੀ ਜ਼ਿੰਦਗੀ ਬਾਰੇ ਉਸ ਨੂੰ ਅਹਿਸਾਸ ਹੋ ਗਿਆ ਹੈ, ਸੋ ਕਦੇ-ਕਦੇ ਤਾਂ ਕਿਰਨ ਉਸ ਨਾਲ ਘਰ ਦੇ ਕੰਮਾਂ ਵਿਚ ਪੂਰਾ ਹੱਥ ਵਟਾ ਦਿੰਦੀ। ਪਰ ਇਕ ਦਿਨ ਤਾਂ ਉਸਨੇ ਵੀ ਸ਼ਾਦੀ ਕਰਵਾ ਘਰੋਂ ਚਲੇ ਜਾਣਾ ਹੈ। ਉਸ ਨੇ ਆਪਣੇ ਅੰਤਸ਼ਕਰਨ ਵਿਚ ਕਹਿੰਦੇ ਹੋਏ ਕਮਰੇ ਦੀਆਂ ਬਾਰੀਆਂ ਵੱਲ ਦੇਖਿਆ। ਦਿਨ ਦਾ ਚਾਨਣ ਹੋ ਗਿਆ ਸੀ। ਉਹ ਬੈੱਡ ਤੋਂ ਉਠ ਆਪਣੇ ਬਾਥਰੂਮ ਵਿਚ ਚਲਿਆ ਗਿਆ।

"ਆਪਣੀ ਜ਼ਿੰਦਗੀ ਦੇ ਇਸ ਫੈਸਲੇ ਬਾਰੇ ਕਿਰਨ ਨਾਲ ਜ਼ਰੂਰ ਸਲਾਹ ਕਰ ਲੈਣੀ ਚਾਹੀਦੀ ਹੈ, ਸੋ ਮੈਂ ਅੱਜ ਹੀ ਕਿਰਨ ਨਾਲ ਗੱਲ ਕਰਾਂਗਾ। ਸ਼ਾਇਦ ਉਸ ਦੀ ਨਰਾਜ਼ਗੀ ਦੀ ਜੜ੍ਹ ਵੀ ਇਥੇ ਹੀ ਹੋਵੇ। ਕਿਰਨ ਨੂੰ ਕਿਧਰੋਂ ਚਲ ਰਹੀ ਗੱਲ-ਬਾਤ ਦੀ ਭਿਣਕ ਪੈ ਗਈ ਹੋਵੇਗੀ। ਉਹ ਹੁਣ ਐਨੀ ਛੋਟੀ ਵੀ ਨਹੀਂ, ਤੇਰਾਂ-ਚੌਦਾਂ ਸਾਲਾਂ ਦੀ ਬੱਚੀ ਸਭ ਕੁਝ ਸਮਝਣ ਲੱਗ ਪੈਂਦੀ ਹੈ।" ਉਹ ਨਹਾਉਂਦਾ ਹੋਇਆ ਅੱਜ ਦੇ ਦਿਨ ਦਾ ਪ੍ਰੋਗਰਾਮ ਬਣਾਉਣ ਲੱਗਾ।

ਕਿਰਨ ਦੇ ਕਮਰੇ ਅੱਗੇ ਪਹੁੰਚ ਕੇ ਉਸ ਨੇ ਆਵਾਜ਼ ਮਾਰੀ, "ਕਿਰਨ ਬੇਟੇ ਉਠ ਖੜ੍ਹ", ਅਤੇ ਆਪ ਉਹ ਕਿਚਨ ਵਿਚ ਚਲਿਆ ਗਿਆ। ਕੁਝ ਦੇਰ ਪਿਛੋਂ ਸੁਸਤ ਜਿਹੀ ਤੁਰਦੀ ਕਿਰਨ ਹੱਥ ਵਿਚ ਠੰਡਾ ਹੋਇਆ ਚਾਹ ਦਾ ਕੱਪ ਫੜੀ ਕਿਚਨ ਅੰਦਰ ਆਈ।

"ਕੀ ਗੱਲ ਚਾਹ ਨਹੀਂ ਪੀਤੀ।"

"ਊਂ ਹੂੰ।" ਆਖ ਕਿਰਨ ਨੇ ਕੱਪ ਸੈਲਫ 'ਤੇ ਰੱਖ ਦਿੱਤਾ।

ਚਾਹ ਵਿਚ ਥੋੜ੍ਹਾ ਹੋਰ ਦੁੱਧ ਪਾ ਕੇ ਪ੍ਰਦੀਪ ਨੇ ਉਸ ਨੂੰ ਦੁਬਾਰਾ ਗਰਮ ਕਰ ਕਿਰਨ ਨੂੰ ਕੱਪ ਫੜਾ ਦਿੱਤਾ ਅਤੇ ਆਪ ਰਸੋਈ ਦਾ ਕੰਮ ਕਰਨ ਲੱਗ ਪਿਆ। ਉਹ ਉਥੇ ਹੀ ਖੜ੍ਹੇ ਕੇ ਚਾਹ ਪੀਣ ਲੱਗ ਪਈ।

"ਕਿਰਨ ਬੇਟੇ ਅੱਜ ਛੁੱਟੀ ਹੈ, ਆਪਾਂ ਦੋਵੇਂ ਪਿਕਨਿਕ 'ਤੇ ਚਲਾਂਗੇ।" ਬੇਸਨ ਨਾਲ ਲਿੱਬੜੇ ਹੱਥਾਂ ਨੂੰ ਸਾਫ਼ ਕਰਦੇ ਹੋਏ ਪ੍ਰਦੀਪ ਨੇ ਕਿਹਾ। ਕਿਰਨ ਵਲੋਂ ਕੋਈ ਜਵਾਬ ਨਾ ਮਿਲਣ 'ਤੇ ਪ੍ਰਦੀਪ ਨੇ ਉਸਦੇ ਮੁਰਝਾਏ ਚਿਹਰੇ ਵੱਲ ਦੇਖਿਆ, ਚਿਹਰੇ 'ਤੇ ਹਲਕੀ ਜਿਹੀ ਮੁਸਕਰਾਹਟ ਦੇਖ ਉਸ ਨੂੰ ਕਿਰਨ ਦੀ ਹਾਮੀ ਦਾ ਸੰਕੇਤ ਮਿਲ ਗਿਆ।

ਉਸ ਦਾ ਛੋਟਾ ਜਿਹਾ ਸ਼ਹਿਰ ਹੁਣ ਮਹਾਨਗਰ ਵਿਚ ਤਬਦੀਲ ਹੋ ਰਿਹਾ ਸੀ। ਥਰਮਲ ਪਲਾਂਟ, ਖਾਦ ਦਾ ਕਾਰਖਾਨਾ, ਕਾਫੀ ਵੱਡੀ ਮਿਲਟਰੀ ਛਾਉਣੀ ਅਤੇ ਹੋਰ ਕਾਫੀ ਕੁਝ ਨੇ ਸ਼ਹਿਰ ਦੀ ਨੁਹਾਰ ਹੀ ਬਦਲ ਦਿੱਤੀ ਸੀ। ਇਸ ਨੂੰ ਹੁਣ ਲੋਕ ਝੀਲਾਂ ਦਾ ਸ਼ਹਿਰ ਵੀ ਆਖਣ ਲੱਗੇ ਸਨ। ਲੋਕ ਛੁੱਟੀ ਵਾਲੇ ਦਿਨ ਰੋਜ਼-ਗਾਰਡਨ ਜਾਂ ਝੀਲਾਂ ਆਦਿ 'ਤੇ ਪਿਕਨਿਕ ਮਨਾਉਣ ਚਲੇ ਜਾਂਦੇ।

ਪਾਰਕਿੰਗ ਵਿਚ ਪਹੁੰਚ ਪ੍ਰਦੀਪ ਨੇ ਸਕੂਟਰ ਰੋਕਿਆ। ਪਿੱਛੇ ਬੈਠੀ ਕਿਰਨ, ਟਪੂਸੀ ਮਾਰ ਕੇ ਉੱਤਰੀ। ਉਸਨੇ ਸਕੂਟਰ ਦੇ ਅੱਗੇ ਰੱਖਿਆ ਸਾਮਾਨ ਲਾਹ ਲਿਆ। ਲੰਚ ਬਾਕਸ ਉਸਨੇ ਕਿਰਨ ਦੇ ਹੱਥ ਫੜਾ ਆਪ ਹੋਰ ਸਾਮਾਨ ਦੀ ਟੋਕਰੀ ਚੱਕ, ਝੋਲਾ ਮੋਢੇ ਪਾ ਲਿਆ।

ਚਾਰੇ ਪਾਸੇ ਕੁਦਰਤ ਹਰੀ ਚਾਦਰ ਵਿਚ ਲਿਪਟੀ ਹੋਈ, ਤਰ੍ਹਾਂ-ਤਰ੍ਹਾਂ ਦੇ ਫੁੱਲਾਂ ਨਾਲ ਸ਼ਿੰਗਾਰੀ ਉਹਨਾਂ ਦਾ ਸੁਆਗਤ ਕਰ ਰਹੀ ਸੀ। ਪ੍ਰਦੀਪ ਨੂੰ ਕਿਰਨ ਵੀ ਉਹਨਾਂ ਫੁੱਲਾਂ ਜਿਹੀ ਹੀ ਲੱਗ ਰਹੀ ਸੀ। ਨਿੱਘੀ-ਨਿੱਘੀ ਧੁੱਪ ਅਤੇ ਵਗ ਰਹੀ ਮਹਿਕਦੀ ਹਵਾ ਉਸਦੇ ਅੰਦਰ ਇਕ ਹੁਲਾਸ ਭਰਨ ਲੱਗ ਪਈ।

ਰੰਗ-ਬਿਰੰਗੇ ਕੱਪੜਿਆਂ ਵਿਚ ਸਜੀ ਕਿਰਨ ਨੂੰ ਨਾਲ ਲੈ ਪ੍ਰਦੀਪ ਪਾਰਕ ਦੇ ਵਿੰਗੇ ਟੇਢੇ ਰਸਤਿਆਂ 'ਤੇ ਤੁਰਦਾ ਹੋਇਆ ਬੈਠਣ ਲਈ ਕਿਸੇ ਯੋਗ ਥਾਂ ਦੀ ਤਲਾਸ਼ ਕਰਨ ਲੱਗਿਆ। ਲੋਕ ਘਾਹ ਦੇ ਛੋਟੇ-ਛੋਟੇ ਪਲਾਟਾਂ ਵਿਚ ਬੈਠੇ ਹੋਏ ਗੱਲਾਂ ਵਿਚ ਮਸਤ ਸਨ। ਆਸੇ-ਪਾਸੇ ਬਣੀਆਂ ਕਿਆਰੀਆਂ ਵਿਚ ਫੁੱਲਾਂ ਉਪਰ ਰੰਗ-ਬਿਰੰਗੀਆਂ ਤਿੱਤਲੀਆਂ ਉੱਡ ਰਹੀਆਂ ਸਨ। ਨਿੱਕੇ-ਨਿੱਕੇ ਬੱਚੇ ਰੌਲਾ ਪਾਉਂਦੇ ਉਹਨਾਂ ਦੇ ਪਿੱਛੇ ਭੱਜੇ ਫਿਰਦੇ ਸਨ. ਇਥੇ ਕਾਫੀ ਅਸ਼ਾਂਤ ਮਾਹੌਲ ਬਣਿਆ ਹੋਇਆ ਸੀ। ਉਹ ਤੁਰਦੇ ਹੋਏ ਪਾਰਕ ਵਿਚ ਬਣੇ ਤਲਾਅ ਕੋਲ ਪਹੁੰਚ ਗਏ। ਇਹ ਤਲਾਅ ਕਾਫੀ ਖੁਲ੍ਹੀ ਜਗ੍ਹਾ ਵਿਚ ਬਣਿਆ ਹੋਇਆ ਸੀ।

"ਇਹ ਜਗ੍ਹਾ ਠੀਕ ਰਹੇਗੀ ਬੇਟੀ।" ਕਿਨਾਰੇ 'ਤੇ ਟੋਕਰੀ ਰੱਖਦੇ ਪ੍ਰਦੀਪ ਨੇ ਕਿਰਨ ਤੋਂ ਪੁੱਛਿਆ।

"ਹਾਂ ਡੈਡੀ!" ਪਾਣੀ ਵਿਚ ਤੈਰਦੀਆਂ ਮੁਰਗਾਬੀਆਂ ਵੱਲ ਦੇਖਦੀ ਕਿਰਨ ਖੁਸ਼ੀ ਨਾਲ ਬੋਲੀ।

ਪ੍ਰਦੀਪ ਨੇ ਝੋਲੇ ਵਿਚੋਂ ਚਟਾਈ ਕੱਢ ਉਥੇ ਕਿਨਾਰੇ 'ਤੇ ਵਿਛਾ ਲਈ ਅਤੇ ਉਸ ਉਪਰ ਘਰੋਂ ਲਿਆਂਦਾ ਸਾਮਾਨ ਤਰਤੀਬ ਨਾਲ ਰੱਖ ਕੇ ਬੈਠ ਗਿਆ। ਉਸ ਪਾਸੇ ਤੋਂ ਤਲਾਅ ਦਾ ਨਜ਼ਾਰਾ ਬਹੁਤ ਹੀ ਖ਼ੂਬਸੂਰਤ ਦਿਖਾਈ ਦਿੰਦਾ ਸੀ। ਤਲਾਅ ਦੋ ਹਿੱਸਿਆਂ ਵਿਚ ਬਣਿਆ ਹੋਇਆ ਸੀ। ਇਹ ਵਿਚਕਾਰ ਤੋਂ ਤੰਗ ਹੋ ਜਾਂਦਾ, ਜਿਥੇ ਇਸ ਉਪਰ ਬਹੁਤ ਹੀ ਵਧੀਆ ਇਕ ਲੱਕੜੀ ਦਾ ਪੁਲ ਬਣਾਇਆ ਹੋਇਆ ਸੀ। ਦੂਸਰੇ ਹਿੱਸੇ ਵਿਚ ਉਸਦੇ ਕਿਨਾਰੇ 'ਤੇ ਇਕ ਉੱਚੀ ਪਹਾੜੀ ਬਣਾਈ ਹੋਈ ਸੀ, ਜਿਸ ਦੇ ਰਾਹੀਂ ਝਰਨੇ ਦੀ ਸ਼ਕਲ ਵਿਚ ਪਾਣੀ ਲਗਾਤਾਰ ਇਕ ਸੁਰੀਲੀ ਆਵਾਜ਼ ਪੈਦਾ ਕਰਦਾ ਹੋਇਆ ਤਲਾਅ ਵਿਚ ਪੈ ਰਿਹਾ ਸੀ। ਇਹ ਦ੍ਰਿਸ਼ ਉਥੋਂ ਬੜਾ ਮਨਮੋਹਕ ਲੱਗ ਰਿਹਾ ਸੀ। ਇਹ ਸਭ ਦੇਖਦਾ ਪ੍ਰਦੀਪ ਆਪਣੇ ਦਿਮਾਗ ਵਿਚ ਬਣਾਈ ਯੋਜਨਾ ਮੁਤਾਬਕ ਸੋਚਣ ਲੱਗ ਪਿਆ। ਕਿਰਨ ਨਾਲ ਸਲਾਹ ਕਰ ਲੈਣ ਲਈ ਉਸ ਨੂੰ ਮਾਹੌਲ ਠੀਕ ਜਾਪਿਆ। ਉਹ ਕੋਲ ਖੜ੍ਹੀ ਪਾਣੀ ਵਿਚ ਤੈਰਦੀਆਂ ਬੱਤਖਾਂ ਨੂੰ ਦੇਖਣ ਵਿਚ ਮਸਤ ਸੀ।

ਗੱਲ ਕਿੱਥੋਂ ਸ਼ੁਰੂ ਕੀਤੀ ਜਾਵੇ, ਉਹ ਕਿਸੇ ਤੰਦ ਨੂੰ ਫੜਨ ਦਾ ਯਤਨ ਕਰਨ ਲੱਗਾ। ਉਸ ਨੇ ਘਰੋਂ ਲਿਆਂਦੇ ਪਿਕਨਿਕ ਸੈੱਟ ਵਿਚੋਂ ਪਲਾਸਟਿਕ ਦੀਆਂ ਦੋ ਪਲੇਟਾਂ ਕੱਢ ਲਈਆਂ। ਹੌਟ ਕੇਸ ਵਿਚੋਂ ਸਨੈਕਸ ਦੇ ਕੁਝ ਪੀਸ ਕੱਢ ਕੇ ਰੱਖੇ ਅਤੇ ਪਲੇਟਾਂ ਹੱਥਾਂ ਵਿਚ ਚੁੱਕ ਉਹ ਕਿਰਨ ਦੇ ਕੋਲ ਖੜ੍ਹ ਗਿਆ। ਇਕ ਪਲੇਟ ਕਿਰਨ ਨੂੰ ਫੜਾਉਂਦਾ ਹੋਇਆ ਬੋਲਿਆ, "ਕਿਰਨ ਬੇਟੇ ਰਿਜ਼ਲਟ ਤੋਂ ਬਾਅਦ ਤੈਨੂੰ ਤੇਰੀ ਭੂਆ ਕੋਲ ਹੀ ਦਾਖਲ ਕਰਵਾ ਦਿਆਂਗੇ, ਤੂੰ ਅਤੇ ਸਿੰਮੀ ਇਕੱਠੀਆਂ ਪੜ੍ਹਨ ਚਲੀਆਂ ਜਾਇਆ ਕਰਨਾ।"

"ਪਰ ਡੈਡੀ ਕਿਉਂ?"

ਪਰ ਅਤੇ ਕਿਉਂ, ਦੇ ਸਵਾਲ ਨੇ ਪ੍ਰਦੀਪ ਦੇ ਦਿਮਾਗ ਵਿਚ ਚਲ ਰਹੀ ਸਾਰੀ ਗੱਲਬਾਤ ਦੇ ਰਿਦਮ ਵਿਚ ਹਲਚਲ ਮਚਾ ਦਿੱਤੀ। ਉਹ ਕਿਰਨ ਵਲੋਂ ਕੀਤੇ ਗਏ ਸਵਾਲ ਦਾ ਕੋਈ ਉਤਰ ਨਾ ਦੇ ਸਕਿਆ। ਆਪਣੀ ਧੀ ਨੂੰ ਉਮਰ ਤੋਂ ਪਹਿਲਾਂ ਦੀਆਂ ਗੱਲਾਂ ਉਹ ਨਹੀਂ ਸੀ ਸਮਝਾ ਸਕਦਾ।

ਤਲਾਅ ਵਿਚ ਕੋਲ ਆ ਗਏ ਬੱਤਖਾਂ ਦੇ ਜੋੜੇ ਨੂੰ ਉਹ ਧਿਆਨ ਨਾਲ ਦੇਖਣ ਲੱਗਾ। ਉਹਨਾਂ ਵਿਚੋਂ ਇਕ ਬੱਤਖ ਨੇ ਡੂੰਘੀ ਚੁੱਭੀ ਮਾਰੀ। "ਛਪਾਕ" ਦੀ ਆਵਾਜ਼ ਨਾਲ ਪਾਣੀ ਉੱਪਰ ਘੁੰਮਣ ਘੇਰੀਆਂ ਜਿਹੀਆਂ ਬਣ ਗਈਆਂ। ਹੌਲ਼ੀ-ਹੌਲ਼ੀ ਉਹਨਾਂ ਦਾ ਘੇਰਾ ਵਿਸ਼ਾਲ ਹੋਣ ਲੱਗ ਪਿਆ। ਪਾਣੀ ਵਿਚ ਬਣੇ ਗੋਲ ਚੱਕਰ ਹੋਰ ਵੱਡੇ ਹੋਣ ਲੱਗੇ। ਪ੍ਰਦੀਪ ਆਪਣੇ ਆਪ ਨੂੰ ਉਹਨਾਂ ਚੱਕਰਾਂ ਦੇ ਵਿਚਕਾਰ ਡੁੱਬਦਾ ਜਾ ਰਿਹਾ ਮਹਿਸੂਸ ਕਰਨ ਲੱਗਾ। ਇਕੱਲੀ ਰਹਿ ਗਈ ਬੱਤਖ ਆਪਣੇ ਸਾਥੀ ਦੀ ਤਲਾਸ਼ ਵਿਚ ਇਧਰ-ਉਧਰ ਦੇਖਣ ਲੱਗ ਪਈ। ਕੁਝ ਦੇਰ ਪਿੱਛੋਂ ਉਸਨੇ ਆਪਣੇ ਦੋਵੇਂ ਖੰਭ ਖੋਲ੍ਹ ਹਵਾ ਵਿਚ ਫੜ੍ਹ-ਫੜ੍ਹਾਏ ਅਤੇ ਆਪਣੇ ਸਰੀਰ ਨੂੰ ਛੰਡਿਆ, ਪਾਣੀ ਦੀਆਂ ਸੈਂਕੜੇ ਬੂੰਦਾਂ ਦੂਰ ਤੱਕ ਛਿੜਕੀਆਂ ਗਈਆਂ।

"ਫੱਰੜ...... ਫੱ........ਰ.....ੜ......" ਦੀਆਂ ਆਵਾਜ਼ਾਂ ਸੁਣ ਪ੍ਰਦੀਪ ਜਿਵੇਂ ਉਹਨਾਂ ਚੱਕਰਾਂ ਵਿਚੋਂ ਬਾਹਰ ਨਿਕਲ ਆਇਆ।

"ਕਿਰਨ।"

"ਹਾਂ ਡੈਡ!" ਸਨੈਕਸ ਖਾ ਰਹੀ ਕਿਰਨ ਨੇ ਜੁਆਬ ਦਿੱਤਾ।

"ਬੇਟੇ ਮੈਂ ਤੇਰੇ ਲਈ..... ਮੰਮੀ ਲੈ ਆਵਾਂ।" ਵਾਕ ਉਸ ਨੇ ਸਾਰਾ ਜ਼ੋਰ ਲਾ ਕੇ ਬੋਲਿਆ।

"ਦੂਜੀ ਮੰਮੀ?" ਸਪਾਟ ਉੱਤਰ ਨੇ ਉਸ ਨੂੰ ਖੂੰਜੇ ਲਾ ਦਿੱਤਾ।

"ਹਾਂ ਬੇਟੇ ਤੇਰੀ ਭੂਆ ਜੀ ਵਿਆਹ ਲਈ ਕਾਫੀ ਜ਼ੋਰ ਦੇ ਰਹੇ ਨੇ, ਤੇਰਾ ਵੀ ਘਰ ਵਿਚ ਦਿਲ ਲੱਗਿਆ ਰਹੇਗਾ।" ਆਪਣੇ ਬਚਾ ਲਈ ਪ੍ਰਦੀਪ ਨੇ ਢਾਲ ਦਾ ਇਸਤੇਮਾਨ ਕੀਤਾ।

"ਠੀਕ ਹੈ ਡੈਡੀ ਪਰ।"

ਪਰ ਸ਼ਬਦ ਨੇ ਜਿਵੇਂ ਉਸ ਨੂੰ ਆਪਣੇ ਜਾਲ ਵਿਚ ਫਿਰ ਉਲਝਾ ਲਿਆ।

"ਮੇਰੀ ਇਕ ਸ਼ਰਤ ਹੈ।"

"ਹਾਂ ਦੱਸ।" ਉਸਦੇ ਗਲੇ ਵਿਚੋਂ ਸ਼ਬਦ ਹੌਲੀ ਆਵਾਜ਼ ਵਿਚ ਨਿਕਲੇ।

"ਘਰ ਵਿਚ ਕੋਈ ਹੋਰ ਬੱਚਾ ਨਹੀਂ ਆਵੇਗਾ।" ਕਿਰਨ ਨੇ ਸਨੈਕਸ ਦੇ ਆਖਰੀ ਪੀਸ ਗਲੇ ਅੰਦਰ ਲੰਘਾਉਂਦੇ ਹੋਏ ਸਹਿਜ ਨਾਲ ਕਿਹਾ।

ਸਵਾਲ ਸੁਣ ਪ੍ਰਦੀਪ ਨੂੰ ਜ਼ੋਰ ਦਾ ਝਟਕਾ ਜਿਹਾ ਲੱਗਿਆ ਅਤੇ ਉਸਦੇ ਹੱਥੋਂ ਪਲੇਟ ਛੁੱਟ ਸਿੱਧੀ ਤਲਾਅ ਵਿਚ ਜਾ ਡਿੱਗੀ। ਉਸ ਨੂੰ ਲੱਗਿਆ ਦੂਰੋਂ ਕਿਤੋਂ ਸਰੋਜ ਬੋਲੀ ਹੋਵੇ। ਉਸ ਨੂੰ ਕਿਰਨ ਦੀ ਆਵਾਜ਼ ਵਿਚ ਸਰੋਜ ਦੀ ਆਵਾਜ਼ ਦਾ ਭੁਲੇਖਾ ਪਿਆ। ਸਾਰਾ ਆਲਾ ਦੁਆਲਾ ਉਸਨੂੰ ਬੋਝਲ ਹੋ ਗਿਆ ਜਾਪਿਆ। ਚਾਰੇ ਪਾਸੇ ਇਕ ਸੁੰਨ ਜਿਹੀ ਪਸਰ ਗਈ ਸੀ। ਕੁਝ ਦੇਰ ਉਸ ਸੁੰਨ ਜਿਹੀ ਹਾਲਤ ਵਿਚ ਬੁੱਤ ਜਿਹਾ ਬਣਕੇ ਖੜਾ ਰਿਹਾ।

ਫਿਰ ਉਸ ਨੇ ਪਾਣੀ ਵਿਚ ਡਿੱਗ ਪਈ ਪਲੇਟ ਤੋਂ ਨਜ਼ਰ ਹਟਾ ਕਿਰਨ ਦੇ ਚਿਹਰੇ ਵੱਲ ਦੇਖਿਆ।

"ਓ........ ਹੋ..........." ਆਖ ਉਹ ਹਲਕਾ ਜਿਹਾ ਮੁਸਕਰਾਇਆ। ਕਿਰਨ ਵੀ ਉਸ ਵੱਲ ਦੇਖ ਕੇ ਮੁਸਕਰਾ ਪਈ। ਫਿਰ ਦੋਵੇਂ ਹੀ ਜ਼ੋਰ ਦੀ ਖਿੜ-ਖਿੜਾ ਕੇ ਹੱਸ ਪਏ। ਪ੍ਰਦੀਪ ਨੇ ਕਿਰਨ ਨੂੰ ਆਪਣੀਆਂ ਬਾਹਾਂ ਵਿਚ ਲੈ ਪਿਆਰ ਨਾਲ ਘੁੱਟਿਆ ਅਤੇ ਥੋੜ੍ਹਾ ਝੁਕਦੇ ਹੋਏ ਉਸਦੇ ਮੱਥੇ ਨੂੰ ਚੁੰਮ ਲਿਆ।

ਪਾਣੀ ਉਪਰ ਤੈਰਦੀ ਪਲੇਟ ਵਿਚ ਪਿਆ ਸਨੈਕਸ ਦਾ ਛੋਟਾ ਜਿਹਾ ਟੁਕੜਾ ਡੁੱਬਣ ਤੋਂ ਬਚ ਗਿਆ ਸੀ। ਦੂਰ ਜਾ ਚੁੱਕਿਆ ਬੱਤਖਾਂ ਦਾ ਜੋੜਾ ਪੁਲ ਹੇਠਾਂ ਤੈਰਦਾ ਹੋਇਆ ਬੜਾ ਹੀ ਮਨਮੋਹਕ ਦ੍ਰਿਸ਼ ਪੇਸ਼ ਕਰ ਰਿਹਾ ਸੀ।

ਚਿਰਾ.ਗ ਦਾ ਅਗਲਾ ਵਿਸ਼ੇਸ਼ ਅੰਕ

ਪਾਕਿਸਤਾਨੀ ਪੰਜਾਬੀ ਕਹਾਣੀ ਅੰਕ ਹੋਵੇਗਾ।

ਜਿਸ ਵਿਚ ਪੰਜਾਬੀ ਦੇ ਵਾਘਿਓਂ ਪਾਰ ਵੱਸਦੇ ਚੋਣਵੇਂ ਤੇ ਸਿਰਕੱਢ ਪੰਜਾਬੀ ਲੇਖਕਾਂ ਦੀਆਂ ਸੱਜਰੀਆਂ ਕਹਾਣੀਆਂ ਪੇਸ਼ ਕੀਤੀਆਂ ਜਾਣਗੀਆਂ। ਇਸ ਦੇ ਮਹਿਮਾਨ ਸੰਪਾਦਕ ਪ੍ਰਸਿੱਧ ਕਹਾਣੀਕਾਰ ਤਲਵਿੰਦਰ ਸਿੰਘ ਹੋਣਗੇ। **ਸੰਪਾਦਕੀ ਮੰਡਲ**

'ਕਉਨ ਮੂਆ ਰੇ ਕਉਨੁ ਮੂਆ' ਦਾ ਆਂਤਰਕ ਸਾਰ

ਡਾ. ਕਮਲਜੀਤ ਸਿੰਘ 'ਟਿੱਬਾ'

ਕਾਵਿਮਈ ਗਾਥਾ 'ਕਉਨ ਮੂਆ ਰੇ ਕਉਨੁ ਮੂਆ' ਦਾ ਸਤਹੀ ਸਾਰ (Manifest Content) ਪੰਜਾਬ ਦੇ ਦੁਖਾਂਤ, ਪੰਜਾਬ ਦੇ ਲੰਬੇ ਇਤਿਹਾਸ, ਇਸ ਦੀਆਂ ਜੜ੍ਹਾਂ ਵਿਚ ਪਏ ਭਾਰਤੀ ਮਿਥਿਹਾਸ, ਇਸ ਦੁਖਾਂਤ ਦੇ ਕਾਰਨਾਂ ਤੇ ਇਸ ਨਾਲ ਸਬੰਧਿਤ ਵੱਖ-ਵੱਖ ਧਿਰਾਂ ਦੇ ਗੁੰਝਲਦਾਰ ਮਾਨਵੀ ਸਬੰਧਾਂ ਉਤੇ ਇਕੋ ਸਮੇਂ ਪਾਠਕਾਂ ਦਾ ਧਿਆਨ ਕੇਂਦਰਤ ਕਰਦਾ ਹੈ। ਕਲਪਨਾ ਨਾਲ ਰਚੇਤਾ ਗੁਰਨਾਇਬ ਸਿੰਘ ਸਮੇਂ ਸਥਾਨ ਦੀਆਂ ਦੂਰੀਆਂ ਉਲੰਘ ਕੇ ਇਸ ਦੁਖਾਂਤ ਵਿਚ ਸੰਤਾਲੀ ਦੇ ਦੁਖਾਂਤ ਦੇ ਅੰਤਰ-ਪਾਠ ਨੂੰ ਜੋੜ ਸਕਿਆ ਹੈ ਅਤੇ ਪੰਜਾਬ ਦੇ ਅਤੇ ਭਾਰਤ ਦੇ ਇਤਿਹਾਸ, ਮਿਥਿਹਾਸ ਦੇ ਕਈ ਅੰਤਰ-ਪਾਠਾਂ ਨੂੰ ਵੀ। ਨਾਇਕ ਦਾਰਸ਼ਨਿਕ ਵਾਂਗ ਵਰਤਮਾਨ ਤੇ ਅਤੀਤ ਨਾਲ ਸੰਵਾਦ ਰਚਾਉਂਦਾ ਹੈ। ਅਚਾਨਕ ਨਾਇਕ ਉੱਤੇ ਸਿੱਖ ਆਤੰਕਵਾਦੀ ਏ.ਕੇ. ਸੰਤਾਲੀ ਨਾਲ ਜਾਨਲੇਵਾ ਹਮਲਾ ਕਰ ਦਿੰਦੇ ਹਨ ਤੇ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਜਾਂਦਾ ਹੈ। ਇਸ ਤੋਂ ਅੱਗੇ ਉਸਦੀ ਕਲਪਨਾ ਦਾ ਖੇਤਰ ਖੁੱਲ੍ਹਦਾ ਹੈ। ਉਹ ਸੰਤਾਲੀ ਦੇ ਦੁਖਾਂਤ ਦੀ ਸ਼ਿਕਾਰ ਬੀਬੀ ਫਾਤਮਾ ਦੀ ਕਬਰ ਵਿਚ ਡਿਗਦਾ ਹੈ ਤੇ ਵਰਤਮਾਨ ਦੁਖਾਂਤ ਸੰਤਾਲੀ ਦੇ ਦੁਖਾਂਤ ਨਾਲ ਨਾਤਾ ਜੋੜ ਲੈਂਦਾ ਹੈ। ਫਾਤਮਾ ਨਾਲ ਮਿਲਣੀ ਮੌਤ ਤੋਂ ਪਾਰ ਦੇ ਸੰਭਾਵੀ ਅਹਿਸਾਸਾਂ ਦੀ ਤਰਜ਼ਮਾਨੀ ਕਰਦੀ ਹੈ। ਆਪਣੀ ਆਨ, ਸ਼ਾਨ ਤੇ ਗੌਰਵ ਲਈ ਮਰਨ ਵਾਲੇ ਹੱਥਾਂ ਨੂੰ ਮਾਰ ਕੇ ਪਰਬਤੋਂ ਭਾਰੇ ਸਵਾਲਾਂ ਨੂੰ ਨਹੀਂ ਮਾਰਿਆ ਜਾ ਸਕਦਾ। ਇਨ੍ਹਾਂ ਹਾਲਤਾਂ ਦੀ ਸਾਹਿਤਕ ਪੇਸ਼ਕਾਰੀ ਸਤਹੀ ਪੱਧਰ 'ਤੇ ਇਕ ਸਨਾਤਨੀ ਮਹੱਤਵ ਵਾਲੀ ਸਾਹਿਤਕ ਕਿਰਤ ਦਾ ਪ੍ਰਭਾਵ ਉਤਪੰਨ ਕਰਦੀ ਹੈ। ਸਾਡੀ ਸਾਹਿਤਕ ਖੋਜ ਦਾ ਵਿਸ਼ਾ ਸਤਹੀ ਸਾਰ ਪੇਸ਼ ਕਰਦੇ ਇਨ੍ਹਾਂ ਚਿਹਨਕਾਂ ਦੇ ਓਹਲੇ ਵਿਚ ਰਚਨਾ ਦੇ ਡੂੰਘ ਵਿਚ ਮੌਜੂਦ ਚਿਹਨਤ ਹੋ ਰਹੇ ਆਂਤਰਕ ਸਾਰ (Latent Content) ਦੀ ਥਾਹ ਪਾਉਣ ਉਪਰੰਤ ਰਚਨਾ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਜ਼ਾਹਰ ਕਰਨਾ ਹੈ।

ਸੱਚ ਤੇ ਸੁੰਦਰਤਾ

'ਰਾਤ
ਹੋਸਟਲ ਦਾ ਕਮਰਾ
ਨੀਂਦ ਨਹੀਂ ਹੈ ਉਸ ਦੀਆਂ ਅੱਖਾਂ ਅੰਦਰ
ਉਠਿਆ ਉਹ
ਟਹਿਲਣ ਲੱਗਾ ਕਮਰੇ ਅੰਦਰ।' (ਪੰਨਾ 11)

ਰਚਨਾ ਦੀਆਂ ਇਹ ਪਹਿਲੀਆਂ ਸਤਰਾਂ ਹੀ ਮਨੁੱਖ, ਸਮਾਜ ਅਤੇ ਕੁਦਰਤ ਦੀ ਅਸਲੀਅਤ ਦਾ ਝਲਕਾਰਾ ਪੇਸ਼ ਕਰਦੀਆਂ ਹਨ। ਅਨਿਆਂ ਪੂਰਨ ਪ੍ਰਸਥਿਤੀਆਂ ਵਿਚ ਵਿਚਰ ਰਹੇ ਨਾਇਕ ਦੀ ਤਸਵੀਰ ਬੇਚੈਨ ਸਮਿਆਂ ਵਿਚ ਬੇਚੈਨ ਵਿਅਕਤੀ ਦੀ ਤਸਵੀਰ ਨਹੀਂ ਸਗੋਂ ਉਸ ਅੰਦਰ ਉਤਪੰਨ ਰਚਨਾਤਮਿਕ ਬੇਚੈਨੀ (Creative restless-ness) ਦੀ ਤਰਜ਼ਮਾਨ ਹੈ। ਸ਼ਾਂਤ ਤੇ ਸਥਿਰ ਵਿਅਕਤੀ ਇਤਿਹਾਸ ਦੇ ਸਿਰਜਕ ਨਹੀਂ ਹੁੰਦੇ ਸਗੋਂ ਰਚਨਾਤਮਕ ਬੇਚੈਨ ਮਨ ਹੀ ਸਿਰਜਕ ਹੋ ਸਕਦਾ ਹੈ। ਰਚਨਾ ਦਾ ਨਾਇਕ ਮਨੋਰੋਗੀ ਬੇਚੈਨ ਨਹੀਂ ਸਗੋਂ ਰਚਨਾਤਮਕ ਬੇਚੈਨ ਹੈ। ਇਹ ਸਮਾਜਕ ਅਸਲੀਅਤ ਦਾ ਸਾਹਿਤਕ ਸੁੰਦਰਤਾ ਵਿਚ ਕਲਾਤਮਕ ਰੂਪਾਂਤਰਣ (Artistic Transformation) ਹੈ।

ਜੀਵਨ ਦੀ ਡੂੰਘੀ ਸਮਝ ਤੇ ਇਸ ਸਮਝ ਨੂੰ ਵਰਤਣ ਵਾਸਤੇ ਸਮਾਜਕ ਰਿਸ਼ਤੇ, ਜਜ਼ਬਾ, ਕਲਚਰ ਦੂਸਰੇ ਲਫ਼ਜ਼ਾਂ ਵਿਚ ਸਭਿਅਤਾ ਤੇ ਸਭਿਆਚਾਰ, ਇਹ ਦੋਵੇਂ ਹੀ ਨਾਇਕ ਨੇ ਸਮਾਜਕ ਤੌਰ 'ਤੇ ਵਿਰਸੇ ਵਿਚੋਂ ਲਏ ਹਨ ਬਿੰਦ ਰਾਹੀਂ ਨਹੀਂ। ਇਹ ਉਸਨੇ ਸਕੂਲ, ਕਾਲਜ, ਯੂਨੀਵਰਸਿਟੀ ਵਿਚ ਉਚੇਚੇ ਸਿੱਖੇ ਹਨ। ਨਾਇਕ ਸੱਚ ਨੂੰ ਪੇਸ਼ ਕਰਦੇ ਵੱਡੇ ਸਵਾਲ ਕਦਮ ਕਦਮ 'ਤੇ ਖੜ੍ਹੇ ਕਰਦਾ ਹੈ। ਸਿੱਖ ਆਤੰਕਵਾਦੀਆਂ ਦੀ ਹਿੱਟ ਲਿਸਟ 'ਤੇ ਨਾਇਕ ਦਾ ਨਾਂ ਹੈ। ਉਸਦਾ ਸਵਾਲ ਹੈ:

'ਕਿਉਂ
ਆਖਰ ਕਿਉਂ ਹਾਂ ਮੈਂ
ਉਨ੍ਹਾਂ ਦੀ ਹਿੱਟ ਲਿਸਟ ਉੱਤੇ।' (ਪੰਨਾ 12)

ਇਹ ਹਿੱਟ ਲਿਸਟ ਅੱਗੇ ਵਧ ਰਹੇ, ਉੱਚੇ ਉੱਠ ਰਹੇ ਤੇ ਚੁਫੇਰੇ ਫੈਲ ਰਹੇ ਬੰਦੇ ਦੇ ਪੈਰਾਂ ਵਿਚ ਵੱਜਣ ਵਾਲੀਆਂ ਠੋਹਕਰਾਂ ਹਨ। ਅਤੀਤ ਵਿਚ ਜੋ ਵੀ ਅੱਗੇ ਵਧਿਆ ਹੈ ਇਹ ਰੁਕਾਵਟਾਂ ਉਸੇ ਦੇ ਰਾਹ ਵਿਚ ਆਈਆਂ। ਜੋ ਰੁਕ ਗਏ ਖਤਮ ਹੋ ਗਏ, ਜੋ ਤੁਰਦੇ ਗਏ ਇਤਿਹਾਸ ਦੇ ਸਿਰਜਕ ਸਾਬਤ ਹੋਏ। ਇਹ ਇਕ ਬ੍ਰਹਿਮੰਡੀ ਸੱਚ ਹੈ। ਇਸ ਸੱਚ ਨੂੰ ਕਾਵਿ-ਗਾਥਾ ਵਿਚ ਪੇਸ਼ ਕਰਕੇ ਰਚਨਾਕਾਰ ਗੁਰਨਾਇਬ ਸਿੰਘ ਨੇ ਕਲਾਤਮਕ ਸੁੰਦਰਤਾ ਦੀ ਸਿਰਜਣਾ ਕੀਤੀ ਹੈ। ਹੁਣ ਇਹ ਬਸੰਤ ਰੁੱਤ ਦੀ ਆਮਦ ਵੇਲੇ ਰੁੱਖ ਦੀਆਂ ਹਰੀਆਂ ਕਚੂਰ ਕਰੂੰਬਲਾਂ ਵਰਗੀ ਤਾਜ਼ਗੀ ਪ੍ਰਦਾਨ ਕਰਦੀ ਹੈ।

ਜੰਮਣਾ, ਜਿਉਣਾ ਤੇ ਮਰਨਾ ਜ਼ਿੰਦਗੀ ਦੇ ਹੀ ਵੱਖ-ਵੱਖ ਰੰਗ ਹਨ। ਜ਼ਿੰਦਗੀ ਤਾਂ ਇਕ ਵਗਦਾ ਦਰਿਆ ਹੈ। ਜਦੋਂ ਬੰਦੇ ਦਾ ਨਜ਼ਰੀਆ ਸਾਰਥਕ ਨਾ ਹੋਵੇ ਤਾਂ ਉਹ ਜਨਮ ਨੂੰ ਚੰਗਾ ਤੇ ਮਰਨ ਨੂੰ ਮੰਦਾ ਮਹਿਸੂਸ ਕਰਦਾ ਹੈ। ਉਹ ਮੌਤ ਦੇ ਡਰ ਨੂੰ ਸੰਸਾਰ ਦਾ ਸਭ ਤੋਂ ਵੱਡਾ ਡਰ ਸਮਝਦਾ ਹੈ। ਇਸ ਰਚਨਾ ਵਿਚ ਲੇਖਕ ਨੇ ਨਾਇਕ ਨੂੰ ਮੌਤ ਦੇ ਬਿਲਕੁਲ ਨੇੜੇ ਖਲ੍ਹਾਰ ਕੇ ਜ਼ਿੰਦਗੀ ਦੇ ਦਰਸ਼ਨ ਕਰਵਾਏ ਹਨ। ਮੌਤ ਦੀ ਸੱਚਾਈ ਨੂੰ ਰਚਨਾਤਮਕ ਪ੍ਰਕਿਰਿਆ ਵਿਚ ਲਿਆ ਕੇ ਸਾਹਿਤਕ ਸੁੰਦਰਤਾ ਵਿਚ ਤਬਦੀਲ ਕਰ ਦਿੱਤਾ ਹੈ। ਪਾਠਕ ਮੈਂ ਅਮੈਂ ਦੇ ਫਾਸਲੇ ਨੂੰ ਪਾਰ ਕਰਕੇ ਇਨ੍ਹਾਂ ਪਲਾਂ ਨੂੰ ਖ਼ੁਦ ਹੰਢਾਉਂਦਾ ਹੈ। ਉਹਦੇ ਭਾਵਾਂ ਦਾ ਕਥਾਰਸਿਸ ਹੁੰਦਾ ਹੈ। ਭਾਵਾਂ ਦੇ ਵਹਿਣ ਵਿਚ ਤਰਕ ਗੁਆਚਦਾ ਨਹੀਂ :

'ਅਫਸੋਸ ਨਹੀਂ ਸਰੀਰ ਦੇ ਕਤਲ ਦਾ ਮੈਨੂੰ
ਨਸ਼ਟ ਹੋ ਜਾਵੇਗਾ
ਬ੍ਰਹਿਮੰਡ
ਰੱਬ
ਕਾਇਨਾਤ
ਜੇਕਰ ਕਤਲ ਕਰੋਗੇ ਸਵਾਲ ਦਾ!
ਸਵਾਲ ਨੂੰ
ਫਾਂਸੀ
ਗੋਲ਼ੀ ਤੇ ਨਜ਼ਰਬੰਦੀ ਨਹੀਂ
ਜਵਾਬ ਚਾਹੀਦਾ ਹੈ।' (ਪੰਨਾ 84,85)

ਨਾਇਕ ਦੀ ਮੌਤ ਤੋਂ ਵੀ ਪਾਰ ਝਾਕਣਾ ਅਸਲੋਂ ਹੀ ਵਿਲੱਖਣ ਹਕੀਕਤ ਨੂੰ ਫੜਨ ਦੇ ਯਤਨ ਹਨ। ਸੱਚ ਸੁੰਦਰਤਾ ਦਾ ਜਾਮਾ ਪਹਿਨ ਕੇ ਪ੍ਰਤੱਖ ਹੋਇਆ ਹੈ।

ਗਿਆਨ ਸਹੀ ਅਰਥਾਂ ਵਿਚ ਸਮਾਜਕ ਤਾਕਤ ਹੈ ਅਰਥਾਤ ਮਨੁੱਖ ਦੀ ਕੁਦਰਤ ਦੇ ਪੰਜੇ ਤੋਂ ਆਜ਼ਾਦੀ। ਇਹ ਕੁਦਰਤ ਵਾਲੇ ਪਾਸਿਉਂ ਜ਼ਿੰਦਗੀ ਦਾ ਸੱਚ ਹੈ। ਨਾਇਕ

ਦਿਮਾਗੀ ਪੱਧਰ 'ਤੇ ਸੋਚਦਾ ਹੈ ਕਿ ਉਸਦਾ ਗਿਆਨ ਨਿਰਾਰਥਕ ਹੋ ਰਿਹਾ ਹੈ :

'ਆਖਰ ਕੀ ਖੱਟਿਆ ਇਸ ਨੇ
ਬਾਰਾਂ ਬਰਸ
ਕਾਲਜ ਤੇ ਯੂਨੀਵਰਸਿਟੀ ਵਿਚ
ਧੱਕੇ ਖਾ ਕੇ
ਫਾਕੇ ਕੱਟ ਕੇ
ਕਿਤਾਬਾਂ ਪੜ੍ਹ ਕੇ
ਡਿਗਰੀਆਂ ਲੈ ਕੇ।' (ਪੰਨਾ 64)

ਨਾਇਕ ਦਾ ਇਹ ਅਹਿਸਾਸ ਉਸਦੇ ਗਿਆਨ ਦਾ ਹੀ ਅਕਸ ਹੈ, ਉਸਦਾ ਅੰਤਰਮੁਖੀ ਰੂਪ ਹੈ। ਉਹ ਆਪਣੀ ਖੋਜ, ਤਜਰਬੇ ਨਾਲ ਜੀਵਨ ਦੀ ਗਤੀਸ਼ੀਲਤਾ ਨੂੰ ਅਨੁਭਵ ਹੀ ਨਹੀਂ ਕਰ ਰਿਹਾ ਸਗੋਂ ਰੁਕਾਵਟਾਂ ਨੂੰ ਮਹਿਸੂਸ ਕਰਕੇ ਪਰੇ ਹਟਾਣ ਦੇ ਆਹਰ ਵਿਚ ਹੈ। ਜੀਵਨ ਨੂੰ ਜਾਨਣਾ ਤੇ ਜੀਵਨ ਨੂੰ ਬਦਲਣਾ ਉਸਦਾ ਜੀਵਨ ਮਨੋਰਥ ਹੈ। ਉਸ ਵਾਸਤੇ ਸੱਭਿਅਤਾ ਮਨੁੱਖ ਦਾ ਸੱਚ ਹੈ। ਇਸਦੀ ਰਾਖੀ ਵਾਸਤੇ ਉਹ ਲੜਦਾ ਘੁਲਦਾ ਸਭ ਕੁਝ ਕਰਨ ਦੇ ਯਤਨ ਵਿਚ ਹੈ। ਸਤਹੀ ਪੱਧਰ 'ਤੇ ਉਹ ਬੇਚੈਨ ਨਿਰਦਈ ਹਾਲਾਤ ਦੇ ਥਪੇੜੇ ਖਾਂਦਾ ਜਾ ਰਿਹਾ ਹੈ। ਆਂਤਰਕ ਪੱਧਰ 'ਤੇ ਉਹ ਸੱਭਿਅਤਾ ਦੀ ਉਸਾਰੀ ਦੇ ਰਾਹ ਪਿਆ ਸਰਗਰਮ ਭੂਮਿਕਾ ਨਿਭਾ ਰਿਹਾ ਹੈ। ਲੋਕਾਂ ਵਿਚ ਮਰ ਰਹੀ ਸਿਰਜਣਾਤਮਕਤਾ ਜੀਵਨ ਨੂੰ ਨਿਰਦਈ, ਰੁੱਖਾ ਤੇ ਕੁਰੱਖਤ ਬਣਾ ਰਹੀ ਹੈ। ਨਾਇਕ ਅੰਦਰਲੀ ਸਿਰਜਣਾਤਮਕਤਾ ਹੀ ਜੀਵਨ ਦੀ ਸੁੰਦਰਤਾ ਦਾ ਪ੍ਰਗਟਾਵਾ ਹੈ। ਰਚ੍ਹਨਾ ਵਿਚ ਜੀਵਨ ਦੀ ਸੁੰਦਰਤਾ ਸਾਹਿਤਕ ਸੁੰਦਰਤਾ ਵਿਚ ਰੂਪਾਂਤਰਤ ਹੋ ਗਈ ਹੈ। ਉਹ ਖੌਫ਼ਨਾਕ ਸਥਿਤੀਆਂ ਵਿਚ ਬੇਖੌਫ਼ ਘੁੰਮਣਾ ਚਾਹੁੰਦਾ ਹੈ :

'ਬੇਖੌਫ਼ ਕਿਉਂ ਨਹੀਂ ਘੁੰਮ ਸਕਦਾ ਮੈਂ
ਸਿਰ ਉੱਤੇ ਬੰਨ੍ਹ ਕੇ ਪੱਗ ਤੇ ਮੁਖ ਉਤੇ ਸਜਾ ਕੇ ਦਾੜ੍ਹੀ
ਦਿੱਲੀ ਤੇ ਦੱਖਣ ਅੰਦਰ?
ਪੀੜੋ ਪੀੜ ਹੋਇਆ ਪੁਛਦਾ ਰਹਿੰਦਾ ਹਾਂ ਮੈਂ
ਦਿਲ ਆਪਣੇ ਕੋਲ।
ਘੁੰਮ ਸਕਦਾ ਹਾਂ ਬੇਧੜਕ
ਕੱਟੇ ਬੋਦਿਆਂ ਤੇ ਸਫਾ-ਚੱਟ ਦਾੜ੍ਹੀ ਨਾਲ
ਆਪਣੇ ਹੀ ਪਿੰਡ ਤੇ ਸ਼ਹਿਰ ਅੰਦਰ
ਕੀ ਮੈਂ?
ਜਵਾਬ ਦੀ ਥਾਂ ਘੇਰ ਲੈਂਦੇ ਮੈਨੂੰ ਅਨੇਕਾਂ ਸਵਾਲ
ਉਤਰਨ ਲਈ
ਰੰਬੀ ਦੇ ਨਾਲ ਖੋਪੜੀ ਮੇਰੀ
ਉਧੜਣ ਲੱਗਦੀ ਜਮੂਰਾਂ ਨਾਲ ਖੱਲੜੀ
ਚੜ ਜਾਂਦਾ ਚਰਖੜੀ ਉਤੇ ਮੈਂ ਸਾਰੇ ਦਾ ਸਾਰਾ।' (ਪੰਨਾ 67)

ਉਸਦੀ ਇਸ ਚਾਹਤ ਦਾ ਜਿਉਂਦੇ ਰਹਿਣਾ ਹੀ ਉਸ ਅੰਦਰਲੀ ਰਚਨਾਤਮਕਤਾ ਦਾ ਜ਼ਾਹਰੀ ਰੂਪ ਹੈ। ਵਕਤ ਦੇ ਵੱਡੇ ਪ੍ਰਸ਼ਨਾਂ ਨੂੰ ਉਠਾਉਣਾ ਤੇ ਜਵਾਬ ਦੀ ਤਲਾਸ਼ ਵਿਚ ਪਲ ਪਲ ਜਿਉਣਾ ਜ਼ਿੰਦਗੀ ਦੇ ਚਿਤਰਪਟ ਵਿਚ ਨਵੇਂ ਰੰਗ ਭਰ ਕੇ ਉਸਦੀ ਸੁੰਦਰਤਾ ਨੂੰ ਵਧਾਉਣਾ ਹੈ। ਸੱਭਿਅਤਾ ਤੇ ਸੱਭਿਆਚਾਰ ਦੀ ਉਸਾਰੀ ਕਰਦੇ ਅਜਿਹੇ ਬੱਬਰ ਸ਼ੇਰ ਜੀਵਨ

ਵਿਚ ਸਦਾ ਜਿਉਂਦੇ ਰਹੇ ਹਨ।

ਸਮਾਜਕ ਵੇਗ ਦੀ ਤੋਰ

ਵਿਅਕਤੀ ਦਾ ਸਮਾਜ ਨਾਲ, ਸਮਾਜ ਦਾ ਕੁਦਰਤ ਨਾਲ ਅਤੇ ਇਸ ਵਾਸਤੇ ਮਨੁੱਖ ਦਾ ਸਮਾਜਕ ਵੇਗ ਰਾਹੀਂ ਕੁਦਰਤ ਨਾਲ ਰਿਸ਼ਤਾ ਦਵੰਦਾਤਮਕ (Dialectical) ਹੈ। ਰਚਨਾ ਦੇ ਨਾਇਕ ਦਾ ਕੁਦਰਤ ਦੇ ਕਾਨੂੰਨਾਂ ਬਾਰੇ ਗਿਆਨ ਹੀ ਉਸਨੂੰ ਸਮਾਜਕ ਵੇਗ ਦੀ ਬਾਹਰਲੀ ਅਸਲੀਅਤ ਫਰੋਲਣ ਦੇ ਸਮਰੱਥ ਬਣਾਉਂਦਾ ਹੈ। ਨਾਇਕ ਦੇ ਸਮਾਜਕ ਆਲੇ-ਦੁਆਲੇ ਦੀਆਂ ਨਿਰਦਈ ਘਟਨਾਵਾਂ ਨੇ ਉਸਦਾ ਸਮਾਜਕ ਤਜਰਬਾ ਡੂੰਘਾ ਕੀਤਾ ਹੈ। ਵੇਗ ਦੀਆਂ ਰੁਕਾਵਟਾਂ ਨੂੰ ਪਛਾਣ ਕੇ ਹਟਾਉਣ ਦੀ ਉਸਦੀ ਇੱਛਾ ਨੇ ਉਸਨੂੰ ਸ਼ਕਤੀ ਦਿੱਤੀ ਹੈ। ਉਹ ਹਾਲਾਤ ਦੇ ਸਮਰੱਥ ਹੋ ਰਿਹਾ ਹੈ। ਉਹ ਆਪਣੇ ਦਿਲ ਦੇ ਵੇਗ ਨੂੰ ਸਹੀ ਤੇ ਸਮਰੱਥ ਕਰਦਾ ਜਾ ਰਿਹਾ ਹੈ। ਇਸੇ ਕਰਕੇ ਤਾਂ ਉਹ ਮੌਤ ਨਾਲ ਜੂਝਦਾ ਵੀ ਵੱਡੇ ਸਵਾਲਾਂ ਦੀ ਸਿਰਜਣਾ ਕਰਨ ਦੇ ਆਹਰ ਵਿਚ ਹੈ:

'ਅਫਸੋਸ ਨਹੀਂ ਸਰੀਰ ਦੇ ਕਤਲ ਦਾ ਮੈਨੂੰ
ਨਸ਼ਟ ਹੋ ਜਾਵੇਗਾ
ਬ੍ਰਹਿਮੰਡ
ਰੱਬ
ਕਾਇਨਾਤ
ਜੇਕਰ ਕਤਲ ਕਰੋਗੇ ਸਵਾਲਾਂ ਦਾ।' (ਪੰਨਾ 84)

ਸਮਾਜਕ ਵੇਗ ਦੀ ਨਿਰੰਤਰਤਾ ਬਣੀ ਰਹਿੰਦੀ ਹੈ। ਕਾਵਿ-ਗਾਥਾ ਵਿਚ ਜ਼ਿਕਰ ਹੈ ਕਿ ਰੁਕਾਵਟਾਂ ਨੂੰ ਤੋੜਨ ਲਈ ਗਦਰੀ, ਅਕਾਲੀ, ਭਗਤ ਸਿੰਘ, ਊਧਮ ਸਿੰਘ, ਨਕਸਲਾਈਟ, ਕਾਮਰੇਡ ਸਦਾ ਸਰਗਰਮ ਰਹੇ ਹਨ। ਰਚਨਾ ਦੀਆਂ ਇਹ ਤੱਥ-ਘਟਨਾਵਾਂ ਸਮਾਜਕ ਵੇਗ ਨੂੰ ਇਕ ਸਦਾ ਵਗਦੇ ਦਰਿਆ ਦੀ ਤਰ੍ਹਾਂ ਦਰਸਾਉਂਦੀਆਂ ਹਨ। ਦਰਿਆ ਦੀ ਨਿਰੰਤਰ ਰਵਾਨੀ ਹੀ ਦਰਿਆ ਹੈ। ਦਰਿਆ ਦੀ ਰਵਾਨੀ ਵਿਚ ਨਵੇਂ ਮੋੜਾਂ ਦਾ ਆਉਣਾ ਦਰਿਆ ਹੈ। ਹਰ ਮੋੜ 'ਤੇ ਨਵੀਆਂ ਰੋਕਾਂ ਨਾਲ ਜੂਝਦੇ ਹੋਏ ਪਾਣੀ ਦਾ ਅੱਗੇ ਵਧਣਾ ਹੀ ਦਰਿਆ ਦਾ ਸੁਭਾਅ ਹੈ। ਰਚਨਾ ਦਾ ਨਾਇਕ ਠਹਿਰਾਓ ਵਿਚ ਖੰਗਰ ਹੋਏ ਵਕਤ ਵਿਚ, ਪਿਤਾ-ਪੁਰਖੀ ਰਵਾਇਤਾਂ ਵਿਚ, ਪ੍ਰਚੱਲਤ ਪ੍ਰੰਪਰਾਵਾਂ ਤੇ ਧਾਰਨਾਵਾਂ ਵਿਚ ਗਤੀ ਲਿਆਉਣਾ ਲੋਚਦਾ ਹੈ। ਨਵੀਨਤਾ ਲਈ ਯਤਨ ਕਰਦਾ ਹੈ, ਨਵੇਂ ਪੂਰਨੇ ਪਾਉਣੇ ਚਾਹੁੰਦਾ ਹੈ। ਨਵੀਂ ਪੱਟੀ ਲਿਖਣੀ ਚਾਹੁੰਦਾ ਹੈ। ਉਸਦੀ ਤਲਵਾਰੀ ਸੂਝ ਦਾ ਨਿਸ਼ਾਨਾ ਰਾਵਣ ਹੀ ਨਹੀਂ ਸਗੋਂ ਰਾਮ ਦੇ ਲਿਬਾਸ ਵਿਚ ਲੁਕੇ ਸ਼ੈਤਾਨ ਵੀ ਹਨ। ਉਹ ਗੀਤਾ ਤੇ ਬਾਬਰਵਾਣੀ ਨੂੰ ਨਕਾਰਦਾ ਨਹੀਂ ਸਗੋਂ ਸ਼ੈਤਾਨਾਂ ਅੱਗੇ ਆਪਣੀ ਸਿਰਜਣਤਮਕਤਾ ਨੂੰ ਜ਼ਾਹਰ ਕਰਦਾ ਹੈ:

'ਇਹ ਬੈਗ ਜੋ ਮੋਢੇ ਤੋਂ ਮੇਰੇ ਲਾਹ ਲਿਆ ਹੈ ਤੂੰ
ਇਸ ਵਿਚ ਗੀਤਾ ਹੈ
ਬਾਬਰਵਾਣੀ ਹੈ
ਜੋ ਨਾ ਨਾਨਕ ਨੇ ਲਿਖੀ ਹੈ ਤੇ ਨਾ ਹੀ ਕ੍ਰਿਸ਼ਨ ਨੇ
ਮੈਂ ਲਿਖੀ ਹੈ
ਮੀਂਹ ਵਿਚ ਚੋਂਦੇ ਕੱਚੇ ਕੋਠੇ ਦੀ ਛੱਤ ਬਾਰੇ
ਗਹਿਣੇ ਧਰੇ ਇਸ ਖੇਤ ਬਾਰੇ
ਭੈਣਾਂ ਦੀ ਵਿਚਾਲਿਓਂ ਛੁੱਟੀ ਪੜ੍ਹਾਈ ਬਾਰੇ
ਬਾਪੂ ਦੇ ਸਿਰ ਵਧਦੇ ਜਾਂਦੇ ਕਰਜ਼ੇ ਬਾਰੇ

ਵਿਕ ਗਈਆਂ ਬੇਬੇ ਦੀਆਂ ਵਾਲ਼ੀਆਂ
ਅਤੇ ਨੱਕ ਦੇ ਕੋਕੇ ਬਾਰੇ।' (ਪੰਨਾ 39)

ਨਾਇਕ ਦੀ ਇਹੋ ਸਿਰਜਣਾਤਮਕਤਾ ਹੀ ਸਮਾਜਕ ਵੇਗ ਦੀ ਗਤੀਸ਼ੀਲਤਾ ਦਾ ਇਜ਼ਹਾਰ ਹੈ। ਨਾਇਕ ਦੇ ਅਹਿਸਾਸ ਗੀਤਾ, ਬਾਬਰਵਾਣੀ ਦੇ ਮੇਚ ਦੇ ਹੋਣ ਦੇ ਆਹਰ ਵਿਚ ਹਨ। ਇਹ ਗੀਤਾ ਬਾਬਰਵਾਣੀ ਦੀ ਵਰਤਮਾਨ ਦੇ ਸੰਦਰਭ ਵਿਚ ਪੁਨਰ-ਸਿਰਜਣਾ ਦੀ ਪ੍ਰਕਿਰਿਆ ਹੈ। ਨਾਇਕ ਕੁਦਰਤ ਤੇ ਬਾਹਰਲੀ ਅਸਲੀਅਤ ਵੱਲ ਅੱਗੇ ਤੋਰ ਦਾ ਮੁਜੱਸਮਾ ਹੋ ਰਿਹਾ ਹੈ। ਨਵੇਂ ਹਾਲਾਤ ਵਿਚ ਪੈਦਾ ਹੋ ਰਿਹਾ ਇਹ ਅਨੁਭਵੀ ਗਿਆਨ ਹੈ। ਇਉਂ ਸਮਾਜਕ ਸੰਭਾਵਨਾਵਾਂ ਵਧ ਰਹੀਆਂ ਹਨ। ਇਹ ਨਿਵੇਕਲੀ ਤੇ ਵਿਲੱਖਣ ਦਿਸ਼ਾ ਹਾਲਾਤ ਵਿਚ ਤਬਦੀਲੀ ਦੀ ਜਾਗ ਲਾਉਂਦੀ ਹੈ। ਨਾਇਕ ਸਮਾਜਕ ਵੇਗ ਦੀ ਨਿਰੰਤਰਤਾ ਲਈ ਦਿਮਾਗੀ ਸ਼ਕਤੀ ਹੀ ਨਹੀਂ ਲਾ ਰਿਹਾ ਸਗੋਂ ਕੁਦਰਤ ਵਿਚ ਸੰਭਾਵਨਾਵਾਂ ਵਧਣ ਨਾਲ ਨਵੇਂ ਜਜ਼ਬੇ, ਨਵੀਆਂ ਸਮਾਜਕ ਕੀਮਤਾਂ ਦੀ ਸੰਭਾਵਨਾ ਤੇ ਲੋੜ ਨੂੰ ਵੀ ਸੰਕੇਤਕ ਕਰਦਾ ਜਾ ਰਿਹਾ ਹੈ। ਸਰੀਰਕ ਮੌਤ ਨਾਲ ਉਸਦਾ ਜਜ਼ਬਾ ਹਾਰਦਾ ਨਹੀਂ ਸਗੋਂ ਕੁਕਨਸ ਦੀ ਤਰ੍ਹਾਂ ਮੁੜ ਜੀਵਤ ਹੋਣ ਲਈ ਅਹੁਲਦਾ ਹੈ:

'ਸਰੀਰਾਂ ਦੇ ਗੇੜ 'ਚੋਂ ਹਾਸਲ ਕਰਨ ਲਈ ਮੁਕਤੀ
ਦੇ ਸਕੋਗੇ
ਜੇ ਨਹੀਂ
ਤਾਂ ਲਉ ਫਿਰ ਹਾਜ਼ਰ ਹਾਂ ਮੈਂ
ਕਿਸੇ ਵੀ ਨਾਮ ਨਾਲ
ਕਿਸੇ ਵੀ ਵੇਸ ਵਿਚ
ਕਿਸੇ ਵੀ ਦੇਸ਼ ਅੰਦਰ ਧਾਰ ਕੇ ਨਵਾਂ ਸਰੀਰ।' (ਪੰਨਾ 85)

ਸਮਾਜਕ ਵੇਗ ਵਿਚ ਗਿਆਨ ਤੇ ਜਜ਼ਬਾ ਪਰੰਪਰਾ ਜਜ਼ਬ ਕਰਕੇ ਹੀ ਆਪਣੀ ਹੋਂਦ ਗ੍ਰਹਿਣ ਕਰਦੇ ਹਨ ਅਤੇ ਮੁੜਦੇ ਪੈਰੀਂ ਉਸੇ ਨੂੰ ਕੱਟ ਕੇ ਉਸਾਰੀ-ਦਰ-ਉਸਾਰੀ ਕਰਦੇ ਹਨ। ਨਾਇਕ ਪ੍ਰੰਪਰਾ 'ਤੇ ਖੜ੍ਹੇ ਕੇ ਨਵੇਂ ਨੂੰ ਫੜ ਰਿਹਾ ਹੈ। ਨਵੇਂ ਦਾ ਪੁਰਾਣੇ ਵਿਚ ਲਿਆ ਜਾਗ ਲਗਾਉਂਦਾ ਹੈ। ਉਹ ਗੌਤਮ, ਲਿੰਕਨ, ਲੈਨਿਨ, ਗਾਂਧੀ, ਮਾਰਕਸ, ਅਸ਼ੋਕ ਤੇ ਸਿੱਖ ਇਤਿਹਾਸ ਦੇ ਨਾਇਕ ਸਭਨਾਂ ਨੂੰ ਆਪਣੇ ਜ਼ਿਹਨ ਵਿਚ ਲਿਆ ਰਿਹਾ ਹੈ। ਇਤਿਹਾਸ ਦੇ ਪ੍ਰਤੀ-ਨਾਇਕਾਂ ਨੂੰ ਮਹਿਸੂਸ ਕਰਕੇ ਵਿਰੋਧ ਦੀ ਦੂਸਰੀ ਧਿਰ ਨੂੰ ਸਪੱਸ਼ਟ ਕਰਦਾ ਹੈ:

'ਕਿਉਂ
ਆਖਰ ਕਿਉਂ ਬਣਿਆ ਉਹ ਮੁਹੰਮਦ ਗੌਰੀ
ਗਜ਼ਨਵੀ
ਬਾਬਰ
ਹਿਟਲਰ ਤੇ ਸਿਕੰਦਰ
ਨਿਗਲ ਜਾਣ ਲਈ ਧਰਤੀ ਸਾਰੀ।' (ਪੰਨਾ 98)

ਉਹ ਧਰਤੀ ਨੂੰ ਨਿਗਲ ਜਾਣ ਤੋਂ ਬਚਾਉਣ ਲਈ ਯਤਨਸ਼ੀਲ ਸਮਾਜਕ ਧਿਰਾਂ ਦੀ ਤਰਜ਼ਮਾਨੀ ਕਰਦਾ ਪ੍ਰਤੀਤ ਹੁੰਦਾ ਹੈ। ਸਮਾਜ ਦੀਆਂ ਸਾਕਾਰਾਤਮਕ ਤੇ ਨਾਕਾਰਾਤਮਕ ਹੋਂਦਾਂ ਨਾਲ ਹਾਜ਼ਰ ਹੈ। ਨਾਇਕ ਵੇਗ ਦੀ ਨਿਰੰਤਰਤਾ ਬਣਾਈ ਰੱਖਣ ਲਈ ਦਿਮਾਗੀ ਗਿਆਨ ਤੇ ਦਿਲ ਦੇ ਜਜ਼ਬੇ ਨਾਲ ਭਰਪੂਰ ਕੋਸ਼ਿਸ਼ ਵਿਚ ਹੈ। ਉਹ ਆਖਰੀ ਕੋਸ਼ਿਸ਼ ਕਰਦਾ ਹੈ:

'ਕਬਰ ਦੇ ਇਕ ਕੋਨੇ ਵਿਚ ਬੈਠ

ਲੱਗਾ ਉਹ ਤਪ ਕਰਨ
ਹਾਸਲ ਕਰਨ ਵਾਸਤੇ ਰੂਹ ਆਪਣੀ ਲਈ
ਇਕ ਹੋਰ ਦੇਹ......’ (ਪੰਨਾ 103)

ਮਾਨਵਵਾਦ

ਕਾਵਿ-ਗਾਥਾ ‘ਕਉਨ ਮੂਆ ਰੇ ਕਉਨੁ ਮੂਆ’ ਦੀਆਂ ਬਾਹਰਲੀਆਂ ਤਹਿਆਂ ਵਿਚ ਤਾਂ ਰੱਬ ਤੋਂ ਮੁਨਕਰ ਤਰਕਸ਼ੀਲ ਵਿਅਕਤੀ ਨਾਇਕਤੱਵ ਦਾ ਜਾਮਾ ਪਹਿਨਦਾ ਨਜ਼ਰ ਆ ਰਿਹਾ ਹੈ ਪਰ ਅੰਦਰਲੀਆਂ ਤਹਿਆਂ ਵਿਚ ਉਹ ਮਾਨਵਵਾਦ ਦਾ ਸਰਗਰਮ ਹਿਮਾਇਤੀ ਹੀ ਨਹੀਂ ਸਗੋਂ ਕਰਮ ਭੂਮੀ ਵਿਚ ਲੜਾਕੂ ਵੀ ਹੈ। ਉਹ ਕਿਸੇ ਸੰਤ ਸਿਪਾਹੀ ਦਾ ਮਾਨਵੀ ਰੂਪ ਪ੍ਰਗਟ ਹੋ ਰਿਹਾ ਹੈ:

‘ਬੰਦਾ ਬਣਨ ਦੇ ਗੇੜ ਵਿਚ
ਬਣ ਜਾਂਦਾ ਹੈ ਕਿਉਂ
ਉਹ ਕਦੇ ਹਿੰਦੂ
ਕਦੇ ਬੋਧੀ
ਕਦੇ ਜੈਨੀ
ਕਦੇ ਯਹੂਦੀ
ਇਸਾਈ, ਮੁਸਲਮਾਨ, ਸ਼ੀਆ, ਸੁਨੀ ਤੇ ਕਦੇ ਸਿੱਖ।’ (ਪੰਨਾ 98)

ਉਹ ਇਸ ਤਰ੍ਹਾਂ ਦੇ ਸਵਾਲ ਉਠਾਉਂਦਾ ਹੀ ਨਹੀਂ ਉਨ੍ਹਾਂ ਦੇ ਜਵਾਬ ਦੀ ਤਲਾਸ਼ ਵੀ ਕਰਦਾ ਹੈ। ਰਚਨਾ ਵਿਚ ਜਵਾਬ ਸਿਧਾਂਤ ਰੂਪ ਵਿਚ ਭਾਵੇਂ ਪ੍ਰਾਪਤ ਨਹੀਂ ਪਰ ਨਾਇਕ ਦਾ ਅਮਲੀ ਜੀਵਨ ਰਾਹੀਂ ਅਨਿਆਂ ਪੂਰਨ ਪ੍ਰਸਥਿਤੀਆਂ ਵਿਚੋਂ ਗੁਜ਼ਰ ਕੇ ਸੋਚਣਾ, ਮਹਿਸੂਸ ਕਰਨਾ ਤੇ ਡਟੇ ਰਹਿਣਾ ਉਸਨੂੰ ਸਿਰੜੀ ਮਾਨਵਵਾਦੀ ਬਣਾਉਂਦਾ ਹੈ। ਬੁੱਧ, ਹਜ਼ਰਤ ਈਸਾ, ਹਜ਼ਰਤ ਮੁਹੰਮਦ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਕਾਰਲ ਮਾਰਕਸ, ਲੈਨਿਨ, ਭਗਤ ਸਿੰਘ ਵਰਗੇ ਜੁਝਾਰੂ ਮਾਨਵਵਾਦੀ ਉਸਦੇ ਪ੍ਰੇਰਨਾ ਸਰੋਤ ਹਨ। ਨਾਇਕ ਇਨ੍ਹਾਂ ਦੇ ਜਜ਼ਬਾਤਾਂ, ਖਿਆਲਾਂ ਤੇ ਵਿਚਾਰਾਂ ਦਾ ਮਾਨਵੀ ਰੂਪ ਬਣਨ ਦੇ ਆਹਰ ਵਿਚ ਹੈ। ਇਸ ਵਾਸਤੇ ਇਸ ਰਚਨਾ ਦੀ ਸੁਰ ਪੈਗੰਬਰੀ ਹੋ ਜਾਂਦੀ ਹੈ।

ਕਵਿਤਾ ਵਿਚ ਮਿੱਥ ਦੀ ਅਨੁਭਵੀ ਵਰਤੋਂ ਮਾਨਵਵਾਦ ਦੀ ਸਹੀ ਪ੍ਰਤੀਤੀ ਦੇਣ ਵਿਚ ਵਡਮੁੱਲਾ ਯੋਗਦਾਨ ਪਾਉਂਦੀ ਹੈ। ਬਹੁ-ਸ਼ਾਖਾ ਵਾਲੀ ਸੰਘਣੀ ਮਿੱਥ ਸਮਾਜ ਦੀ ਸਾਂਝੀ ਪ੍ਰਤਿਭਾ ਦੇ ਸੂਖਮ ਨਿਚੋੜਾਂ ਨੂੰ ਆਪਣੇ ਅੰਦਰ ਜਜ਼ਬ ਕਰ ਲੈਂਦੀ ਹੈ। ਪੰਜਾਬ ਵਿਚ ਵਾਪਰੇ ਦੁਖਾਂਤ ਨੂੰ ਵਿਸ਼ਲੇਸ਼ਤ ਕਰਦੀ ਇਹ ਕਾਵਿਮਈ ਗਾਥਾ ਕਲਾਮਈ ਜੁਗਤਾਂ ਨਾਲ ਪੰਜਾਬ ਤੇ ਭਾਰਤ ਦੇ ਸਮੁੱਚੇ ਇਤਿਹਾਸ-ਮਿਥਿਹਾਸ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਬਾਬਰਵਾਣੀ ਤੇ ਗੀਤਾ ਤੇ ਮਿੱਥਾਂ ਰਾਹੀਂ ਕਟਾਖਸ਼ ਮਾਰਦਾ ਹੋਇਆ ਰਚੇਤਾ, ਨਾਇਕ ਦੀ ਰਚਨਾਤਮਕਤਾ ਲਈ ਆਧਾਰ ਪੇਸ਼ ਕਰਦਾ ਹੈ।

ਰਚਨਾ ਦੇ ਨਾਇਕ ਦਾ ਨਾਇਕਤੱਵ ਉਦੋਂ ਵੱਧ ਲਿਸ਼ਕਦਾ ਹੈ ਜਦੋਂ ਦੁਆਲੇ ਉਸਰੀਆਂ ਅਨਿਆਕਾਰੀ ਪ੍ਰਸਥਿਤੀਆਂ ਦੀ ਅਸਲੀਅਤ ਨੰਗੀ ਹੁੰਦੀ ਹੈ। ਸਿੱਖ ਆਤੰਕ ਨੇ ਜੋ ਖ਼ੌਫਨਾਕ ਹਾਲਾਤ ਪੈਦਾ ਕੀਤੇ ਜਿਨ੍ਹਾਂ ਨਾਲ ਟਕਰਾਉਂਦਾ ਨਾਇਕ ਆਪਣੇ ਮਾਨਵੀ ਅਸਤਿਤਵ ਨੂੰ ਬਚਾਉਂਦਾ ਹੋਇਆ ਇਸਨੂੰ ਵਿਕਸਤ ਕਰਨ ਦੇ ਸਿਰਤੋੜ ਯਤਨ ਕਰ ਰਿਹਾ ਹੈ, ਉਨ੍ਹਾਂ ਨੇ ਹੀ ਜੀਵਨ ਵਿਚ ਅਰਥਹੀਣਤਾ ਅਤੇ ਗਤੀਹੀਣਤਾ ਦਾ ਮਾਹੌਲ ਸਿਰਜਿਆ ਹੈ। ਅਰਥਹੀਣਤਾ ਵਿਚ ਅਰਥਸ਼ੀਲਤਾ ਭਰਨਾ ਤੇ ਗਤੀਹੀਣਤਾ ਦੀ ਥਾਂ ਗਤੀਸ਼ੀਲਤਾ ਲਈ ਮਾਹੌਲ ਸਿਰਜਣਾ ਨਾਇਕ ਦੀ ਮਾਨਵਤਾ ਹੈ। ਸਿੱਖ ਆਤੰਕਵਾਦੀਆਂ

ਦਾ ਮਾਰਗ ਨਾਨਕ ਦਾ ਮਾਰਗ ਨਹੀਂ ਸਗੋਂ ਉਹ ਕੁਰਾਹੇ ਪਏ ਦੌੜਾਕ ਹਨ। ਰਾਹ ਨਾਲੋਂ ਕੁਰਾਹ ਮਾਪ ਵਿਚ ਛੋਟੀ ਹੁੰਦੀ ਹੈ, ਪਰ ਉਸ ਉੱਤੇ ਚੱਲ ਕੇ ਟੀਚੇ ’ਤੇ ਨਹੀਂ ਪੁੱਜਿਆ ਜਾ ਸਕਦਾ। ਇਸ ਵਿਚ ਦੋਵੇਂ ਪੈਰ ਕੰਡਿਆਂ ਨਾਲ ਫੱਟੜ ਹੋ ਜਾਂਦੇ ਹਨ। ਕਿਸੇ ਵਸਤ ਦੀ ਠੀਕ ਕੀਮਤ ਨਾ ਦੇ ਸਕਿਆਂ, ਕੀਮਤ ਤਾਂ ਜਾਂਦੀ ਹੀ ਹੈ, ਵਸਤ ਵੀ ਨਹੀਂ ਮਿਲਦੀ। ਕੁਰਾਹੇ ਪਏ ਜਦੋਂ ਸਵੈ-ਨਿਰੀਖਣ ਕਰਦੇ ਹਨ ਜਾਂ ਕਰਨਗੇ ਉਨ੍ਹਾਂ ਦੀ ਜ਼ਮੀਰ ਉਨ੍ਹਾਂ ਨੂੰ ਅਸਲੀਅਤ ਦਾ ਅਹਿਸਾਸ ਕਰਵਾ ਦੇਵੇਗੀ। ਨਾਇਕ ਨੂੰ ਗੋਲੀ ਮਾਰਨ ਵਾਲਾ ਸਿੱਖ ਆਤੰਕਵਾਦੀ ਨਾਇਕ ਦੀ ਡਾਇਰੀ ਪੜ੍ਹਦਾ ਹੈ। ਨਾਇਕ ਆਪਣੀ ਭੈਣ ਲਈ ਲਿਖਦਾ ਹੈ:

‘ਕਾਣੀ ਕੌਡੀ ਵੀ ਨਹੀਂ ਦੇ ਸਕਦਾ ਤੈਨੂੰ
ਤੇਰਾ ਵੀਰ
ਵਿਆਹ ਤੇਰੇ ਉਤੇ
ਬੇਕਾਰੀ ਦਾ ਝੰਬਿਆ
ਦਾਅਵੇ ਕਰਦਾ ਹੈ ਰੋਜ਼
ਧਰਤੀ ਉਤੇ ਸਵਰਗ ਨੂੰ ਖਿੱਚ ਲਿਆਉਣ ਦੇ।’ (ਪੰਨਾ 64)

ਆਤੰਕਵਾਦੀ ਅੰਦਰੋਂ ਛਲਕਿਆ ਹੈ। ਉਸਦੇ ਹੱਥੋਂ ਕਾਗਜ਼ ਡਿੱਗ ਪਿਆ ਹੈ, ਉਸਦੀਆਂ ਅੱਖਾਂ ਵਿਚ ਅੱਥਰੂ ਆ ਗਏ ਹਨ। ਉਸਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਖੁਦ ਆਪਣੇ ਹੱਥੋਂ ਹੀ ਕਤਲ ਹੋ ਗਿਆ ਹੋਵੇ। ਨਾਇਕ ਦੇ ਲਹੂ ਦੀ ਲੋਅ ਉਸਦੇ ਅੰਦਰ ਚਿਣਗ ਬਣ ਕੇ ਡਿੱਗੀ ਹੈ। ਮਾਨਵਵਾਦ ਦਾ ਇਹ ਵੀ ਇਕ ਰੂਪ ਪੇਸ਼ ਹੈ। ਇਹ ਉਹ ਨੌਜਵਾਨ ਹਨ ਜੋ ਸ਼ਾਂਤੀ ਨਾਲ ਜਿਉਣਾ ਚਾਹੁੰਦੇ ਸਨ ਪਰੰਤੂ ਅਨਿਆਂ ਭਰਪੂਰ ਪ੍ਰਸਥਿਤੀਆਂ ਨੇ ਉਨ੍ਹਾਂ ਨੂੰ ਮੌਤ ਦੀ ਅੰਨ੍ਹੀ ਗਲੀ ਵਿਚ ਧੱਕ ਦਿੱਤਾ। ਇਹੋ ਸਥਿਤੀ ਮਾਨਵਤਾਵਾਦ ਦੇ ਜਿੱਤਣ ਦਾ ਸੰਕੇਤ ਹੈ ਤੇ ਜੀਵਨ ਦੀ ਸਹਿਜ ਨਿਰੰਤਰਤਾ ਦੀ ਉਮੀਦ ਅਜੋਕੇ ਯੁੱਗ ਵਿਚ ਮਾਨਵਤਾਵਾਦ ਦੀ ਸਥਾਪਤੀ ਹੀ ਇਕ ਨਵੇਂ ਉਚੇਰੇ ਤੇ ਨਿਆਂਪੂਰਨ ਸਮਾਜ ਲਈ ਗਾਡੀ ਰਾਹ ਬਣਾਵੇਗੀ। ਮੌਤ ਦੀ ਜੂਹ ਵਿਚ ਪਹੁੰਚ ਕੇ ਨਾਇਕ ਇਕ ਨਵੇਂ ਨਿਆਂਪੂਰਨ ਸਮਾਜ ਦੀ ਸਿਰਜਣਾ ਲਈ ਅਹੁਲਦਾ ਹੈ। ਇਹੋ ਗਤੀਸ਼ੀਲ ਜੀਵਨ ਦੀ ਮੰਜ਼ਿਲ ਹੈ। ਇਸ ਸਫਰ ਵਿਚ ਮੌਤ ਵੀ ਕਿਸੇ ਦਾ ਸਫ਼ਰ ਰੋਕ ਨਹੀਂ ਸਕਦੀ।

ਕਾਵਿਮਈ ਗਾਥਾ ‘ਕਉਨੁ ਮੂਆ ਰੇ ਕਉਨੁ ਮੂਆ’ ਦੇ ਆਂਤਰਕ ਸਾਰ ਦੀ ਥਾਹ ਪਾ ਲੈਣ ਨਾਲ ਅਸੀਂ ਇਸ ਰਚਨਾ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਪਕੜਨ ਦੇ ਸਮਰੱਥ ਹੁੰਦੇ ਹਾਂ।

ਸੀਮਾ

ਇਸ ਰਚਨਾ ਦੀ ਸਭ ਤੋਂ ਵੱਧ ਧਿਆਨ ਦੇਣ ਵਾਲੀ ਸੀਮਾ ਇਹ ਹੈ ਕਿ ਇਸ ਵਿਚ ਮੁਖ ਵਿਰੋਧੀ ਸੁਰ ਆਤੰਕਵਾਦ ਨੂੰ ‘ਖਾੜਕੂਵਾਦ’ ਕਹਿ ਕੇ ਪੇਸ਼ ਕੀਤਾ ਗਿਆ ਹੈ ਜੋ ਆਤੰਕਵਾਦ ਨੂੰ ਸਮਝਣ ਵਿਚ ਅਸਪੱਸ਼ਟਤਾ ਪੈਦਾ ਕਰਦੀ ਹੈ:

‘ਸਵਾਲ
ਜਿਹੜਾ ਕਦੇ ਗਦਰੀ ਬਣਿਆ
ਕਦੇ ਅਕਾਲੀ
ਕਦੇ ਭਗਤ ਸਿੰਘ
ਕਦੇ ਊਧਮ
ਨਕਸਲਾਈਟ

ਕਾਮਰੇਡ ਤੇ ਕਦੇ ਸਿੱਖ ਖਾੜਕੂ।' (ਪੰਨਾ 84)

ਸਤਹੀ ਪੱਧਰ 'ਤੇ ਰਚੇਤਾ ਗੁਰਨਾਇਬ ਸਿੰਘ ਪੰਜਾਬੀਆਂ ਦੀ ਵਿਦਰੋਹੀ ਮਾਨਸਿਕਤਾ ਨੂੰ ਵੱਖ-ਵੱਖ ਰੂਪਾਂ ਵਿਚ ਪ੍ਰਗਟ ਹੁੰਦੀ ਦੱਸ ਰਿਹਾ ਹੈ। 'ਸਿੱਖ ਖਾੜਕੂ' ਹੀ ਨਾਇਕ ਦੀਆਂ ਜੜ੍ਹਾਂ ਤੱਕ ਨੂੰ ਹਿਲਾ ਰਹੇ ਹਨ। ਉਨ੍ਹਾਂ ਪ੍ਰਤੀ ਇਹ ਰੁਖ਼ ਰਚਨਾ ਦੀ ਸੰਜੀਦਗੀ ਉਤੇ ਨਾਕਾਰਾਤਮਕ ਪ੍ਰਭਾਵ ਪਾਉਂਦਾ ਹੈ।

ਰਚੇਤਾ ਦਾ ਆਪਣਾ ਜੀਵਨ ਅਨੁਭਵ ਪੂਰੀ ਗਹਿਰਾਈ ਨਾਲ ਰਚਨਾ ਦੀ ਰਗ-ਰਗ ਵਿਚ ਦਿਖ ਰਿਹਾ ਹੈ। ਉਹ ਕਿਧਰੇ ਵੀ ਬੁਰੇ ਵਕਤਾਂ ਦੇ ਖਿਲਾਫ਼ ਸੰਗਠਿਤ ਸੰਘਰਸ਼ ਕਰਨ ਵੱਲ ਇਸ਼ਾਰਾ ਨਹੀਂ ਕਰਦਾ। ਉਹ ਗੋਸ਼ਟੀਆਂ ਵੱਲ ਤਾਂ ਇਸ਼ਾਰਾ ਕਰਦਾ ਹੈ। ਗੋਸ਼ਟੀ ਯੂਨੀਵਰਸਿਟੀ ਕਲਚਰ ਦਾ ਸਭ ਤੋਂ ਮਿੱਠਾ ਫਲ ਹੈ। ਨਾਇਕ ਦੀ ਪੀੜਾ ਦੀ ਜੜ੍ਹ ਤੇ ਸਵਾਲਾਂ ਦੇ ਜਵਾਬਾਂ ਦਾ ਸੋਮਾ ਵੀ ਬੁਰੇ ਵਕਤਾਂ ਨਾਲ ਸੰਗਠਿਤ ਸੰਘਰਸ਼ ਕਰਨ ਵਿਚ ਹੈ। ਉਹ ਸੰਸਾਰ ਨੂੰ ਜਾਨਣ ਦੀ ਚੇਸ਼ਟਾ ਭਰਪੂਰਤਾ ਵਿਚ ਰੱਖਦਾ ਹੈ। ਪਰ ਸੰਸਾਰ ਨੂੰ ਬਦਲਣ ਵੱਲ ਸਮਰੱਥ ਯਤਨ ਕਰਨ ਦੇ ਰਾਹੇ ਨਹੀਂ ਪੈ ਰਿਹਾ।

ਸੰਭਾਵਨਾ

ਗੁਰਨਾਇਬ ਸਿੰਘ ਦੀ ਇਹ ਕਾਵਿਮਈ ਗਾਥਾ ਸਾਡੇ ਸਮਿਆਂ ਦੇ ਸੱਚ ਨੂੰ, ਜਜ਼ਬਿਆਂ ਸਮੇਤ ਸਾਡੇ ਸਨਮੁਖ ਕਰਦੀ ਹੈ। ਸਾਡੇ ਅੰਦਰ ਰਚਨਾਤਮਕ ਬੇਚੈਨੀ ਉਤਪੰਨ ਕਰਦੀ ਹੈ। ਨਾਇਕ ਦੇ ਸਵਾਲ ਸਾਡੇ ਮੱਥਿਆਂ ਵਿਚ ਉਕਰ ਆਉਂਦੇ ਹਨ। ਅਸੀਂ ਸਵਾਲਾਂ ਦੀ ਤਲਾਸ਼ ਵਿਚ ਸੋਚਣ ਲਈ ਮਜਬੂਰ ਹੋ ਜਾਂਦੇ ਹਾਂ। ਰਚੇਤਾ ਨੇ ਭਾਰਤੀ-ਇਤਿਹਾਸ-ਮਿਥਿਹਾਸ ਤੇ ਇਤਿਹਾਸ ਦੇ ਸਿਰਜਣਹਾਰੇ ਨਾਇਕਾਂ ਨੂੰ ਇਕ ਲੜੀ ਵਿਚ ਖਲਾਰ ਕੇ ਸਾਡੇ ਜਜ਼ਬਿਆਂ ਦੀ ਰਿਹਰਸਲ ਕਰਵਾਈ ਹੈ। ਰਚਨਾ ਦੇ ਨਾਇਕ ਦਾ ਉਸਰ ਰਿਹਾ ਚਰਿੱਤਰ, ਬਣ ਰਹੀ ਮਾਨਸਿਕਤਾ ਤੇ ਮੌਤ ਦੀ ਜੂਹ ਵਿਚ ਜਾ ਕੇ ਵੀ ਅਨਿਆਂ ਦੇ ਖਿਲਾਫ਼ ਨਿਆਂ ਲਈ ਜਿਊਣ ਦੀ ਚਾਹਤ, ਇਸ ਰਚਨਾ ਦੀਆਂ ਅਥਾਹ ਸੰਭਾਵਨਾਵਾਂ ਉਜਾਗਰ ਕਰਦੀ ਹੈ। •

ਦੇਸ਼ ਭਗਤ ਕਾਲਜ, ਬਰੜਵਾਲ (ਧੂਰੀ) ਸੰਗਰੂਰ

ਸੋਗੀ ਸਮਾਚਾਰ

ਅੰਮ੍ਰਿਤਾ ਪ੍ਰੀਤਮ ਦੇ ਸੁਰਗਵਾਸ ਹੋਣ ਦੀ ਖ਼ਬਰ ਨੇ ਸਮੁੱਚੇ ਪੰਜਾਬੀ-ਜਗਤ ਨੂੰ ਪੀੜਤ ਕੀਤਾ ਹੈ। ਉਸਦੀ ਬਹੁ-ਪੱਖੀ ਸਾਹਿਤਕ ਦੇਣ ਨੂੰ ਅਣਡਿੱਠ ਕੀਤਾ ਜਾਣਾ ਸੰਭਵ ਨਹੀਂ। ਆਪਣੀ ਸਾਰੀ ਜ਼ਿੰਦਗੀ ਵਿਚ ਉਹ ਔਰਤ ਦੀ ਆਜ਼ਾਦੀ ਲਈ ਸਮਰਪਿਤ ਰਹੀ, ਉਸ ਦੀ ਘਾਲਣਾ ਦਾ ਯੋਗ ਮੁੱਲ ਵੀ ਪਾਇਆ ਗਿਆ ਹੈ ਤੇ ਉਸਨੂੰ ਸਾਰੇ ਹੀ ਮੁੱਖ ਪੁਰਸਕਾਰ ਪ੍ਰਾਪਤ ਹੋ ਚੁੱਕੇ ਸਨ। ਅਸੀਂ ਪੰਜਾਬੀ ਸਾਹਿਤ-ਸੰਸਾਰ ਦੇ ਸਾਂਝੇ ਸੋਗ ਵਿਚ ਸ਼ਾਮਿਲ ਹੁੰਦੇ ਹਾਂ। - ***ਸੰਪਾਦਕੀ ਮੰਡਲ***

ਸੁਰਿੰਦਰ ਮਕਸੂਦਪੁਰੀ

ਨਵੀਂ ਛੱਤ ਦਾ ਨਿੱਘ

ਬਹੁਤ ਹੰਢਾਇਆ ਸੀ
ਬਹੁਤ ਮਾਣਿਆ ਸੀ
ਬਾਪੂ ਦੇ ਕੱਖਾਂ ਕਾਨਿਆਂ ਵਾਲੇ
ਕੱਚੇ ਕੋਠੇ ਦਾ ਨਿੱਘ
ਬੇਫ਼ਿਕਰ, ਬੇਖ਼ੌਫ਼, ਹੋ ਕੇ ਚਿੰਤਾਮੁਕਤ
ਫੜ ਕੇ ਬਾਪੂ ਦੀ ਉਂਗਲ
ਗੁਜ਼ਾਰਿਆ ਸੀ ਹੱਸਦਾ ਖੇਡਦਾ ਬਚਪਨ
ਤੇ ਛੈਲ-ਛਬੀਲੀ ਜਵਾਨੀ ਦਾ ਜਲੌਅ
ਤੇ ਹੁਣ-ਹੁਣ ਮੇਰੇ ਮੋਢਿਆਂ 'ਤੇ ਆ ਡਿੱਗਾ ਹੈ
ਮੇਰੇ ਨਿੱਕੇ ਜਿਹੇ ਪਰਿਵਾਰ ਦਾ ਬੋਝ
ਤੇ ਹੁਣ ਬੋਝਲ-ਬੋਝਲ ਲੱਗਦਾ ਹੈ
ਬਾਪੂ ਅਖਵਾਉਣ ਦਾ ਅਹਿਸਾਸ
ਫਿੱਕੇ ਧੁੰਦਲੇ ਜਾਪਦੇ ਹਨ
ਜ਼ਿੰਦਗੀ ਦੀ ਕਿਤਾਬ ਦੇ ਬਹੁ-ਰੰਗੇ ਹਰਫ਼
ਜ਼ਿੰਮੇਵਾਰੀਆਂ ਦੀ ਵਲਗਣ ਵਿਚ ਕੈਦ ਹਨ
ਚਾਵਾਂ-ਭਾਵਾਂ ਦੇ ਮਖ਼ਮਲੀ ਖ਼ੁਆਬ
ਗੁੰਮੇ-ਗੁਆਚੇ, ਲਾਪਤਾ ਹਨ
ਪਦਾਰਥਵਾਦੀ ਮੋਹ ਦੇ ਜੰਗਲਾਂ ਵਿਚ
ਖ਼ੂਨੀ ਰਿਸ਼ਤਿਆਂ ਦੇ ਸੰਦਲੀ ਸਿਰਨਾਵੇਂ
ਤੇ ਹੁਣ-ਹੁਣ ਮੈਨੂੰ ਡਾਢਾ ਸਤਾਉਣ ਲੱਗਦਾ ਏ
ਬਜ਼ੁਰਗ ਬਾਪੂ ਵਾਂਗ ਬਜ਼ੁਰਗ ਹੋਈ
ਘੁਣ ਖਾਧੀ ਛਤੀਰੀ ਦੇ ਤਿੜਕਣ ਦਾ ਡਰ।
ਪਰ ਉਦੋਂ ਕੁਝ ਬੱਝਦਾ ਏ ਧਾਰਸ
ਜਦੋਂ ਕੁਝ ਕਰ ਗੁਜ਼ਰਨ ਤੇ ਹਿੰਮਤ
ਨਾ ਹਾਰਨ ਦਾ ਦੇ ਕੇ ਦਿਲਾਸਾ
ਉਕਸਾਉਂਦਾ ਤੇ ਪ੍ਰੇਰਦਾ ਹੈ ਮੈਨੂੰ
ਮੇਰੀ ਬੀਵੀ ਦੇ ਉਸਾਰੂ ਮਨ ਅੰਦਰ
ਬੈਠਾ ਆਧੁਨਿਕਤਾ ਦਾ ਸੰਕਲਪ
ਹੁਣ ਮੰਜ਼ਿਲੀਂ ਪਹੁੰਚੇ ਹਮਸਫ਼ਰ
ਸਾਥੀਆਂ ਵੱਲ ਵੇਖ
ਸਤਾਉਣ ਲੱਗਦੀ ਹੈ ਮੇਰੀ ਸੋਚ ਨੂੰ
ਸਮੇਂ ਦਾ ਹਾਣ ਦਾ ਹੋਣ ਦੀ ਪ੍ਰਬਲ ਇੱਛਾ
ਤੇ ਫਿਰ ਵਕਤ ਦੇ ਵਾਵਰੋਲਿਆਂ 'ਚ
ਡਗਮਗਾਉਂਦਾ
ਕੁਝ ਚਾਹੁੰਦਿਆਂ ਹੋਇਆਂ
ਕੁਝ ਅਣਚਾਹੁੰਦਿਆਂ ਹੋਇਆਂ
ਚੁੱਕ ਲੈਂਦਾ ਹਾਂ ਮੈਂ ਸਰਕਾਰੀ ਦਰੋਂ
ਕਰਜ਼ੇ ਦੀ ਪੰਡ ਦਾ ਬੋਝ
ਤੇ ਬਣਾ ਲੈਂਦਾ ਹਾਂ ਪਿੰਡ ਲਾਗਲੇ
ਸ਼ਹਿਰ ਵਿਚ ਗੁਜ਼ਾਰੇ ਨੁਮਾ ਕੋਠੀ।
ਸਮੇਂ ਦੀਆਂ ਕਰਵਟਾਂ ਸੰਗ
ਕਿਆਮਤ ਦਾ ਸਬੱਬ ਬਣ ਜਾਂਦਾ ਹੈ
ਵਿਆਜ ਦਰ ਵਿਆਜ ਦਾ ਸਿਲਸਿਲਾ
ਤੇ ਮੇਰੇ ਜ਼ਿਹਨ ਵਿਚ ਖੁੱਭਦਾ ਹੈ
ਅਸਹਿ ਪੀੜਾਂ ਦਾ ਖੰਜਰ
ਤੇ ਹੁਣ-ਹੁਣ ਮੈਨੂੰ ਰੋਜ਼ ਠਾਰਦਾ ਹੈ
ਇਸ ਨਵੀਂ ਕੋਠੀ ਦੀ ਛੱਤ ਦਾ ਨਿੱਘ
ਤੇ ਹੁਣ ਮੈਨੂੰ ਰੋਜ਼ ਸਾੜਦਾ ਹੈ
ਚੁਫੇਰੇ ਉਸਰੀਆਂ ਕੰਧਾਂ ਦਾ ਸੇਕ।

ਬਹੁਤ ਔਖਾ ਹੁੰਦਾ ਹੈ

ਬਹੁਤ ਔਖਾ ਹੁੰਦਾ ਹੈ
ਕਈ ਵੇਰ ਗੁਰੂ ਘਰ ਵਿਚ ਬੈਠਿਆਂ
ਕਿਸੇ ਆਲੌਕਿਕ ਸੁਰ ਨਾਲ ਜੁੜਨਾ
ਜਾਂ ਇਲਾਹੀ ਰੰਗ ਵਿਚ ਖੀਵੇ ਹੋ ਜਾਣਾ
ਵੇਖਦਾ ਹਾਂ ਜਦੋਂ
ਰੱਬ ਦੇ ਪੁਜਾਰੀਆਂ /ਸੇਵਕਾਂ ਦੀਆਂ
ਸਵਾਰਥੀ ਅਰਦਾਸਾਂ
ਮਤਲਬੀ ਮਨੋਕਾਮਨਾਵਾਂ
ਨਿਹਾਰਦਾ ਹਾਂ ਉਨ੍ਹਾਂ ਦੀਆਂ ਕਾਮੁਕ
ਤੇ ਵਪਾਰਕ ਨਜ਼ਰਾਂ
ਤੇ ਕਥਾ / ਪ੍ਰਵਚਨਾਂ ਦੀ ਥਾਂ
ਵੇਖਦਾ ਹਾਂ ਜਦ ਉਥੇ
ਸੱਚੇ ਰੱਬ ਦੇ ਨਾਂ 'ਤੇ

ਕੋਝੀ ਸਿਆਸਤ ਦਾ ਬੋਲਬਾਲਾ।
ਬਹੁਤ ਔਖਾ ਹੁੰਦਾ ਹੈ।
ਜਦੋਂ ਪਦਾਰਥਵਾਦੀ ਮੋਹ
ਖੂਨੀ ਰਿਸ਼ਤਿਆਂ ਵਿਚ ਉਸਾਰ ਦਿੰਦਾ ਹੈ
ਚੁੱਪ ਤੇ ਨਫ਼ਰਤ ਦੀ ਕੰਧ।
ਤੇ ਮਾਂ ਜਾਏ
ਮਾਂ ਜਾਈਆਂ ਵਿਚ
ਤਿੜਕਣ ਲੱਗਦੀ ਹੈ
ਪੀਡੇ ਪਿਆਰ ਦੀ ਤੰਦ।

ਸ਼ਾਇਦ ਭੁੱਲ ਜਾਂਦੇ ਹਨ ਉਹ
ਇਹ ਸਦੀਵੀ ਸੱਚ
ਕਿ ਭੱਜੀਆਂ ਬਾਹਾਂ ਤਾਂ
ਗਲ ਨੂੰ ਹੀ ਆਉਂਦੀਆਂ ਨੇ ਅਕਸਰ।

ਬਹੁਤ ਔਖਾ ਹੁੰਦਾ ਹੈ
ਜਦੋਂ ਜਵਾਨ ਬੱਚਿਆਂ ਸੰਗ
ਟੈਲੀਵਿਜ਼ਨ ਮੂਹਰੇ ਬੈਠ
ਕੁਝ ਬੇਸੁਰੇ ਗਾਇਕਾਂ ਦੇ
ਅਸ਼ਲੀਲ ਗਾਣੇ ਸੁਣ
ਇਤਰਾਜ਼ਯੋਗ ਹਰਕਤਾਂ ਵੇਖ
ਹੋ ਜਾਂਦੀਆਂ ਹਨ ਅੱਖਾਂ ਨੀਵੀਆਂ
ਤੇ ਹੋ ਜਾਂਦੇ ਨੇ ਹੋਠ ਲਾਜਵਾਬ
ਜਦੋਂ ਪੁੱਛਦੇ ਹਨ ਉਹ
ਦੂਹਰੇ ਅਰਥਾਂ ਵਾਲੇ
ਨਗਨ ਗੀਤਾਂ ਦੇ ਭਾਵ ਅਰਥ

ਬਹੁਤ ਔਖਾ ਹੁੰਦਾ ਹੈ
ਰੋਜ਼ੀ ਰੋਟੀ ਖ਼ਾਤਿਰ
ਪਰਦੇਸਾਂ ਵਿਚ
ਆਪਣਿਆਂ ਦੇ ਬਿਰਹਾ ਦਾ
ਸੰਤਾਪ ਭੋਗਣਾ
ਬੇਗਾਨੀ ਸੱਭਿਅਤਾ ਦੇ ਦਾਇਰਿਆਂ 'ਚ
ਸੀਮਤ ਹੋ
ਬੇਗਾਨੀ ਜੀਵਨ-ਜਾਚ ਵਿਚ ਰੰਗੀਜ਼
ਹਾਦਸਿਆਂ ਦਾ ਸਫ਼ਰ ਹੰਢਾਉਣਾ
ਤੇ ਆਪਣੇ ਵਤਨ ਦੇ ਵਿਛੋੜੇ ਦੀ ਅੱਗ ਸੇਕਣੀ
ਹਾਂ ਬਹੁਤ ਔਖਾ ਹੁੰਦਾ ਹੈ।

ਮਿੱਟੀ ਦਾ ਮੋਹ

ਬੜੀ ਚੋਗ ਪਾਈ
ਪਰਦੇਸ ਦੀ ਮਿੱਟੀ ਨੇ
ਬੜਾ ਡਾਲਰਾਂ /ਪੌਂਡਾਂ ਦੇ
ਲੋਭ-ਲਾਲਚ ਦਾ
ਮੋਹ-ਜਾਲ ਵਿਛਾਇਆ।

ਬੜੇ ਤੀਰ ਬਾਣ ਚਲਾਏ
ਉਸ ਮਿੱਟੀ ਦੇ ਪੈਸੇ
ਤੇ ਸੁੰਦਰਤਾ ਦੀ ਸ਼ਕਤੀ ਨੇ
ਆਪਣੇ ਰੰਗ ਵਿਚ ਰੰਗਣ ਲਈ

ਪਰ
ਮੇਰੇ ਦੇਸ਼ ਦੀ ਮਿੱਟੀ ਦਾ ਮੋਹ
ਮੇਰੇ ਅੰਦਰਲਾ ਅਹਿਸਾਸ
ਡਟਿਆ ਰਿਹਾ ਆਪਣੇ ਸਬਰ ਤੇ
ਆਪਣੇ ਸਵੈਮਾਣ 'ਤੇ।

ਤੇ ਵਾਰ-ਵਾਰ ਕਹਿੰਦਾ ਰਿਹਾ
ਨਹੀਂ ਕਰ ਸਕਦਾ ਸਮਝੌਤਾ ਮੈਂ
ਉਸ ਦੇਸ਼ ਦੀ
ਨਿਰਮੋਹੀ ਤੇ ਸਵਾਰਥੀ ਸੰਸਕ੍ਰਿਤੀ ਨਾਲ
ਆਪਣੀ ਹੱਸਦੀ-ਗਾਉਂਦੀ ਤੇ ਨੱਚਦੀ
ਸੰਸਕ੍ਰਿਤੀ ਨੂੰ ਤਿਆਗ।

234, ਸੁਦਰਸ਼ਨ ਨਗਰ,
ਮਕਸੂਦਾਂ, ਜਲੰਧਰ

ਨਵੇਂ ਚਿਹਰੇ

ਨਿਰਪਾਲਜੀਤ ਕੌਰ ਜੋਸਨ

1. ਚਿੜੀਆਂ

ਚੰਗਾ ਹੋਇਆ ਕਿ ਤੂੰ
ਚਿੜੀਆਂ ਦੇ ਚੰਬੇ ਦਾ
ਹਿੱਸਾ ਨਹੀਂ ਬਣੀ,
ਕਿ ਸੰਘਰਸ਼ਾਂ ਦੀ ਹਰ ਡਗਰ
ਤੇ ਉੱਗ ਪਏ ਨੇ ਪਿੰਜਰੇ........
ਤੂੰ ਕੀ ਜਾਣੇ ਕਿ ਤੇਰੇ ਪੋਟੇ
ਫੁਲ ਬੂਟੇ ਨਹੀਂ, ਭਰਮ ਉਣ ਰਹੇ ਨੇ
ਜੋ ਬਣ ਜਾਣਗੇ ਤੇਰੀ ਜਵਾਨੀ ਦੇ
ਮਰਸੀਏ...........
ਤੂੰ ਨਹੀਂ ਜਾਣਦੀ ਕਿ ਤੇਰੇ ਬਣਾਏ
ਮੋਰਾਂ ਦੇ ਖੰਭਾਂ 'ਚ
ਕੋਈ ਆਸ ਪੈਲ ਨਹੀਂ ਪਾਵੇਗੀ
ਤੇਰੀ ਚਾਦਰ ਤੇ ਬਣੀਆਂ
ਘੁੱਗੀਆਂ ਅਮਨ ਦੇ ਬਨੇਰੇ
ਨਹੀਂ ਬਹਿਣਗੀਆਂ.......
ਇਹ ਤਾਂ ਗੁਆਚੇ ਹੋਏ ਤੇਰੇ
ਹੱਕਾਂ ਦੇ ਵਿਹੜੇ ਖੌਰੂ
ਪਾਉਣਗੀਆਂ ....
ਤੇਰੀਆਂ ਬਣਾਈਆਂ ਚਿੜੀਆਂ
ਉੱਡ ਕੇ ਕਿਤੇ ਨਹੀਂ
ਜਾਣਗੀਆਂ
ਇਨ੍ਹਾਂ ਦੇ ਪਿੰਡੇ 'ਤੇ ਤਾਂ ਪੈ ਜਾਣਗੇ
ਝੁਕ ਗਈਆਂ ਰੀਝਾਂ ਦੇ ਕੁੱਬ
ਚੰਗਾ ਹੋਇਆ ਕਿ ਤੂੰ ਚਿੜੀਆਂ
ਦੇ ਚੰਬੇ ਦਾ ਹਿੱਸਾ ਨਹੀਂ ਬਣੀ,

2. ਪੰਚਾਲੀ

ਤੂੰ ਪੰਚਾਲੀ
ਪੰਜਾਂ ਪਰਮੇਸ਼ਵਰਾਂ ਵਾਲੀ
ਫਿਰ ਵੀ ਕਿਉਂ ਵਸਤਰਾਂ ਤੋਂ ਖਾਲੀ
ਤੇਰੇ ਅੰਗਾਂ ਚੋਂ ਕਿਉਂ
ਕਿਸੇ ਨੂੰ ਔਰਤ ਨਾ ਲੱਭੀ
ਤੇਰੇ ਯੁਗ ਦੀ ਸੱਭਿਅਤਾ ਕਿਉਂ
ਨਮੋਸ਼ੇ ਮੂੰਹਾਂ ਹੇਠ ਦੱਬੀ।

ਤੂੰ ਕਲੰਕਿਤ ਸੱਭਿਅਤਾ ਦੀ
ਆਖਰੀ ਕਚਹਿਰੀ
ਜਿਸਦੀ ਹਰ ਇਕ ਪੁਸ਼ਤ
ਹੋਈ ਗੂੰਗੀ ਤੇ ਬਹਿਰੀ
ਪੰਜ ਰੱਬਾਂ ਨੇ ਕਰ ਦਿੱਤੀ
ਤੂੰ ਦਾਗ਼ਣ
ਤੂੰ ਵਿਧਵਾ ਦੀ ਜੂਨੇ ਪਈ
ਸੁਹਾਗਣ।
ਸਮੇਂ ਦੇ ਖੂਹਾਂ 'ਤੇ ਤੂੰ
ਬੈਲਾਂ ਵਾਂਗੂੰ ਜੋਈ
ਮਰੇ ਵਕਤਾਂ ਦੀ ਸਿਉਂਕੀ
ਸਰਦਲ ਤੇ ਬਹਿ ਮੋਈ
ਤੇਰੇ ਪੈਰਾਂ ਨੂੰ ਬੰਨ੍ਹਿਆ
ਕਿਸਨੇ ਸੀ ਅੰਧਕਾਰ
ਪਿਜਰੇ ਪਈ ਤਵਾਰੀਖ਼ ਸੀ
ਤੂੰ ਸਦੀਆਂ ਦੀ ਬੀਮਾਰ।
ਕਿਸ ਰੱਬ ਨੇ ਤੇਰੀਆਂ
ਨੂੜ ਦਿੱਤੀਆਂ ਫਰਿਆਦਾਂ
ਤੇਰੇ ਸੰਘ 'ਚ ਘੁੱਟ ਦਿੱਤੇ
ਨਗ਼ਮੇ ਕਿਹੜਾ ਸਾਜ਼ਾਂ
ਸਾਡੀਆਂ ਰਗਾਂ 'ਚ ਤੇਰੀ
ਜ਼ਲਾਲਤ ਭੜਕਦੀ ਹੈ
ਸਾਡੀਆਂ ਰੰਗੀਨ ਘੜੀਆਂ 'ਚ
ਤੇਰੀ ਖੁਦਕਸ਼ੀ ਤੜਪਦੀ ਹੈ
ਤੇ ਸਾਡੇ ਨਾਬਾਲਗ ਸ਼ਬਦਾਂ ਨੂੰ
ਤੇਰੀ ਬੁੱਢੀ ਚੁੱਪ ਰੜਕਦੀ ਹੈ।

682, ਐੱਸ.ਐੱਸ.ਟੀ. ਨਗਰ,
ਰਾਜਪੁਰਾ ਰੋਡ, ਪਟਿਆਲਾ

ਮੁਹੱਬਤ ਦਾ ਸਫ਼ਰਨਾਮਾ

(ਹਰਭਜਨ ਸਿੰਘ ਹੁੰਦਲ) ਡਾ. ਕਰਨੈਲ ਸਿੰਘ ਥਿੰਦ

ਹਰਭਜਨ ਸਿੰਘ ਹੁੰਦਲ ਨੂੰ ਵਧੇਰੇ ਇਕ ਕਵੀ ਵਜੋਂ ਜਾਣਿਆ ਜਾਂਦਾ ਹੈ। ਸ਼ਾਇਦ ਇਸ ਲਈ ਕਿ ਉਸ ਨੇ ਵੀਹ ਦੇ ਲਗਭਗ ਰਚਨਾਵਾਂ ਪੰਜਾਬੀ ਸ਼ਾਇਰੀ ਦੀ ਝੋਲ਼ੀ ਪਾ ਕੇ ਕਾਵਿ-ਜਗਤ ਵਿਚ ਇਕ ਵੱਖਰੀ ਪਛਾਣ ਬਣਾ ਲਈ ਹੈ। ਉਹ ਬਹੁ-ਪੱਖੀ ਪ੍ਰਤਿਭਾ ਦਾ ਮਾਲਕ ਹੈ ਅਤੇ ਉਸ ਨੇ ਸ੍ਵੈ-ਜੀਵਨੀ, ਆਲੋਚਨਾ, ਨਿਬੰਧ ਅਤੇ ਸਫ਼ਰਨਾਮੇ ਲਿਖ ਕੇ ਪੰਜਾਬੀ ਵਾਰਤਕ ਦੇ ਖੇਤਰ ਵਿਚ ਵੀ ਵਿਸ਼ੇਸ਼ ਸਥਾਨ ਹਾਸਲ ਕਰ ਲਿਆ ਹੈ। ਉਸ ਨੇ ਪੰਜਾਬੀ ਵਿਚ ਸੰਸਾਰ-ਪ੍ਰਸਿੱਧ ਪੁਸਤਕਾਂ ਦੇ ਅਨੁਵਾਦ ਵੀ ਕੀਤੇ ਹਨ, ਦੋ ਪੁਸਤਕਾਂ ਦਾ ਸੰਪਾਦਨ ਵੀ ਕੀਤਾ ਹੈ ਅਤੇ ਅੰਗਰੇਜ਼ੀ ਤੇ ਉਰਦੂ ਜ਼ਬਾਨਾਂ ਵਿਚ ਵੀ ਉਸ ਦੀਆਂ ਕਿਤਾਬਾਂ ਛਪੀਆਂ ਹਨ। ਪੇਸ਼ੇ ਵਜੋਂ ਉਹ ਅਧਿਆਪਕ ਰਿਹਾ ਹੈ ਅਤੇ ਸੋਚਣੀ, ਕਥਨੀ ਤੇ ਕਰਨੀ ਰਾਹੀਂ ਹਮੇਸ਼ਾ ਅਗਾਂਹ-ਵਧੂ ਸ਼ਕਤੀਆਂ /ਲਹਿਰਾਂ ਨਾਲ ਜੁੜਿਆ ਰਿਹਾ ਹੈ ਤੇ ਉਸ ਨੇ ਸਦਾ ਸੱਚਾਈ ਦਾ ਸਾਥ ਦਿੱਤਾ ਹੈ।

ਹੱਥਲੀ ਪੁਸਤਕ - ਮੁਹੱਬਤ ਦਾ ਸਫ਼ਰਨਾਮਾ ਪੰਜਾਬੀ ਯਾਤਰਾ-ਸਾਹਿਤ ਵਿਚ ਉਸ ਦੀ ਤੀਜੀ ਰਚਨਾ ਹੈ। ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹਰ ਵਰ੍ਹੇ ਪਾਕਿਸਤਾਨ ਵਿਚ ਰਹਿ ਗਏ ਸਿੱਖ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਭੇਜੇ ਜਾਂਦੇ ਜੱਥਿਆਂ ਨਾਲ ਜਾ ਕੇ ਕੀਤੀਆਂ ਗਈਆਂ ਉਨ੍ਹਾਂ ਚਾਰ ਫੇਰੀਆਂ ਦਾ ਵਰਣਨ ਹੈ ਜੋ 1968 ਤੋਂ 2004 ਤੱਕ 36 ਸਾਲਾਂ ਦੇ ਵਕਫ਼ੇ ਅੰਦਰ ਫੈਲੀਆਂ ਹੋਈਆਂ ਹਨ ਅਤੇ ਜਿਨ੍ਹਾਂ ਵਿਚ ਸਮੇਂ-ਸਮੇਂ ਇਕ ਯਾਤਰੀ ਵਜੋਂ ਸ਼ਾਮਲ ਹੋ ਕੇ ਲੇਖਕ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਲਾਹੌਰ ਦੀ ਯਾਤਰਾ ਕਰਨ ਵਿਚ ਸਫ਼ਲ ਹੋ ਸਕਿਆ। ਇਸ ਪੁਸਤਕ ਦੀ ਭੂਮਿਕਾ ਵਿਚ ਹੁੰਦਲ ਨੇ ਸਪੱਸ਼ਟ ਕਰ ਦਿੱਤਾ ਹੈ ਕਿ "ਜੰਮਣ ਭੋਂ ਦੀ ਖਿੱਚ ਨੇ ਹੀ ਇਹ ਪੰਨੇ ਲਿਖਵਾਏ ਹਨ।" ਇਸ ਤਰ੍ਹਾਂ ਲੇਖਕ ਨੂੰ ਜਨਮ ਦੇਣ ਵਾਲੀ ਮਿੱਟੀ ਦਾ ਮੋਹ ਜਾਂ "ਪਿਛਲੇ ਪਿੰਡ ਦੇ ਦਰਸ਼ਨ ਦੀਦਾਰ" ਇਸ ਸਫ਼ਰਨਾਮੇ ਦਾ ਮੁੱਖ ਥੀਮ ਹੈ। ਉਹ ਗੁਰੂ ਨਾਨਕ ਦੇ ਜਨਮ ਅਸਥਾਨ ਪੁੱਜ ਕੇ ਸ੍ਰੀ ਨਨਕਾਣਾ ਸਾਹਿਬ ਦੇ ਮੋਰਚੇ ਵਿਚ ਸ਼ਹੀਦ ਹੋਏ ਆਪਣੇ ਚਾਚੇ ਦੀ ਯਾਦ ਨੂੰ ਆਪਣੇ ਵਲੋਂ ਸ਼ਰਧਾ ਦੇ ਫੁੱਲ ਵੀ ਭੇਟ ਕਰਨਾ ਚਾਹੁੰਦਾ ਸੀ। ਲਾਹੌਰ ਪੁੱਜ ਕੇ ਪਹਿਲੇ ਦਿਨ ਹੀ ਡੇਹਰਾ ਸਾਹਿਬ ਦੇ ਗੁਰਦੁਆਰੇ ਤੋਂ ਬਾਹਰ ਨਿਕਲਦਿਆਂ ਲਾਹੌਰ ਹਾਈਕੋਰਟ ਦਾ ਇਕ ਐਡਵੋਕੇਟ ਹੁੰਦਲ ਤੋਂ ਪੁੱਛਦਾ ਹੈ ਕਿ ਉਹ ਲਾਹੌਰ ਦੀ ਯਾਤਰਾ ਕਿਸ ਮਕਸਦ ਲਈ ਕਰਨ ਆਇਆ ਹੈ? ਤਾਂ ਲੇਖਕ ਉਸ ਨੂੰ ਦੱਸਦਾ ਹੈ ਕਿ "ਮੇਰਾ ਮੁੱਖ ਮੰਤਵ ਸਿਰਫ਼ ਪੁਰਾਣੇ ਗੁਰਦੁਆਰਿਆਂ ਦੀ ਯਾਤਰਾ ਕਰਨਾ ਹੀ ਨਹੀਂ ਸਗੋਂ ਮੈਂ ਇਥੋਂ ਦੇ ਮਨੁੱਖਾਂ ਦੇ ਦਿਲਾਂ ਦੀ ਯਾਤਰਾ ਕਰਨ ਦੀ ਇੱਛਾ ਨਾਲ ਹੀ ਇੱਥੇ ਆਇਆ ਹਾਂ। ਮੈਂ ਵੇਖਣਾ ਚਾਹੁੰਦਾ ਹਾਂ ਕਿ ਤੁਸੀਂ ਇਹਨਾਂ ਬਾਈ ਸਾਲਾਂ ਵਿਚ ਕਿੱਥੇ ਕੁ ਅਪੜੇ ਹੋ? ਤੁਹਾਡੀਆਂ ਔਕੜਾਂ ਤੇ ਸਮੱਸਿਆਵਾਂ ਕੀ ਹਨ? ਤੇ ਸਭ ਤੋਂ ਆਖਰੀ ਗੱਲ ਕਿ ਤੁਹਾਡੇ ਪੰਜਾਬੀ ਦੇ ਲੇਖਕਾਂ ਨੇ ਇਨ੍ਹਾਂ ਸਾਲਾਂ ਵਿਚ ਕੀ ਕੁਝ ਲਿਖਿਆ ਹੈ?"

ਆਪਣੇ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਹਰਭਜਨ ਸਿੰਘ ਹੁੰਦਲ ਨੇ ਇਸ ਸਫ਼ਰਨਾਮੇ ਨੂੰ ਪੰਜਾਂ ਭਾਗਾਂ ਵਿਚ ਵੰਡਿਆ ਹੈ। ਚੌਹਾਂ ਫੇਰੀਆਂ ਦੇ ਵੇਰਵੇ ਵੱਖ-ਵੱਖ ਭਾਗਾਂ ਵਿਚ

ਦਿੱਤੇ ਗਏ ਹਨ। ਪ੍ਰਬਲ ਇੱਛਾ ਦੇ ਬਾਵਜੂਦ ਵੀ ਉਹ ਪਹਿਲੀਆਂ ਤਿੰਨ ਯਾਤਰਾਵਾਂ ਸਮੇਂ ਆਪਣੀ ਜਨਮ-ਭੂਮੀ ਦੇ ਦਰਸ਼ਨ ਕਰਨ ਵਿਚ ਅਸਫਲ ਰਹਿੰਦਾ ਹੈ। ਪਰ ਚੌਥੀ ਫੇਰੀ ਸਮੇਂ ਪਿਛਲੇ ਪਿੰਡ ਲਈ ਵੀਜ਼ਾ ਨਾ ਹੋਣ ਦੇ ਬਾਵਜੂਦ ਵੀ ਲੇਖਕ ਆਪਣੇ ਦੋ ਸਹਿਯੋਗੀ ਸਾਥੀਆਂ ਤਲਵਿੰਦਰ ਸਿੰਘ ਅਤੇ ਰਮਨਦੀਪ ਨਾਲ ਆਪਣੇ ਪਿਛਲੇ ਪਿੰਡ ਅਥਵਾ ਜਨਮ-ਭੂਮੀ ਦੇ ਦਰਸ਼ਨ ਦੀਦਾਰ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਚੱਕ ਨੰਬਰ 64 ਨਿਹਾਲੋਆਣਾ ਬੰਡਾਲਾ, ਤਹਿਸੀਲ ਜੜ੍ਹਾਂ ਵਾਲਾ, ਜ਼ਿਲ੍ਹਾ ਲਾਇਲਪੁਰ ਪੁੱਜ ਕੇ ਆਪਣੇ ਅੱਧੀ ਸਦੀ ਦੇ ਸੁਪਨੇ ਨੂੰ ਸਾਕਾਰ ਕਰਦਾ ਹੈ।

ਮੈਂ ਤਾਂ ਗਿਆ ਨਨਕਾਣੇ ਸੀ ਏਸ ਕਰਕੇ, ਓਥੋਂ ਪਿੰਡ ਪਿਛਲੇ ਗੇੜਾ ਮਾਰਨਾ ਸੀ।
ਜੰਮਣ-ਭੋਂਏ ਦਾ ਭਾਰ ਸੀ ਬੜਾ ਸਿਰ ਤੇ, ਅੱਧੀ ਸਦੀ ਦਾ ਕਰਜ਼ ਉਤਾਰਨਾ ਸੀ।

ਲੇਖਕ ਦੀ ਚਿਰੋਕੀ ਤਮੰਨਾ ਪੂਰੀ ਹੁੰਦੀ ਹੈ। ਪਰ ਨਾਲ ਹੀ ਮਨ ਵਿਚ ਕਈ ਪ੍ਰਕਾਰ ਦੇ ਉਬਾਲ ਉੱਠਦੇ ਹਨ। ਉਹ ਸੋਚਦਾ ਹੈ ਕਿ ਇਤਿਹਾਸ ਦਾ ਕਿੰਨਾ ਵੱਡਾ ਦੁਖਾਂਤ ਹੈ ਕਿ ਇਕੋ ਬੋਲੀ, ਇਕੋ ਇਤਿਹਾਸ, ਇਕੋ ਸੱਭਿਆਚਾਰ ਤੇ ਇਕੋ ਭੂਗੋਲਿਕ ਖਿੱਤਾ ਹੋਣ ਦੇ ਬਾਵਜੂਦ ਵੀ ਉਸ ਦੇ ਪਿੰਡ ਵਿਚ ਇਕ ਵੀ ਅਜਿਹਾ ਪਾਠਕ ਨਹੀਂ ਜਿਹੜਾ ਲਿੱਪੀ ਦੀ ਰੁਕਾਵਟ ਕਾਰਨ ਉਸ ਦੇ ਨਾਂ ਤੋਂ ਜਾਣੂ ਹੋਵੇ। ਫਿਰ ਵੀ ਉਹ ਮਹਿਸੂਸ ਕਰਦਾ ਹੈ ਕਿ ਆਪਣੀ ਜਨਮ-ਭੂਮੀ ਦੀ ਯਾਤਰਾ ਕਰਕੇ ਉਸ ਦੀ ਉਮਰ ਦਸ ਸਾਲ ਵਧ ਗਈ ਹੈ। ਨਨਕਾਣਾ ਸਾਹਿਬ ਲਈ ਵਾਪਸੀ ਤੋਂ ਪਹਿਲਾ ਉਹ ਫੈਸਲਾਬਾਦ (ਲਾਇਲਪੁਰ) ਕਚਹਿਰੀ ਵਿਖੇ ਪੁੱਜ ਜਾਂਦੇ ਹਨ। ਉੱਥੇ ਹੀ ਅਫਜ਼ਲ ਅਹਿਸਨ ਰੰਧਾਵਾ ਦੀ ਮਹਿਮਾਨ ਨਿਵਾਜ਼ੀ ਦਾ ਆਨੰਦ ਮਾਣਦੇ ਹਨ। ਅੰਜਮ ਸਲੀਮੀ ਨਾਲ ਮੁਲਾਕਾਤ ਹੁੰਦੀ ਹੈ ਅਤੇ ਵਕੀਲ ਸਲੀਮ ਜਹਾਂਗੀਰ ਚੱਠਾ ਰਾਹੀਂ ਬਾਰ ਦੇ ਕੁਝ ਹੋਰ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਹੁੰਦਾ ਹੈ। ਇਸੇ ਯਾਤਰਾ ਦੌਰਾਨ "ਬੁਲ੍ਹੇ ਸ਼ਾਹ ਦਾ ਵਤਨ ਕਸੂਰ" ਵਿਖੇ ਬੁਲ੍ਹੇ ਸ਼ਾਹ ਦੇ ਮਜ਼ਾਰ ਉਪਰ ਪੁੱਜ ਕੇ ਸਜਦਾ ਕਰਨ ਦਾ ਮੌਕਾ ਮਿਲਦਾ ਹੈ। ਲੇਖਕ ਬੁਲ੍ਹੇ ਸ਼ਾਹ ਦੇ ਕਲਾਮ ਤੋਂ ਪਹਿਲਾਂ ਹੀ ਬਹੁਤ ਪ੍ਰਭਾਵਿਤ ਹੈ। ਲਾਹੌਰ ਦੇ ਸ਼ਾਲਾਮਾਰ ਬਾਗ ਵਿਚ ਪੁੱਜ ਕੇ ਨਾਲ ਹੀ ਮਜ਼ਾਰ ਸ਼ਾਹ ਹੁਸੈਨ, ਮਾਧੋ ਲਾਲ ਤੇ ਕਵੀ ਦਾਮਨ ਦੀਆਂ ਕਬਰਾਂ ਉਪਰ ਹਾਜ਼ਰੀ ਭਰੀ ਜਾਂਦੀ ਹੈ। ਮੀਆਂ ਮੀਰ ਦੀ ਦਰਗਾਹ ਦੇ ਦਰਸ਼ਨ ਕੀਤੇ ਜਾਂਦੇ ਹਨ ਅਤੇ "ਆਵਾ ਬੁੱਧੂ ਸ਼ਾਹ" ਦੀ ਯਾਤਰਾ ਹੁੰਦੀ ਹੈ।

ਪੁਸਤਕ ਦੇ ਚੌਥੇ ਭਾਗ ਵਿਚ ਇਕ ਅਧਿਆਇ ਹੈ "ਉੱਚਾ ਬੁਰਜ ਲਾਹੌਰ ਦਾ" ਜਿਸ ਵਿਚ ਇਕ ਵਿਗਿਆਨਕ ਖੋਜੀ ਵਾਂਗ, ਲਾਹੌਰ ਸ਼ਹਿਰ ਦਾ ਇਤਿਹਾਸਕ ਪਿਛੋਕੜ, ਸਮੇਂ-ਸਮੇਂ ਹੋਏ ਵਿਕਾਸ ਅਤੇ ਇਸ ਦੇ ਸੱਭਿਆਚਾਰਕ ਮਹੱਤਵ ਨੂੰ ਦਰਸਾਇਆ ਗਿਆ ਹੈ। ਨਿਰਸੰਦੇਹ ਲਾਹੌਰ ਪੰਜਾਬੀਆਂ ਦਾ ਮਹਾਨ ਵਿਰਸਾ ਹੈ। ਇਸ ਨਾਲ ਪੰਜਾਬੀ ਕੌਮ ਦੀ ਮਾਨਸਿਕਤਾ ਜੁੜੀ ਹੋਈ ਹੈ। ਹੁੰਦਲ ਇਸ ਸ਼ਹਿਰ ਦੀ ਹੋਂਦ ਤੇ ਬਣਤਰ ਨੂੰ ਲਵ-ਕੁਸ਼ ਨਾਲ ਜੁੜੀ ਹੋਈ ਮਿਥਕ ਕਥਾ ਦੀ ਥਾਂ ਇਸਲਾਮਿਕ ਕਲਚਰ ਦੇ ਮੁਗਲ ਕਾਲ ਦੀ ਇਮਾਰਤਸਾਜ਼ੀ ਨਾਲ ਜੋੜਦਾ ਹੈ। ਲੇਖਕ ਨੂੰ ਖੇਦ ਹੈ ਕਿ ਵਕਤ ਦੀ ਘਾਟ ਕਾਰਨ ਉਹ ਇਸ ਸ਼ਹਿਰ ਦੀਆਂ ਸ਼ਾਨਦਾਰ ਇਮਾਰਤਾਂ, ਬਾਗਾਂ, ਕਲਾ ਭਵਨਾਂ, ਵਿੱਦਿਅਕ ਅਦਾਰਿਆਂ ਅਤੇ ਸੂਹਜ ਭਰਪੂਰ ਥਾਵਾਂ ਨੂੰ ਵੇਖਣ ਤੋਂ ਅਸਮਰਥ ਰਿਹਾ ਹੈ। "ਪਿਛਲੇ ਪਿੰਡ" ਤੋਂ ਪਿਛੋਂ ਲਾਹੌਰ ਦੀ

ਯਾਤਰਾ ਉਸ ਦਾ ਮਿਸ਼ਨ ਸੀ। ਪਰ, ਇਹ ਉਦੇਸ਼ ਕਿਸੇ ਹੱਦ ਤੱਕ ਹੀ ਪੂਰਾ ਹੋ ਸਕਿਆ।

ਸਫ਼ਰਨਾਮੇ ਦਾ ਪੰਜਵਾਂ ਭਾਗ ਕਵਿਤਾਵਾਂ ਦਾ ਹੈ। ਇਸ ਵਿਚ ਸਾਲ 1996-98 ਅਤੇ 2004 ਦਰਮਿਆਨ ਲਿਖੀਆਂ ਪੰਜ ਕਵਿਤਾਵਾਂ ਸ਼ਾਮਲ ਹਨ। ਇਨ੍ਹਾਂ ਕਵਿਤਾਵਾਂ ਦਾ ਸੰਬੰਧ ਵੀ ਭਾਰਤ-ਪਾਕ ਦੋਸਤੀ, ਪਿਛਲੇ ਪਿੰਡ ਦੀ ਪੀੜ ਅਤੇ ਮਨੁੱਖੀ ਰਿਸ਼ਤਿਆਂ ਨਾਲ ਹੈ। ਅਜਿਹੀ ਕਵਿਤਾ ਦੀ ਸਿਰਜਣਾ ਮਹਿਜ਼ ਹਰਭਜਨ ਸਿੰਘ ਹੁੰਦਲ ਜੇਹਾ ਸੰਵੇਦਨਸ਼ੀਲ ਸ਼ਾਇਰ ਹੀ ਕਰ ਸਕਦਾ ਹੈ। ਜਿਸਨੂੰ ਮਜਬੂਰ ਹੋਕੇ ਆਪਣੀ ਜਨਮ-ਭੂਮੀ ਛੱਡਣ ਦਾ ਸੰਤਾਪ ਲਗਭਗ ਅੱਧੀ ਸਦੀ ਤੋਂ ਵੀ ਵੱਧ ਸਮੇਂ ਲਈ ਹੰਢਾਉਣਾ ਪਿਆ ਹੋਵੇ। ਭੂ-ਹੇਰਵੇ ਦੀ ਅਕੱਥ ਕਥਾ ਨੂੰ ਲੋਕ-ਕਾਵਿਕੀ ਪੱਧਰ 'ਤੇ ਬਿਆਨ ਕਰਨ ਦਾ ਹੁਨਰ ਲੇਖਕ ਪਾਸ ਹੈ। "ਪਿਛਲਾ ਪਿੰਡ" ਨਾਂ ਦੀ ਕਵਿਤਾ ਬੈਂਤ ਛੰਦ ਵਿਚ ਲਿਖੀ ਗਈ ਹੈ ਅਤੇ ਇਸ ਦੇ ਤੇਤੀ ਬੰਦ ਹਨ। ਹਿੰਦ-ਪਾਕ ਦੋਸਤੀ ਦੇ ਨਾਂ ਲਿਖੀ ਗਜ਼ਲ ਦਾ ਇਕ ਸ਼ਿਅਰ ਹੈ—

ਪੁਲ ਬਣੇ ਤਾਂ ਇਕ ਦੂਜੇ ਦੀ ਖ਼ੈਰੀਅਤ ਪੁੱਛੀਏ,
ਮਿਲ ਬਹੇ ਯਾਰਾਂ ਦੀ ਢਾਣੀ, ਪੁਲ ਬਣਾਈਏ ਦੋਸਤੋ।

ਪਿਛਲੇ ਪਿੰਡ ਦੇ ਦਰਸ਼ਨਾਂ ਦੀ ਤਾਂਘ ਵਾਂਗ ਇਸ ਸਫ਼ਰਨਾਮੇ ਦਾ ਮਹੱਤਵਪੂਰਨ ਪਹਿਲੂ ਹਰ ਯਾਤਰਾ ਸਮੇਂ ਪੰਜਾਬੀ ਅਦੀਬਾਂ ਨਾਲ ਹੋਈਆਂ ਮੁਲਾਕਾਤਾਂ ਹਨ। ਲੇਖਕ ਨੂੰ ਅਦਬੀ ਮਹਿਫ਼ਲਾਂ, ਪਾਕ ਟੀ ਹਾਊਸ, ਪਾਕਿਸਤਾਨ ਪੰਜਾਬੀ ਅਦਬੀ ਬੋਰਡ, ਪੰਜਾਬੀ ਕਾਨਫਰੰਸ ਅਤੇ ਕਵੀ ਦਰਬਾਰ ਆਦਿ ਮੌਕਿਆਂ 'ਤੇ ਜਿਨ੍ਹਾਂ ਲੇਖਕਾਂ ਨਾਲ ਸਮੇਂ-ਸਮੇਂ ਮੇਲ ਹੋਇਆ। ਉਨ੍ਹਾਂ ਵਿਚੋਂ ਕੁਝ ਨਾਂ ਹਨ — ਨਜ਼ਮ ਹੁਸੈਨ ਸੱਯਦ, ਸ਼ਫਕਤ ਤਨਵੀਰ ਮਿਰਜ਼ਾ, ਰਾਜਾ ਰਸਾਲੂ, ਮੁਨੀਰ ਨਿਆਜ਼ੀ, ਅਹਿਮਦ ਸਲੀਮ, ਮਕਸੂਦ ਯਾਕਿਬ, ਅਫ਼ਜ਼ਲ ਤੌਸੀਫ਼, ਫਰਖੰਦਾ ਲੋਧੀ, ਇਲਿਆਸ ਘੁੰਮਣ, ਮੁਹੰਮਦ ਆਸਿਫ਼ ਖ਼ਾਂ, ਸ਼ਾਰਾਬ ਅਨਸਾਰੀ, ਹਬੀਬ ਜਾਨਬ, ਨਬੀਲ ਸ਼ਾਦ, ਅਖ਼ਤਰ ਹੁਸੈਨ ਅਖ਼ਤਰ, ਸ਼ਫੀਕ਼ ਬੱਟ, ਅਰਸ਼ਕ ਰਹੀਲ, ਇਕਬਾਲ ਕੈਸਰ, ਨਾਦਰ ਅਲੀ ਅਤੇ ਗ਼ੁਲਾਮ ਰਸੂਲ ਆਜ਼ਾਦ ਆਦਿ। ਹੁੰਦਲ ਲਈ ਇਨ੍ਹਾਂ ਲੇਖਕਾਂ ਨਾਲ ਮਿਲਣੀਆਂ ਗੁਰਧਾਮਾਂ ਦੀ ਯਾਤਰਾ ਅਤੇ ਹੱਜ ਤੋਂ ਘੱਟ ਨਹੀਂ ਸਨ। ਇਨ੍ਹਾਂ ਮੁਲਾਕਾਤਾਂ ਜਾਂ ਸਮਾਗਮਾਂ ਦੌਰਾਨ ਪੰਜਾਬੀ ਜ਼ਬਾਨ ਦੀ ਸਥਿਤੀ, ਪੁਸਤਕਾਂ ਦਾ ਪਰਸਪਰ ਵਟਾਂਦਰਾ, ਦੋਨੋਂ ਪਾਸਿਆਂ ਅੰਦਰ ਲਿਪੀ ਦਾ ਮਸਲਾ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਸੰਬੰਧਿਤ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਹੋਇਆ। ਅਜਿਹੀਆਂ ਮਿਲਣੀਆਂ ਕਈ ਪ੍ਰਕਾਰ ਦੀਆਂ ਗਲਤ ਧਾਰਨਾਵਾਂ ਨੂੰ ਦੂਰ ਕਰਨ ਵਿਚ ਸਹਾਈ ਹੁੰਦੀਆਂ ਹਨ। ਇਹ ਮੁਲਾਕਾਤਾਂ ਸਿੱਧ ਕਰਦੀਆਂ ਹਨ ਕਿ ਦੋਹਾਂ ਮੁਲਕਾਂ ਦੇ ਲੋਕਾਂ ਵਿਚ ਦਿਲਾਂ ਦੀ ਸਾਂਝ ਹੈ। ਦਿਲਾਂ ਵਿਚ ਲਕੀਰਾਂ ਨਹੀਂ ਪਈਆਂ। ਯਾਰਾਂ ਨੂੰ ਮਿਲਣਾ ਹੱਜ ਬਰਾਬਰ ਹੈ। ਇਸੇ ਵਜ੍ਹਾ ਕਰਕੇ ਹੁੰਦਲ ਨੇ ਇਸ ਪੁਸਤਕ ਨੂੰ 'ਮੁਹੱਬਤ ਦਾ ਸਫ਼ਰਨਾਮਾ' ਨਾਂ ਦਿੱਤਾ ਹੈ।

ਹਰਭਜਨ ਸਿੰਘ ਹੁੰਦਲ ਨੇ ਮੁਹੱਬਤ ਦਾ ਸਫ਼ਰਨਾਮਾ ਲਿਖਣ ਤੋਂ ਪਹਿਲਾਂ ਰੋਜ਼ਨਾਮਚਾ ਜਾਂ ਡਾਇਰੀ ਲਿਖਣ ਵਾਲੀ ਵਿਧਾ ਅਪਣਾਈ ਹੈ। ਪਾਕਿਸਤਾਨ ਦੀਆਂ ਚਾਰ ਫੇਰੀਆਂ ਦੇ ਹਰ ਦਿਨ ਦੀ ਕਾਰਵਾਈ ਨੂੰ ਕਲਮਬੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਅਜਿਹਾ ਕਰਦੇ ਸਮੇਂ ਜਿਹੜੇ ਵਿਸ਼ੇਸ਼ ਤੱਥ ਉੱਘੜ ਕੇ ਸਾਹਮਣੇ ਆਉਂਦੇ ਹਨ, ਉਹ ਸੰਖੇਪ ਰੂਪ ਵਿਚ ਇਸ ਪ੍ਰਕਾਰ ਹਨ—

ੳ) 1947 ਦੀ ਵੰਡ ਪੰਜਾਬੀਆਂ ਲਈ ਘੋਰ ਦੁਖਾਂਤ ਸੀ ਜੋ ਇਤਿਹਾਸ ਦਾ ਅੰਗ ਬਣ ਕੇ ਰਹਿ ਗਈ ਹੈ। ਪਰ ਵੰਡ ਦੇ ਨਤੀਜੇ ਅਸੀਂ ਅੱਜ ਵੀ ਭੁਗਤ ਰਹੇ ਹਾਂ। ਹੁੰਦਲ ਰਚਿਤ ਸਫ਼ਰਨਾਮੇ ਦਾ ਕੇਂਦਰੀ ਥੀਮ ਹੀ ਇਹ ਹੈ ਕਿ ਜਨਮ-ਭੋਂ ਦਾ ਸਦੀਵੀ ਵਿਛੋੜਾ ਅਕਹਿ ਤੇ ਅਸਹਿ ਹੁੰਦਾ ਹੈ। ਸਰਹੱਦ ਦੇ ਦੋਹੀਂ ਪਾਸੀਂ ਲੱਖਾਂ ਲੋਕਾਂ ਨੂੰ ਸ਼ਰਨਾਰਥੀ ਬਣ ਕੇ ਆਪਣੇ ਘਰ-ਬਾਰ ਛੱਡਣ ਲਈ ਮਜਬੂਰ ਹੋਣਾ ਪਿਆ। ਅਜਿਹੇ ਲੋਕਾਂ ਵਿਚੋਂ ਇਕ ਪੀੜ੍ਹੀ ਤਾਂ ਆਪਣੀ ਜੰਮਣ ਭੂਮੀ ਦਾ ਦਰਦ ਸੀਨੇ ਵਿਚ ਲੈ ਕੇ ਪਰਲੋਕ ਸਿਧਾਰ ਚੁੱਕੀ ਹੈ। ਦੇਸ਼ ਨਿਕਾਲੇ ਸਮੇਂ ਜਿਨ੍ਹਾਂ ਦੀ ਉਮਰ 10-12 ਸਾਲ ਤੋਂ ਲੈ ਕੇ 20-25 ਸਾਲ ਤਕ ਸੀ, ਉਨ੍ਹਾਂ ਦੀ ਮਾਨਸਿਕਤਾ ਉਨ੍ਹਾਂ ਟਿਕਾਣਿਆਂ ਨਾਲ ਜੁੜੀ ਹੋਈ ਹੈ, ਜਿੱਥੇ ਉਨ੍ਹਾਂ ਨੇ ਪੈਦਾਇਸ਼ ਤੋਂ ਲੈ ਕੇ ਬਚਪਨ ਗੁਜ਼ਾਰਿਆ ਸੀ। ਅੱਜ ਵੀ ਸੁਪਨੇ ਮਾਤ-ਭੂਮੀ ਦੇ ਆਉਂਦੇ ਹਨ। ਆਪਣੀ ਜਨਮ ਭੋਇੰ ਦੇ ਦਰਸ਼ਨਾਂ ਲਈ ਤਰਸ ਰਹੇ ਹਨ। ਤੀਜੀ ਸ਼੍ਰੇਣੀ ਉਸ ਨੌਜਵਾਨ ਪੀੜ੍ਹੀ ਦੀ ਹੈ ਜਿਸ ਨੇ ਆਪਣੇ ਬਜ਼ੁਰਗਾਂ ਪਾਸੋਂ ਹਿਜਰਤ ਕਰਨ ਤੋਂ ਪਹਿਲਾਂ ਦੇ ਕਿੱਸੇ ਕਹਾਣੀਆਂ ਸੁਣੀਆਂ ਹੋਈਆਂ ਹਨ ਅਤੇ ਉਨ੍ਹਾਂ ਥਾਵਾਂ ਦੀ ਜ਼ਿਆਰਤ ਲਈ ਤਰਲੋਮੱਛੀ ਹੋ ਰਹੀ ਹੈ। ਪਰ ਹਿੰਦ-ਪਾਕ ਵਿਚਕਾਰ ਅਣਸੁਖਾਵੇਂ ਹਾਲਾਤ ਤੇ ਮਜਬੂਰੀਆਂ ਅੱਗੇ ਕੋਈ ਪੇਸ਼ ਨਹੀਂ ਚਲਦੀ। ਇਸ ਪੁਸਤਕ ਦੇ ਲੇਖਕ ਦਾ ਵਿਚਾਰ ਹੈ ਹਿੰਦੁਸਤਾਨ ਤੇ ਪਾਕਿਸਤਾਨ ਦਰਮਿਆਨ ਖੁਸ਼ਗਵਾਰ ਵਾਤਾਵਰਨ ਪੈਦਾ ਕਰਨ ਦੀਆਂ ਜੋ ਕੋਸ਼ਿਸ਼ਾਂ ਹੋ ਰਹੀਆਂ ਹਨ, ਇਹ ਉਸ ਦਾ ਹੀ ਨਤੀਜਾ ਹੈ ਕਿ ਉਹ "ਪਿਛਲੇ ਪਿੰਡ" ਦੇ ਦਰਸ਼ਨ ਕਰ ਸਕਿਆ ਹੈ। ਭਵਿੱਖ ਵਿਚ ਹਾਲਾਤ ਹੋਰ ਚੰਗੇਰੇ ਬਣਨ ਦੀ ਸੰਭਾਵਨਾ ਹੈ। ਨਫ਼ਰਤ ਦੀ ਕੰਧ ਢਹਿ-ਢੇਰੀ ਹੋ ਜਾਏਗੀ। ਪਿਆਰ ਤੇ ਦੋਸਤੀ ਦੇ ਨਵੇਂ ਸਫ਼ਰਨਾਮੇ ਲਿਖੇ ਜਾਣਗੇ।

ਅ) ਯਾਤਰੀਆਂ ਦੀ ਚੋਖੀ ਗਿਣਤੀ ਅਜਿਹੀ ਹੁੰਦੀ ਹੈ ਜੋ ਪਾਕਿਸਤਾਨ ਵਿਚ ਜਾ ਕੇ ਚੀਜ਼ਾਂ ਦੀ ਖਰੀਦ ਵੀ ਕਰਦੀ ਹੈ ਤੇ ਵੇਚਦੀ ਵੀ। ਧਾਰਮਿਕ ਸ਼ਰਧਾ ਨੂੰ ਵਪਾਰ ਵਿਚ ਬਦਲਣ ਨਾਲ ਬਹੁਤ ਬਦਨਾਮੀ ਹੁੰਦੀ ਹੈ। ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਕੁਝ ਠੋਸ ਕਦਮ ਚੁੱਕਣ ਦੀ ਲੋੜ ਹੈ।

ੲ) ਲੇਖਕ "ਸਾਬਕਾ ਨਾਵਲਕਾਰ" ਨਾਲ ਹੋਈ ਮੁਲਾਕਾਤ ਤੋਂ ਸਹਿਜੇ ਹੀ ਇਸ ਨਤੀਜੇ ਉਪਰ ਪੁੱਜਦਾ ਹੈ ਕਿ "ਖਾਲਿਸਤਾਨੀ ਲਹਿਰ" ਦਾ ਕੀ ਹਸ਼ਰ ਹੋਇਆ ਹੈ।

ਸ) ਦੋਹਾਂ ਮੁਲਕਾਂ ਦੇ ਲੋਕ ਪਰਸਪਰ ਮੇਲ ਜੋਲ ਚਾਹੁੰਦੇ ਹਨ। ਇਸ ਨਾਲ ਸਾਂਝ ਵਧਦੀ ਹੈ। ਕਈ ਭੁਲੇਖੇ ਦੂਰ ਹੁੰਦੇ ਹਨ। ਪਾਕਿਸਤਾਨ ਪਰਾਇਆ ਦੇਸ਼ ਨਹੀਂ ਲੱਗਦਾ। ਲੋਕ ਬਹੁਤ ਹੀ ਮਹਿਮਾਨ ਨਿਵਾਜ਼ ਹਨ। ਇਹ ਸਫ਼ਰਨਾਮਾ ਦੱਸਦਾ ਹੈ ਕਿ ਅੱਧੀ ਸਦੀ ਅਸਾਂ ਨਫ਼ਰਤਾਂ ਹੰਢਾਈਆਂ ਹਨ। ਜੰਗਾਂ ਲੜ ਕੇ ਵੀ ਵੇਖ ਲਈਆਂ ਹਨ। ਹੁਣ ਜ਼ਰਾ ਪਿਆਰ ਕਰਕੇ ਵੀ ਵੇਖ ਲਿਆ ਜਾਏ। ਪਰੰਤੂ ਗੁਪਤ ਏਜੰਸੀਆਂ ਦੀ ਕਾਰਗੁਜ਼ਾਰੀ ਤੇ ਕਈ ਹੋਰ ਰੁਕਾਵਟਾਂ ਨੂੰ ਦੂਰ ਕਰਨ ਦੀ ਲੋੜ ਹੈ। ਸਰਹੱਦ ਦੇ ਦੋਹੀਂ ਪਾਸੀਂ ਆਵਾ ਜਾਈ ਦੀ ਖੁਲ੍ਹ ਹੋਣੀ ਚਾਹੀਦੀ ਹੈ। ਸਿਬਤੁਲ ਹਸਨ ਜ਼ੈਗ਼ਮ ਤੇ ਇਲਿਆਸ ਘੁੰਮਣ ਵਰਗੇ ਲੇਖਕਾਂ ਨੂੰ ਵੀ ਅੱਤਿਆਚਾਰ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਹ) ਪਾਕਿਸਤਾਨ ਵਿਚ ਪੰਜਾਬੀ ਬੋਲੀ ਦੀ ਹਾਲਤ ਬਹੁਤ ਤਸੱਲੀਬਖਸ਼ ਨਹੀਂ ਹੈ। ਪਰ

ਹੌਲ਼ੀ-ਹੌਲ਼ੀ ਇਸ ਸੰਬੰਧ ਵਿਚ ਲੋਕ ਚੇਤੰਨ ਹੋ ਰਹੇ ਹਨ। ਵਿਅਕਤੀਗਤ ਯਤਨਾਂ ਤੋਂ ਛੁੱਟ ਪਾਕਿਸਤਾਨ ਪੰਜਾਬੀ ਅਦਬੀ ਬੋਰਡ, ਚਿੱਤਰਕਾਰ, ਪੰਜਾਬ ਸੁਜਾਗ ਤੇ ਪੰਜਾਬ ਰਹੱਸ ਆਦਿ ਅਦਾਰੇ ਪੰਜਾਬੀ ਦੀ ਤਰੱਕੀ ਲਈ ਕੋਸ਼ਿਸ਼ਾਂ ਕਰ ਰਹੇ ਹਨ।

ਕ) ਭਾਰਤੀ ਪੰਜਾਬੀ ਤੇ ਪਾਕਿਸਤਾਨੀ ਪੰਜਾਬੀ ਇਕ ਦੂਜੀ ਤੋਂ ਦੂਰ ਹੋ ਰਹੀਆਂ ਹਨ। ਇਨ੍ਹਾਂ ਨੂੰ ਨੇੜੇ ਰੱਖਣ ਲਈ ਯਤਨ ਕਰਨ ਦੀ ਲੋੜ ਹੈ। ਇਕ ਢੰਗ ਤਾਂ ਇਹ ਹੈ ਕਿ ਗੁਰਮੁਖੀ ਤੇ ਸ਼ਾਹਮੁਖੀ ਦੋਨੋਂ ਲਿਪੀਆਂ ਸਿੱਖਣ ਦੀ ਕੋਸ਼ਿਸ਼ ਕੀਤੀ ਜਾਵੇ। ਦੂਜੇ ਇਨ੍ਹਾਂ ਲਿਪੀਆਂ ਵਿਚ ਛਾਪੇ ਸਾਹਿਤ ਦਾ ਲਿਪੀ ਅੰਤਰ ਕਰਕੇ ਸੰਬੰਧਿਤ ਪਾਠਕਾਂ ਤਕ ਪਹੁੰਚਾਇਆ ਜਾਵੇ।

ਸਾਹਿਤ ਇਕ ਕਲਾ ਹੈ ਅਤੇ ਕਲਾ ਦਾ ਮਨੋਰਥ ਸੁਹਜ-ਸੁਆਦ ਦੇਣ ਦੇ ਨਾਲ ਪਾਠਕ ਦੇ ਜਜ਼ਬਿਆਂ ਨੂੰ ਹਲੂਣਾ ਦੇ ਕੇ ਉਸ ਦੇ ਗਿਆਨ ਵਿਚ ਵਾਧਾ ਕਰਨਾ ਵੀ ਹੁੰਦਾ ਹੈ। ਮੁਹੱਬਤ ਦਾ ਸਫ਼ਰਨਾਮਾ ਇਸ ਨਜ਼ਰੀਏ ਤੋਂ ਇਕ ਸਫ਼ਲ ਰਚਨਾ ਹੈ। ਮੈਨੂੰ ਥਾਂ-ਥਾਂ 'ਤੇ ਲੱਗਿਆ ਹੈ ਕਿ ਹਰਭਜਨ ਸਿੰਘ ਹੁੰਦਲ ਆਪਣੇ ਨਹੀਂ ਸਗੋਂ 'ਮੇਰੇ ਪਿਛਲੇ ਪਿੰਡ' ਚੱਕ 288 ਜੇ.ਬੀ. ਟੋਭਾ ਟੇਕ ਸਿੰਘ' ਦੀ ਗਾਥਾ ਬਿਆਨ ਕਰ ਰਿਹਾ ਹੈ। ਹੁੰਦਲ ਵਾਂਗ ਜਦ ਮੈਂ ਵੀ ਆਪਣੀ ਜਨਮ ਭੂਮੀ ਦੀ ਯਾਤਰਾ ਕਰਨ ਤੋਂ ਅਸਮਰਥ ਸੀ ਤਾਂ ਮੈਨੂੰ ਮੇਰੇ ਦੋਸਤਾਂ, ਜਿਬਤੁਲ ਹੁਸਨ ਜੈਗੂਮ, ਸ਼ਾਰਬ ਅਨਸਾਰੀ ਅਤੇ ਪ੍ਰੋ. ਹਾਜੀ ਜ਼ਫਰਅਲੀ ਨੇ ਮੇਰੇ ਪਿਛਲੇ ਪਿੰਡ ਜਾ ਕੇ ਮੇਰੇ ਲਈ ਸਾਡੇ ਖੇਤਾਂ ਵਿਚ ਬਣ ਰਹੇ ਗੁੜ ਦੀ ਪੇਸੀ, ਥੋੜ੍ਹੀ ਜਿਹੀ ਕਣਕ, ਘਰ ਦੇ ਵਿਹੜੇ ਦੀ ਮਿੱਟੀ ਦੀ ਇਕ ਮੁੱਠ, ਸਾਡੇ ਮਰੱਬੇ ਵਿਚ ਬਣੇ ਖੂਹ ਵਿਚੋਂ ਪਾਣੀ ਦੀ ਇਕ ਬੋਤਲ, ਮੇਰੇ ਪਿਤਾ ਦੇ ਹੱਥਾਂ ਨਾਲ ਲਾਏ ਨਿੰਬੂ ਦੇ ਬੂਟੇ ਤੋਂ ਇਕ ਸੇਰ ਦੇ ਲਗਭਗ ਨਿੰਬੂ ਅਤੇ ਪਿੰਡ ਵਿਚ ਮੇਰੇ ਤੇ ਮੇਰੇ ਪਰਿਵਾਰ ਦੇ ਮੈਂਬਰਾਂ ਨੂੰ ਜਾਨਣ ਵਾਲਿਆਂ ਨਾਲ ਮੁਲਾਕਾਤ ਕਰਕੇ ਡੇਢ ਘੰਟੇ ਦੀ ਟੇਪ ਅਤੇ ਪੰਜਾਹ ਦੇ ਲਗਭਗ ਤਸਵੀਰਾਂ ਮੈਨੂੰ ਭੇਜੀਆਂ। ਮੇਰੇ ਲਈ ਇਸ ਤੋਂ ਵੱਡੀ ਸੁਗਾਤ ਕੀ ਹੋ ਸਕਦੀ ਸੀ? ਹੁਣ ਜਦਕਿ ਮੈਂ ਬਾਕਾਇਦਾ ਵੀਜ਼ਾ ਹਾਸਲ ਕਰਕੇ ਤਿੰਨ ਵਾਰ ਆਪਣੀ ਜਨਮ ਭੂਮੀ ਦੇ ਦਰਸ਼ਨ ਕਰ ਆਇਆ ਹਾਂ। ਮੇਰੀ ਖਾਹਿਸ਼ ਹੈ ਕਿ ਇਸ ਸੰਸਾਰ ਨੂੰ ਛੱਡਣ ਤੋਂ ਪਹਿਲਾਂ "ਪਿਛਲੇ ਪਿੰਡ" ਦਾ ਇਕ ਚੱਕਰ ਹੋਰ ਲੱਗ ਜਾਏ। "ਮੁਹੱਬਤ ਦਾ ਸਫ਼ਰਨਾਮਾ" ਤੋਂ ਪ੍ਰੇਰਨਾ ਲੈ ਕੇ ਸੰਭਵ ਹੈ ਮੈਂ ਵੀ ਕੁਝ ਲਿਖ ਸਕਾਂ।

ਇਸ ਸਫ਼ਰਨਾਮੇ ਵਿਚ ਲੇਖਕ ਵਲੋਂ ਅਹਿਮਦ ਸਲੀਮ ਨੂੰ ਪੁਸਤਕ ਭੇਟ ਕਰਨ ਉਪਰੰਤ ਵਾਪਰੀ ਘਟਨਾ ਮੇਰੇ ਨਾਲ ਵੀ ਵਾਪਰ ਚੁੱਕੀ ਹੈ। ਜਦ ਮੈਂ ਵਾਹਗਾ ਬਾਰਡਰ 'ਤੇ ਅਹਿਮਦ ਸਲੀਮ ਨੂੰ ਇਸ ਪਾਸੇ ਛਪੀਆਂ ਪੁਸਤਕਾਂ ਦਾ ਪੈਕਟ ਦਿੱਤਾ ਤਾਂ ਅਧਿਕਾਰੀਆਂ ਨੇ ਕਿਹਾ "ਅਜਿਹਾ ਤੁਸੀਂ ਨਹੀਂ ਕਰ ਸਕਦੇ। ਭਾਰਤ ਲਈ ਵਾਪਸੀ ਸਮੇਂ ਮੋੜ ਦਿੱਤਾ ਜਾਏਗਾ।" ਅਹਿਮਦ ਸਲੀਮ ਨਾਲ ਕੀ ਵਾਪਰੀ ਇਹ ਤਾਂ ਅੱਲ੍ਹਾ ਹੀ ਜਾਣੇ। ਪਰ ਮੈਨੂੰ ਵਾਪਸੀ 'ਤੇ ਦਸਾਂ ਵਿਚੋਂ ਦੋ ਕਿਤਾਬਾਂ ਮੋੜ ਦਿੱਤੀਆਂ ਗਈਆਂ।

ਨਿਰਸੰਦੇਹ! ਮੁਹੱਬਤ ਦਾ ਸਫ਼ਰਨਾਮਾ ਪੰਜਾਬੀ ਦੇ ਯਾਤਰਾ ਸਾਹਿਤ ਵਿਚ ਇਕ ਕੀਮਤੀ [illegible] ਹੈ। ਇਸ ਦਾ ਸਾਹਿਤਕ ਤੇ ਸੱਭਿਆਚਾਰਕ ਮਹੱਤਵ ਤਾਂ ਹੈ। ਇਹ ਰਚਨਾ ਕਿਸੇ ਵੀ ਤਰ੍ਹਾਂ ਵਿਚ ਇਤਿਹਾਸਕ ਦਸਤਾਵੇਜ਼ ਤੋਂ ਘੱਟ ਨਹੀਂ ਹੈ। ਹਰਭਜਨ ਸਿੰਘ ਹੁੰਦਲ ਇਸ ਪ੍ਰਾਪਤੀ 'ਤੇ ਮੁਬਾਰਕ ਦਾ ਹੱਕਦਾਰ ਹੈ।

ਸੈਕਟਰ - 64, ਮੋਹਾਲੀ 160062

ਮੇਰਾ ਬਿਆਨ

ਐਲਬਰਟ ਮਾਲਟਜ਼

ਮੈਂ ਇਕ ਅਮਰੀਕੀ ਹਾਂ ਤੇ ਮੇਰਾ ਵਿਸ਼ਵਾਸ ਹੈ ਆਦਮੀ ਦੀ ਸ਼ਬਦਾਵਲੀ ਵਿਚ ਹੋਰ ਕੋਈ ਮਾਣ-ਭਰਿਆ ਸ਼ਬਦ ਨਹੀਂ। ਮੈਂ ਇੱਕ ਨਾਵਲਕਾਰ ਤੇ ਸਿਨੇਮਾ ਲੇਖਕ ਹਾਂ ਅਤੇ ਮੈਂ ਪਿਛਲੇ ਪੰਦਰਾਂ ਸਾਲਾਂ ਵਿਚ ਕਾਫੀ ਸਾਰੀਆਂ ਪੁਸਤਕਾਂ ਲਿਖਣ ਦਾ ਕੰਮ ਕੀਤਾ ਹੈ। ਜਿਵੇਂ ਹੋਰਨਾਂ ਲੇਖਕਾਂ ਦੀ ਗੱਲ ਹੈ - ਮੈਂ ਜੋ ਕੁਝ ਲਿਖਿਆ ਹੈ, ਉਹ ਮੇਰੇ ਜੀਵਨ ਦੀ ਬੁਣਤੀ ਦੀ ਉਪਜ ਹੈ, ਇਸ ਧਰਤੀ ਤੇ ਮੇਰੇ ਜਨਮ, ਸਾਡੇ ਸਕੂਲ, ਖੇਡਾਂ, ਆਜ਼ਾਦੀ ਦਾ ਸਾਡਾ ਵਾਤਾਵਰਨ, ਪੁੱਛ-ਪੜਤਾਲ ਦੀ ਸਾਡੀ ਪਰੰਪਰਾ, ਆਲੋਚਨਾ, ਵਿਚਾਰ-ਵਟਾਂਦਰਾ ਤੇ ਸਹਿਨਸ਼ੀਲਤਾ ਵਿਚੋਂ ਪੈਦਾ ਹੋਈ। ਮੈਂ ਜੋ ਕੁਝ ਹਾਂ, ਅਮਰੀਕਾ ਨੇ ਹੀ ਮੈਨੂੰ ਬਣਾਇਆ ਹੈ ਤੇ ਬਦਲੇ ਵਿਚ ਮੇਰੀ ਹੋਰ ਵੱਡੀ ਕੋਈ ਵਫਾਦਾਰੀ ਨਹੀਂ, ਜਿੰਨੀ ਮੇਰੀ ਇਸ ਧਰਤੀ ਨਾਲ ਹੈ। ਇਸ ਦੇ ਲੋਕਾਂ ਦੀ ਆਰਥਿਕ ਤੇ ਸਮਾਜਕ ਭਲਾਈ ਨਾਲ, ਇਸ ਦੀ ਲੋਕ-ਰਾਜੀ ਜੀਵਨ-ਸ਼ੈਲੀ ਦੇ ਵਿਕਾਸ ਅਤੇ ਇਸ ਨੂੰ ਕਾਇਮ ਰੱਖਣ ਨਾਲ।

ਹੁਣ 39 ਸਾਲ ਦੀ ਉਮਰ ਵਿਚ ਮੈਨੂੰ ਗੈਰ-ਅਮਰੀਕੀ ਸਰਗਰਮੀਆਂ ਦੇ ਦੂਸ਼ਣ ਹੇਠ ਹਾਊਸ ਕਮੇਟੀ ਸਾਹਮਣੇ ਪੇਸ਼ ਹੋਣ ਦਾ ਹੁਕਮ ਹੋਇਆ ਹੈ। ਪੂਰਾ ਇਕ ਹਫਤਾ ਇਸ ਕਮੇਟੀ ਨੇ ਚੰਗੀ ਤਰ੍ਹਾਂ ਅਭਿਆਸ ਕੀਤੀਆਂ ਗਵਾਹੀਆਂ ਨੂੰ ਵਰਗੀਕਰਨ ਕਰਨ ਲਈ ਹੱਲਾਸ਼ੇਰੀ ਦਿੱਤੀ ਹੈ ਤਾਂ ਕਿ ਉਹ ਇਹ ਪ੍ਰਮਾਣਤ ਕਰਨ ਕਿ ਮੈਂ ਤੇ ਮੇਰੇ ਹੋਰ ਸਾਥੀ ਭੰਨ-ਤੋੜ ਕਰਨ ਵਾਲੇ ਅਤੇ ਗ਼ੈਰ-ਅਮਰੀਕਨ ਹਨ। ਇਸ ਨੇ ਸਾਨੂੰ ਮੌਕਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਜਿਹੜਾ ਮੌਕਾ ਹਰ ਜੇਬਕਤਰੇ ਨੂੰ ਮੈਜਿਸਟ੍ਰੇਟ ਦੀ ਅਦਾਲਤ ਵਿਚ ਮਿਲਦਾ ਹੈ - ਇਨ੍ਹਾਂ ਗਵਾਹੀਆਂ ਨੂੰ ਪੜਤਾਲਣ ਦਾ ਅਧਿਕਾਰ, ਉਹਨਾਂ ਦੀ ਗਵਾਹੀ ਨੂੰ ਰੱਦ ਕਰਨ ਦਾ ਉਹਨਾਂ ਦੇ ਇਰਾਦਿਆਂ ਨੂੰ ਸਪੱਸ਼ਟ ਕਰਨ ਦਾ, ਉਨ੍ਹਾਂ ਦੇ ਇਤਿਹਾਸ ਜਾਨਣ ਅਤੇ ਇਹ ਜਾਨਣ ਦਾ ਹੱਕ ਹੈ ਕਿ ਉਹ ਹੈਨ ਕੀ। ਇਸ ਤੋਂ ਵੱਧ ਇਹ ਅਦਾਲਤ ਇਹਨਾਂ ਝੂਠੇ ਗਵਾਹਾਂ ਨੂੰ ਕਾਂਗਰਸ ਵੱਲੋਂ ਇਹ ਛੋਟ ਦਿੰਦੀ ਹੈ ਕਿ ਅਸੀਂ ਉਹਨਾਂ ਦੇ ਦੂਸ਼ਣਾਂ ਉੱਤੇ ਹੱਤਕ ਦਾ ਦਾਅਵਾ ਨਾ ਕਰ ਸਕੀਏ।

ਮੇਰਾ ਮੱਤ ਹੈ ਕਿ ਇਹ ਇੱਕ ਬੁਰਾ ਨੀਚਤਾ-ਭਰਿਆ ਢੰਗ-ਤਰੀਕਾ ਹੈ, ਅਰਥਾਤ ਕਾਨੂੰਨੀ ਤੌਰ 'ਤੇ ਬੇਇਨਸਾਫੀ ਭਰਿਆ ਅਤੇ ਅਖਲਾਕੀ ਤੌਰ 'ਤੇ ਘਟੀਆ ਅਤੇ ਇਹ ਹਰ ਅਮਰੀਕਨ ਨੂੰ ਖ਼ਤਰੇ ਵਿਚ ਪਾ ਸਕਦਾ ਹੈ ਕਿਉਂਕਿ ਜੇ ਹਰ ਨਾਗਰਿਕ ਦੇ ਹੱਕਾਂ ਉੱਤੇ ਹਮਲਾ ਹੋ ਸਕਦਾ ਹੈ ਤਾਂ ਹਰ ਅਮਰੀਕਨ ਦੀ ਸੰਵਿਧਾਨਕ ਗਾਰੰਟੀ ਨੂੰ ਭੰਨ-ਤੋੜ ਦਿੱਤਾ ਗਿਆ ਹੈ ਤੇ ਕੋਈ ਵੀ ਬੰਦਾ ਸਰਕਾਰੀ ਜ਼ੁਲਮ ਤੋਂ ਹੁਣ ਬਚਾਇਆ ਨਹੀਂ ਜਾ ਸਕਦਾ।

ਇਹ ਕਿਸ ਗੱਲ ਬਾਰੇ ਹੈ, ਜੋ ਉਹ ਕਮੇਟੀ ਤਬਾਹ ਕਰਨਾ ਚਾਹੁੰਦੀ ਹੈ, ਮੇਰੀਆਂ ਲਿਖਤਾਂ। ਠੀਕ ਹੈ, ਆਓ ਉਹਨਾਂ ਦਾ ਜ਼ਿਕਰ ਕਰੀਏ। ਮੇਰਾ ਨਾਵਲ "ਦਾ ਕਰਾਸ ਐਂਡ ਦਾ ਐਰੋ" ਸਰਕਾਰ ਦੀ ਜੰਗ-ਸਬੰਧੀ ਏਜੰਸੀ ਵੱਲੋਂ 140,000 ਦੀ ਵਿਸ਼ੇਸ਼ ਐਡੀਸ਼ਨ ਵਿਚ ਛਾਪਿਆ ਗਿਆ ਸੀ ਅਤੇ ਬਾਹਰਲੇ ਅਮਰੀਕਨ ਮੁਲਾਜ਼ਮਾਂ ਲਈ ਸੀ। ਮੇਰੀਆਂ

ਕਹਾਣੀਆਂ ਦੇ ਤੀਹ ਐਡੀਸ਼ਨ ਛਾਪੇ ਗਏ ਹਨ, ਸਾਰੀਆਂ ਹੀ ਨਿਰਸੰਦੇਹ ਭੰਨ-ਤੋੜ ਕਰਨ ਵਾਲੀਆਂ ਕਹਾਣੀਆਂ। ਮੇਰੀ ਫਿਲਮ "ਦਾ ਪ੍ਰਾਈਡ ਆਫ਼ ਮੈਰੀਨਜ਼" ਗੁਆਦਲ ਕੈਨਾਲ-ਡੇ ਉੱਤੇ 28 ਸ਼ਹਿਰਾਂ ਵਿਚ ਵਿਖਾਈ ਗਈ ਸੀ। ਯੂ.ਐਸ.ਮੈਰੀਨ ਕਾਰਪਸ ਵੱਲੋਂ ਮਹਾਂ-ਭੋਜ ਕੀਤੇ ਗਏ। ਇਕ ਹੋਰ ਫਿਲਮ "ਡੈਸਟੀਨੇਸ਼ਨ ਟੋਕੀਓ" ਦੀ ਪਹਿਲੀ ਪ੍ਰਦਰਸ਼ਨੀ ਯੂ.ਐ.ਮੈਰੀਨ ਵੱਲੋਂ ਕੀਤੀ ਗਈ ਤੇ ਜਲ-ਸੈਨਾ ਵੱਲੋਂ ਸਰਕਾਰੀ ਟਰੇਨਿੰਗ ਫਿਲਮ ਵਜੋਂ ਪ੍ਰਵਾਨੀ ਗਈ ਸੀ। ਮੇਰੀ ਨਿੱਕੀ ਫਿਲਮ "ਦੀ ਹਾਊਸ ਆਈ ਲਿਵ ਇਨ" ਨੂੰ ਮੋਸ਼ਨ ਪਿਕਚਰਜ਼ ਆਰਟਸ ਦੀ ਅਕਾਡਮੀ ਐਂਡ ਸਾਇੰਸ ਵਲੋਂ ਵਿਸ਼ੇਸ਼ ਪੁਰਸਕਾਰ ਦਿੱਤਾ ਗਿਆ ਸੀ। ਇਹ ਨਸਲੀ ਸਹਿਨਸ਼ੀਲਤਾ ਵਿਚਲੀ ਮੇਰੀ ਦੇਣ ਕਾਰਨ ਪ੍ਰਦਾਨ ਕੀਤਾ ਗਿਆ ਸੀ। ਮੇਰੀ ਕਹਾਣੀ " ਦਾ ਹੈਪੀਐਸਟ-ਮੈਨ-ਆਨ-ਅਰਥ" ਨੇ ਅਮਰੀਕਾ ਦਾ ਸਭ ਤੋਂ ਵਧੀਆ ਕਹਾਣੀ ਦਾ 1928 ਓ.ਹੈਨਰੀ. ਪੁਰਸਕਾਰ ਜਿੱਤਿਆ ਸੀ। ਇਹ ਹੈ ਉਹ ਕੰਮ, ਜਿਸ ਲਈ ਕਮੇਟੀ ਚਾਹੁੰਦੀ ਹੈ ਕਿ ਮੈਨੂੰ ਫਿਲਮ ਵਿਚੋਂ ਬਲੈਕ-ਲਿਸਟ ਕਰ ਦਿੱਤਾ ਜਾਵੇ ਅਤੇ ਕੱਲ੍ਹ ਨੂੰ ਜੇ ਦਾਅ ਚੱਲੇ ਤਾਂ ਪ੍ਰਕਾਸ਼ਨ ਅਤੇ ਪੱਤਰਕਾਵਾਂ ਦੇ ਖੇਤਰਾਂ ਵਿਚੋਂ ਵੀ। ਕੇਵਲ ਕੋਰੀ ਸੈਂਸਰਸ਼ਿਪ ਨਾਲ ਹੀ ਜੇ ਕਾਨੂੰਨੀ ਤੌਰ 'ਤੇ ਸੰਭਵ ਨਾ ਵੀ ਹੋਵੇ ਤਾਂ ਮੈਨੂੰ ਲਿਖਣ ਦੀ ਆਗਿਆ ਨਾ ਦਿੱਤੀ ਜਾਵੇ। ਕੀ ਇਹ ਸੈਂਸਰਸ਼ਿਪ ਮੇਰੇ ਉੱਤੇ ਹੀ ਰੁਕ ਜਾਵੇਗੀ ਜਾਂ ਦੂਸਰਿਆਂ ਉੱਤੇ ਜਿਹਨਾਂ ਉੱਤੇ ਹਮਲੇ ਲਈ ਵੱਖਰਿਆਂ ਕੱਢ ਲਿਆ ਗਿਆ ਹੈ ਜੇ ਇਹ ਚਾਹੁੰਦੇ ਹਨ ਕਿ ਇਸ ਕਮੇਟੀ ਦੇ ਵਿਚਾਰਾਂ ਨੂੰ ਪ੍ਰਵਾਨ ਕਰ ਕੇ, ਅੱਗੇ ਤੋਂ ਗ਼ੈਰ-ਅਮਰੀਕੀਵਾਦ ਦੇ ਠੱਪੇ ਤੋਂ ਮੁਕਤ ਹੋਇਆ ਜਾ ਸਕਦਾ ਹੈ ਤਾਂ ਫਿਰ ਇਸ ਕਮੇਟੀ ਤੋਂ ਸਿਵਾਏ ਕੂ-ਕਲਕਸ ਕਲਾਨ (Ku-Kluse-Klan) ਦੇ ਮੈਂਬਰਾਂ ਤੋਂ ਅਖ਼ੀਰ ਨੂੰ ਕੌਣ ਬਚ ਸਕੇਗਾ?

ਇਹ ਕਮੇਟੀ ਮੇਰੇ ਤੇ ਹੋਰਨਾਂ ਵਿਚੋਂ ਕਿਸ ਚੀਜ਼ ਨੂੰ ਖ਼ਤਮ ਕਰਨਾ ਚਾਹੁੰਦੀ ਹੈ? ਨਿਰਸੰਦੇਹ ਸਾਡੇ ਖਿਆਲਾਂ ਨੂੰ 1801 ਈ. ਨੂੰ ਜਦੋਂ ਉਹ ਅਮਰੀਕੀ ਰਿਆਸਤਾਂ ਦਾ ਰਾਸ਼ਟਰਪਤੀ ਸੀ ਤਾਂ ਥਾਮਸ ਜੈਫਰਸਨ ਨੇ ਲਿਖਿਆ ਸੀ, "ਰਾਏ ਤੇ ਇਸ ਰਾਏ ਦਾ ਰੱਖਣਾ, ਮੇਰੇ ਖਿਆਲ ਵਿਚ ਕਦੇ ਵੀ ਜੁਰਮ ਨਹੀਂ ਹੋਵੇਗਾ, ਨਾ ਹੀ ਇਹ ਕਿਸੇ ਵਿਅਕਤੀ ਦਾ ਨੁਕਸਾਨ ਕਰੇਗਾ।" ਐਪਰ ਕੁਝ ਸਾਲ ਪਹਿਲਾਂ ਇਸ ਕਮੇਟੀ ਦੀ ਇਕ ਸੁਣਵਾਈ ਸਮੇਂ ਕਾਂਗਰਸ ਮੈਂਬਰ ਜੇ. ਪਰਨੇਲ ਥਾਮਸ ਨੇ ਫੁਰਮਾਇਆ ਸੀ, ਤੇ ਮੈਂ ਸਰਕਾਰੀ ਨਕਲ ਵਿਚੋਂ ਹਵਾਲਾ ਦੇ ਰਿਹਾ ਹਾਂ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪ੍ਰਤੀਤ ਹੁੰਦਾ ਹੈ ਕਿ "ਨੀਊ ਡੀਲ" ਕਮਿਊਨਿਸਟਾਂ ਨਾਲ ਘਿਓ-ਖਿਚੜੀ ਹੈ, ਨੀਊ-ਡੀਲ ਜਾਂ ਕਮਿਊਨਿਸਟਾਂ ਲਈ ਹੈ, ਜਾਂ ਇਹ ਕਮਿਊਨਿਸਟਾਂ ਦੇ ਹੱਥਾਂ ਵਿਚ ਖੇਡ ਰਿਹਾ ਹੈ।"

ਖ਼ੂਬ ਫੁਰਮਾਇਆ ਹੈ, ਇਹ ਹੈ ਕਾਰਨ, ਜਿਸ ਅਧੀਨ ਮੈਂ ਤੇ ਕਈ ਹੋਰਾਂ ਨੂੰ ਇਸ ਕਮੇਟੀ ਅੱਗੇ ਪੇਸ਼ ਹੋਣ ਲਈ ਹੁਕਮਨਾਮਾ ਮਿਲਿਆ ਹੈ। ਸਾਡੇ ਵਿਚਾਰ!! ਕਈ ਹੋਰ ਅਮਰੀਕੀਆਂ ਨਾਲ ਰਲ ਕੇ, ਮੈਂ "ਨੀਊ-ਡੀਲ" ਦਾ ਸਮਰਥਨ ਕੀਤਾ ਸੀ। ਕਈ ਹੋਰਨਾਂ ਨਾਲ ਮਿਲਕੇ ਮੈਂ "ਦੰਡ ਨਾ ਦੇਣ ਵਾਲੇ ਬਿੱਲ (Anti-Lynching Bill) ਦਾ ਮਿਸਟਰ ਥਾਮਸ ਤੇ ਮਿਸਟਰ ਰਮਕਿਨ ਦੇ ਵਿਰੁੱਧ ਹਿਮਾਇਤ ਕੀਤੀ ਸੀ। ਹਾਂ ਮੈਂ ਵਿਰੋਧ ਕੀਤਾ ਸੀ। ਮੇਰੀ ਇਮਦਾਦ (O.P.A.) ਦੀਆਂ ਪਾਬੰਦੀਆਂ ਵਿਰੁੱਧ, ਸੰਕਟਕਾਲੀਨ ਵੈਟਰਨ ਹਾਊਸ ਤੇ

ਫੇਅਰ ਐਪਲਾਇਮੈਂਟ ਪ੍ਰੈਕਟਿਸ ਕਾਨੂੰਨ ਦੇ ਵਿਰੁੱਧ ਸੀ, ਮੈਂ ਇਹਨਾਂ ਕਦਮਾਂ ਲਈ ਅਪੀਲਾਂ ਉੱਤੇ ਦਸਤਖਤ ਕੀਤੇ, ਉਹਨਾਂ ਜਥੇਬੰਦੀਆਂ ਨਾਲ ਗਿਆ ਜੋ ਇਹਨਾਂ ਦਾ ਸਮਰਥਨ ਕਰਦੀਆਂ ਸਨ, ਪੈਸੇ ਦਿੱਤੇ ਤੇ ਕਈ ਵਾਰ ਪਬਲਿਕ ਦੇ ਪਲੇਟਫਾਰਮਾਂ ਤੋਂ ਬੋਲਿਆ ਵੀ। ਤੇ ਇਹ ਮੈਂ ਲਗਾਤਾਰ ਕਰਦਾ ਰਹਾਂਗਾ। ਮੈਂ ਆਪਣੀ ਵਿਚਾਰਧਾਰਾ ਥਾਮਸ ਮੇਨ, ਥਾਮਸ ਜੈਫਰਸਨ, ਇਬਰਾਹੀਮ ਲਿੰਕਨ ਤੋਂ ਲਵਾਂਗਾ ਤੇ ਉਹਨਾਂ ਲੋਕਾਂ ਦਾ ਹੁਕਮ ਨਹੀਂ ਮੰਨਾਂਗਾ, ਤੇ ਨਾ ਹੀ ਉਹਨਾਂ ਬੰਦਿਆਂ ਤੋਂ ਡਰਾਂਗਾ, ਜਿਨ੍ਹਾਂ ਨੂੰ ਇਸ ਕਮੇਟੀ ਦੇ ਰਿਕਾਰਡ ਅਨੁਸਾਰ, ਕੂ-ਕਲੈਕਸ, ਕਲੈਨ (Ku-Klus-Klan) ਇਕ ਪ੍ਰਵਾਨਤ ਸੰਸਥਾ ਹੈ।

ਮੈਂ ਇਹ ਗੱਲ ਵੀ ਕਹਿੰਦਾ ਹਾਂ ਕਿ ਲੋਕਾਂ ਦੀ ਦਿਲਚਸਪੀ ਦੇ ਕਈ ਸਵਾਲਾਂ ਬਾਰੇ, ਇਕ ਨਾਗਰਿਕ ਵਜੋਂ, ਮੇਰੀਆਂ ਰਾਵਾਂ, ਬਹੁ-ਗਿਣਤੀ ਦੀਆਂ ਰਾਵਾਂ ਦੇ ਨਾਲ ਹਮੇਸ਼ਾ ਹੀ ਮੇਲ ਨਹੀਂ ਖਾਂਦੀਆਂ, ਨਾ ਹੀ ਹੁਣ ਮੇਲ ਖਾਂਦੀਆਂ ਹਨ। ਨਾ ਹੀ ਮੇਰੇ ਵਿਚਾਰ ਕਦੇ ਇੱਕ ਥਾਂ ਟਿਕੇ ਤੇ ਅਬਦਲ ਰਹੇ ਹਨ। ਨਾ ਹੀ ਇਹ ਹੁਣ ਇਕ ਥਾਂ 'ਤੇ ਜੰਮੇ ਤੇ ਅਬਦਲ ਹਨ। ਪਰ ਠੀਕ ਹੋਣ ਜਾਂ ਗਲਤ, ਮੇਰਾ ਦਾਅਵਾ ਹੈ ਤੇ ਮੈਂ ਇਸ ਉੱਤੇ ਜ਼ੋਰ ਦਿੰਦਾ ਹਾਂ ਆਜ਼ਾਦ ਤੌਰ 'ਤੇ ਮੇਰਾ ਸੋਚਣਾ ਤੇ ਸਵਤੰਤਰ ਹੋ ਕੇ ਬੋਲਣਾ- ਕੀ ਰੀਪਬਲੀਕਨ ਪਾਰਟੀਜ਼ ਕਮਿਊਨਿਸਟ ਪਾਰਟੀ ਪੋਰਹਿਬੀਸ਼ਨ ਪਾਰਟੀ ਵਿਚ ਸ਼ਾਮਿਲ ਹੋਣਾ ਜਿੱਥੇ ਮੇਰੀ ਮਰਜ਼ੀ ਹੋਵੇ ਛਾਪਣਾ, ਬਿਨਾਂ ਕਿਸੇ ਦੇ ਹੁਕਮ (Dictation) ਤੋਂ ਆਪਣਾ, ਮਨ ਲਾਉਣਾ ਜਾਂ ਬਦਲ ਲੈਣਾ, ਕਿਸੇ ਵੀ ਪਬਲਿਕ ਦੇ ਅਫਸਰ ਜਾਂ ਨੀਤੀ ਬਾਰੇ ਆਲੋਚਨਾ ਕਰਨੀ, ਜਿਸ ਨੂੰ ਠੀਕ ਸਮਝ ਨਾ ਹੋਣਾ, ਮੇਰੀ ਮਰਜ਼ੀ ਜਿਸ ਵੀ ਜੱਥੇਬੰਦੀ ਵਿਚ ਸ਼ਾਮਲ ਹੋਣਾ, ਭਾਵੇਂ ਕਿ ਕੋਈ ਵੀ ਕਾਨੂੰਨ ਘੜਨ ਵਾਲੇ ਇਸ ਬਾਰੇ ਕੁਝ ਪਏ ਸੋਚਦੇ ਹੋਣ।

ਸਭ ਤੋਂ ਅਖ਼ੀਰ ਉੱਤੇ ਮੈਂ ਆਪਣੇ ਰਾਜਸੀ ਜਾਂ ਧਾਰਮਕ ਵਿਸ਼ਵਾਸਾਂ ਦੇ ਬਾਰੇ ਵਿਚ ਕਿਸੇ ਢੰਗ ਨਾਲ ਤੇ ਕਿਸੇ ਵੀ ਪੱਧਰ ਉੱਤੇ ਇਸ ਕਮੇਟੀ ਦੇ ਪੜਤਾਲ ਦੇ ਹੱਕ ਨੂੰ ਚੁਣੌਤੀ ਦਿੰਦਾ ਹਾਂ ਤੇ ਮੈਂ ਇਹ ਦਾਅਵੇ ਨਾਲ ਸਪੱਸ਼ਟ ਕਰਦਾ ਹਾਂ ਕਿ ਮੈਂ ਇਸ ਕਮੇਟੀ ਦੇ ਵਿਹਾਰ ਹੀ ਨਹੀਂ ਸਗੋਂ ਇਸਦੀ ਹੋਂਦ, ਬਿੱਲ-ਆਫ਼-ਰਾਈਟਸ (Bill of Rights) ਦੀ ਉਲੰਘਣਾ ਹੈ।

ਜੇ ਮੈਂ ਜਨਰਲ ਫ਼ਰਾਂਕੋ (ਸਪੇਨੀ ਡਿਕਟੇਟਰ) ਦਾ ਬੁਲਾਰਾ ਹੁੰਦਾ ਤਾਂ ਮੈਂ ਏਥੇ ਹੀ ਹੁੰਦਾ। ਮੈਂ ਅਮਰੀਕੀ ਨੀਚ ਹੋਣ ਅਤੇ ਥਾਮਸ ਤੇ ਰੈਨਕਿਨ ਨਾਂ ਦੇ ਬੰਦਿਆਂ ਅੱਗੇ ਗਿੜਗੜਾਉਣ ਨਾਲੋਂ ਮਰ ਜਾਣਾ ਬਿਹਤਰ ਜਾਣਦਾ, ਜਿਹੜੇ ਕਿ ਅਮਰੀਕਾ ਵਿਚ ਅਜਿਹੀਆਂ ਸਰਗਰਮੀਆਂ ਕਰ ਰਹੇ ਹਨ ਜੋ ਜਰਮਨੀ ਵਿਚ ਗੋਬਲਜ਼ ਤੇ ਹਿਮਲਰ ਕਰਦੇ ਰਹੇ ਹਨ।

ਅਮਰੀਕੀ ਲੋਕਾਂ ਨੇ ਬਿਲ ਆਫ਼ ਰਾਈਟਸ ਅਤੇ ਥਾਮਸ ਕਮੇਟੀ ਦੋਹਾਂ ਵਿਚੋਂ ਇਕ ਦੀ ਚੋਣ ਕਰਨੀ ਹੈ। ਉਹ ਦੋਵਾਂ ਨੂੰ ਨਹੀਂ ਰੱਖ ਸਕਦੇ। ਇੱਕ ਜਾਂ ਦੂਸਰੇ ਨੂੰ ਨੇੜ ਭਵਿੱਖ ਵਿਚ ਖ਼ਤਮ ਕਰ ਦੇਣਾ ਚਾਹੀਦਾ ਹੈ। (ਬਿਆਨ ਜਿਹੜਾ ਹਾਊਸ-ਆਫ਼ ਰੇਪਰੇਜ਼ੈਨਟੇਟਿਵਜ਼ ਦੀ ਬਣਾਈ ਗੈਰ-ਅਮਰੀਕੀ ਸਰਗਰਮੀਆਂ ਕਮੇਟੀ ਦੇ ਮੋਸ਼ਨ ਪਿਕਚਰਜ਼ ਇੰਡਸਟਰੀਜ਼ ਵਿਚ ਕਮਿਊਨਿਸਟ ਘੁਸਪੈਠ ਬਾਰੇ ਦਿੱਤਾ ਗਿਆ - ਇਹ ਬਿਆਨ ਡੀ..ਸੀ. ਅਕਤੂਬਰ 28,1947 ਨੂੰ ਦਿੱਤਾ ਗਿਆ) •

(ਫਲਿਸਤੀਨੀ)

ਮਹਿਮੂਦ ਦਰਵੇਸ਼

1. ਜਾਂਚ-ਪੜਤਾਲ

ਲਿਖੋ
ਮੈਂ ਇਕ ਅਰਬ ਹਾਂ
ਕਾਰਡ ਨੰਬਰ-ਪੰਜਾਹ ਹਜ਼ਾਰ
ਅੱਠ ਬੱਚਿਆਂ ਦਾ ਪਿਓ ਹਾਂ
ਨੌਵਾਂ ਅਗਲੀਆਂ ਗਰਮੀਆਂ
ਵਿੱਚ ਜਨਮੇਗਾ
ਕੀ ਤੁਸੀਂ ਕਾਗਜ਼ ਹੋ?

ਲਿਖੋ
ਇੱਕ ਅਰਬ ਹਾਂ ਮੈਂ
ਪੱਥਰ ਤੋੜਦਾ ਹਾਂ ਮੈਂ
ਆਪਣੇ ਸਾਥੀ ਮਜ਼ਦੂਰਾਂ ਨਾਲ

ਹਾਂ, ਮੈਂ ਤੋੜਦਾ ਹਾਂ ਪੱਥਰ
ਆਪਣੇ ਬੱਚਿਆਂ ਨੂੰ ਦੇਣ ਲਈ
ਇੱਕ ਟੁਕੜਾ ਰੋਟੀ,
ਤੇ ਇੱਕ ਕਿਤਾਬ।

ਆਪਣੇ ਅੱਠ ਬੱਚਿਆਂ ਵਾਸਤੇ
ਮੈਂ ਤੁਹਾਡੇ ਕੋਲ ਭੀਖ ਨਹੀਂ ਮੰਗਦਾ।
ਘਰੂਕਦਾ, ਤਰਲੇ ਨਹੀਂ
ਲੈਂਦਾ ਤੁਹਾਡੇ ਸਾਮ੍ਹਣੇ
ਕੀ ਤੁਸੀਂ ਨਾਰਾਜ਼ ਹੋ ?

ਲਿਖੋ
ਅਰਬ ਹਾਂ ਮੈਂ ਇੱਕ ਵਾਲ-ਕਾਲੇ ਹਨ
ਅੱਖਾਂ- ਭੂਰੀਆਂ
ਮੇਰੀ ਅਰਬੀ ਪਗੜੀ
ਜਿਸ ਵਿੱਚ ਹੱਥ ਪਾ ਕੇ ਖੁਰਕ ਕਰਦਾ ਹਾਂ
ਪਸੰਦ ਕਰਦਾ ਹਾਂ
ਸਿਰ ਨੂੰ ਲਾਉਣ ਚੂਲੀ ਭਰ ਤੇਲ।

ਇਹਨਾਂ ਸਾਰੀਆਂ ਗੱਲਾਂ ਤੋਂ ਉਪਰ
ਕ੍ਰਿਪਾ ਕਰਕੇ ਇਹ ਵੀ ਲਿਖੋ
ਮੈਂ ਕਿਸੇ ਨਾਲ ਘਿਰਣਾ ਨਹੀਂ ਕਰਦਾ

ਘਰ ਜਦੋਂ ਭੁੱਖਾ ਹੁੰਦਾ ਹਾਂ
ਖਾਣਾ ਚਾਹੁੰਦਾ ਹਾਂ ਗੋਸ਼ਤ
ਆਪਣੇ ਲੁਟੇਰਿਆਂ ਦਾ
ਸਾਵਧਾਨ !
ਖ਼ਬਰਦਾਰ ਮੇਰੀ ਭੁੱਖ ਤੋਂ
ਸਾਵਧਾਨ
ਮੇਰੇ ਗੁੱਸੇ ਤੋਂ ਸਾਵਧਾਨ!!

2. ਇੱਕ ਆਦਮੀ ਦੇ ਬਾਰੇ

ਉਹਨਾਂ ਨੇ ਉਸ ਦੇ ਮੂੰਹ ਉੱਤੇ
ਕੱਸ ਦਿੱਤੀਆਂ ਜ਼ੰਜੀਰਾਂ
ਮੌਤ ਦੀ ਚੱਟਾਨ ਨਾਲ ਬੰਨ੍ਹ ਦਿੱਤਾ ਉਸ ਨੂੰ
ਤੇ ਆਖਿਆ," ਤੂੰ ਹਤਿਆਰਾ ਹੈਂ।

ਉਹਨਾਂ ਨੇ ਉਹਦਾ ਭੋਜਨ,
ਕੱਪੜੇ ਤੇ ਝੰਡੇ ਖੋਹ ਲਏ
ਸੁੱਟ ਦਿੱਤੇ ਉਸ ਨੂੰ ਕਾਲ-ਕੋਠੜੀ ਵਿਚ
ਤੇ ਕਿਹਾ," ਚੋਰ ਹੈਂ ਤੂੰ "

ਉਸ ਨੂੰ ਹਰ ਥਾਂ ਤੋਂ
ਭਜਾਇਆ ਉਹਨਾਂ ਨੇ
ਪਿਆਰੀ ਛੋਟੀ ਲੜਕੀ ਨੂੰ ਖੋਹ ਲਿਆ
ਤੇ ਆਖਿਆ," ਸ਼ਰਨਾਰਥੀ ਹੈਂ
ਤੂੰ, ਸ਼ਰਨਾਰਥੀ"

ਆਪਣੀਆਂ ਸੜਦੀਆਂ ਅੱਖਾਂ
ਤੇ ਖ਼ੂਨੀ ਹੱਥਾਂ ਨੂੰ ਦੱਸ
ਰਾਤ-ਜਾਏਗੀ
ਕੋਈ, ਕੈਦ, ਕੋਈ ਜ਼ੰਜੀਰ ਨਹੀਂ ਰਹੇਗੀ
ਨੀਰੋ ਮਰ ਗਿਆ ਸੀ ਰੋਮ ਨਹੀਂ
ਉਹ ਲੜਿਆ ਸੀ ਆਪਣੀਆਂ ਅੱਖਾਂ ਨਾਲ

ਇੱਕ ਸੁੱਕ ਕਣਕ ਦੇ ਸਿੱਟੇ ਦੇ ਦਾਣੇ
ਭਰ ਦੇਣਗੇ ਖੇਤਾਂ ਨੂੰ
ਕਰੋੜਾਂ ਹਰੇ ਸਿੱਟਿਆਂ ਨਾਲ
ਲੁੱਟਦਾ ਨਹੀਂ ਕਿਸੇ ਨੂੰ

ਕਤਲ

ਐਮ. ਕੇ. ਨੂਰਮਾਨ

ਪਿਛਲੀ ਰਾਤੇ
ਮੈਨੂੰ ਇਕ ਸੁਪਨਾ ਆਇਆ
ਮਹਾਤਮਾ ਬੁੱਧ ਨੂੰ
ਪੁਲਸ ਨੇ ਗੋਲੀ ਮਾਰ ਕੇ ਮਾਰ ਦਿੱਤਾ।
ਕਾਨੂੰਨ ਦੇ ਰਾਖਿਆਂ ਮਾਰਿਆ
ਉਸ ਦੀ ਦੇਹ ਜਾਫਨਾ ਲਾਇਬ੍ਰੇਰੀ ਦੀਆਂ ਪੌੜੀਆਂ ਉੱਤੇ,
ਲਹੂ ਵਿਚ ਗੜੁੱਚ ਪਈ ਹੋਈ ਸੀ।

ਰਾਤ ਦੇ ਹਨ੍ਹੇਰੇ ਵਿਚ ਵਜ਼ੀਰ ਪਧਾਰੇ
ਉਸ ਦਾ ਨਾਂ ਸੂਚੀ ਵਿਚ ਨਹੀਂ
"ਫਿਰ ਉਸ ਨੂੰ ਕਤਲ ਕਿਉਂ ਕੀਤਾ?"
ਗੁੱਸੇ ਵਿਚ ਆ ਕੇ ਵਜ਼ੀਰ ਪੁੱਛਦੇ।

"ਨਹੀਂ ਜਨਾਬ ਨਹੀਂ,
ਕੋਈ ਗਲਤੀ ਨਹੀਂ ਹੋਈ
ਉਸ ਨੂੰ ਮਾਰੇ ਬਿਨਾਂ
ਮੱਖੀ ਨੂੰ ਮਾਰਨਾ ਵੀ ਅਸੰਭਵ ਸੀ।"
ਇਸ ਲਈ ...." ਉਹ ਥਥਲਾਏ।

"ਠੀਕ ਹੈ, ਵਾਜਬ ਹੈ
ਲਾਸ਼ ਨੂੰ ਖੁਰਦ-ਬੁਰਦ ਕਰ ਦਿਓ
ਵਜ਼ੀਰ ਅਲੋਪ ਹੋ ਜਾਂਦੇ ਨੇ।

ਸਾਦੇ ਕੱਪੜਿਆਂ ਵਿਚ ਆਦਮੀ ਆਏ
ਤੇ ਲਾਸ਼ ਨੂੰ ਧੂਹ ਕੇ ਲਾਇਬ੍ਰੇਰੀ ਵਿਚ ਲੈ ਗਏ,
ਉਹਨਾਂ ਨੇ ਦੁਰਲੱਭ ਤੇ ਕੀਮਤੀ ਕਿਤਾਬਾਂ ਦੀ ਢੇਰੀ ਲਾਈ
ਨੱਬੇ ਹਜ਼ਾਰ ਕਿਤਾਬਾਂ
ਤੇ ਚਿਤਾ ਨੂੰ ਅੱਗ ਲਾ ਦਿੱਤੀ।
"ਚਿਕਾਲਕਵਾਦਾ ਸੂਤਾ" ਤੇ "ਧੱਮ ਪਦ" ਨੂੰ ਅਗਨ ਭੇਂਟ ਕਰ ਦਿੱਤਾ
ਇੰਞ ਦਇਆਵਾਨ ਬੁੱਧ ਦੇ ਨਾਲ
ਬੁੱਧ ਧਰਮ ਦੇ ਗ੍ਰੰਥ ਵੀ ਰਾਖ ਬਣ ਗਏ।

(ਨੋਟ:- ਜਾਫਨਾ ਪਬਲਿਕ ਲਾਇਬ੍ਰੇਰੀ ਦੇ ਸੜਨ ਉੱਤੇ ਲਿਖੀ ਗਈ) •

ਹਾਰੇ ਹੋਏ

ਰਿਅਫ਼ਤ

ਬੁਰੇ ਦਿਨ ਕੀਹਦੇ ਉੱਤੇ ਨਹੀਂ ਆਉਂਦੇ। ਖ਼ੁਸ਼ੀ ਤੇ ਸੁੱਖ ਉੱਡਦੇ ਪੰਛੀ ਦੇ ਪਰਾਂ ਨਾਲ ਬੱਝੇ ਹੋਏ ਹੁੰਦੇ ਨੇ। ਪੰਛੀ ਅੱਜ ਏਸ ਟਾਹਣੀ ਤੇ ਕੱਲ੍ਹ ਕਿਸੇ ਹੋਰ 'ਤੇ। ਆਖਣ ਵਾਲੇ ਆਖਦੇ ਨੇ, ਭਈ ਰਾਬਾਂ ਵਿਚਾਰੀ 'ਤੇ ਏਸ ਪੰਛੀ ਦਾ ਪਰਛਾਵਾਂ ਤੱਕ ਨਹੀਂ ਸੀ ਪਿਆ।

'ਹਾਏ ਵਿਚਾਰੀ, ਜਿਉਂ ਜੰਮੀ, ਬੋਦੀਓਂ ਲੰਬੀ' ਉਹਦੀਆਂ ਗੁਆਂਢਣਾਂ ਬੜੇ ਦੁੱਖ ਨਾਲ ਕਹਿੰਦੀਆਂ। ਪਰ ਬਹੁਤੇ ਮਰਦ ਆਪਣੇ ਗੁੱਸੇ ਤੇ ਆਪਣੀ ਹਾਰੀ ਕੁਝ ਏਸ ਤਰ੍ਹਾਂ ਮੰਨਦੇ। "ਇਹ ਸਾਰੀ ਗਰੀਬੀ ਰਾਬਾਂ ਦੀ ਆਪਣੀ ਪੈਦਾ ਕੀਤੀ ਹੋਈ ਏ। ਲਓ ਭਲਾ ਕਦੀ ਜਵਾਨ ਜਨਾਨੀ ਵੀ ਭੁੱਖਿਆਂ ਮਰ ਸਕਦੀ ਏ ਅਤੇ ਫੇਰ ਐਸ ਜ਼ਮਾਨੇ ਵਿਚ, ਜਿਥੇ ਹਰ ਬੇ-ਗ਼ੈਰਤੀ ਨੂੰ ਫ਼ੈਸ਼ਨ ਕਿਹਾ ਜਾਂਦਾ ਏ ਤੇ ਨਾਲੇ ਏਸ ਕਾਲ-ਕੋਠੜੀ ਵਿਚ ਇੱਜ਼ਤ ਤੇ ਗ਼ੈਰਤ ਦਾ ਕੀ ਕੰਮ?"

ਘਰ 'ਤੇ ਮੁਸੀਬਤ ਆ ਪਵੇ ਤਾਂ ਜੋੜਿਆ ਛੁਪਾਇਆ ਖਰਚ ਕੀਤਾ ਜਾਂਦਾ ਏ। ਜੇ ਪੈਸਾ ਧੇਲਾ ਜੋੜਿਆ ਨਾ ਹੋਵੇ ਤਾਂ ਫੇਰ ਕੱਪੜੇ-ਲੱਤੇ, ਗਹਿਣਾ ਗੱਟਾ, ਭਾਂਡਾ-ਟੀਂਡਾ, ਤੌੜੀ ਵੇਚ ਵੱਟ ਘੱਤਦਾ ਏ। ਏਸ ਭੁੱਖੇ ਨੰਗੇ ਘਰ ਵਿਚ ਵੇਚਣ ਜੋਗਾ ਤੇ ਕੁਝ ਨਹੀਂ ਸੀ। ਪਰ ਮੂੰਹ-ਚਿੱਤ ਲੱਗਦੀ ਜਵਾਨ ਜਨਾਨੀ ਤੇ ਹੈ ਸੀ। ਫਾਕਿਆਂ ਮਾਰੀ ਵੀ ਹੱਟੀ ਕੱਟੀ ਤੇ ਹੱਥਾਂ-ਪੈਰਾਂ ਦੀ ਮਜ਼ਬੂਤ ਏ। ਇਹਦੇ ਨਾਲੋਂ ਵੱਡਾ ਖਜ਼ਾਨਾ ਹੋਰ ਕੀ ਹੋ ਸਕਦਾ ਏ। ਅਕਲ ਭਲਾ ਮੁੱਲ ਵਿਕਦੀ ਏ। ਜੇ ਕੋਲ ਨਹੀਂ ਤੇ ਕਿਸੇ ਨਾਲ ਸਲਾਹ ਮਸ਼ਵਰਾ ਕਰ ਲਵੇ ਤੇ ਘਰ ਵਿਹਲਾ ਬੈਠ ਕੇ ਪੈਨਸ਼ਨ ਖਾਣ ਵਾਲਾ ਗੁਲਾਮ ਗੌਂਸ, ਜਿਹੜਾ ਹਰ ਗੱਲ ਪਿੱਛੋਂ ਅਤੇ ਪਹਿਲੋਂ ਦੋਹਾ ਪੜ੍ਹਨ ਦਾ ਆਦੀ ਸੀ, ਬਾਬੇ ਫਰੀਦ ਦਾ ਦੋਹਾ ਬੜੀ ਲਹਿਰ ਵਿਚ ਆ ਕੇ ਪੜ੍ਹਦਾ–

ਫਰੀਦਾ ਇਕ ਨਾ ਮੱਤ ਖ਼ੁਦਾ ਦੀ ਇਕ ਨਾ ਮੰਗ ਲਈ
ਇਕ ਦਿੱਤੀ ਮੂਲ ਨਾ ਘਿੱਕਦੇ, ਜਿਓਂ ਪੱਥਰ ਬੂੰਦ ਪਈ।

ਤੇ ਨੂਰੇ ਹਲਵਾਈ ਦੇ ਸਾਰੇ ਗਾਹਕ ਵਾਹ-ਵਾਹ ਕਹਿ ਕੇ ਰਾਬਾਂ ਨੂੰ ਕਸੂਰਵਾਰ ਮੰਨਦੇ।

ਪਰ ਰਾਬਾਂ ਹਰ ਪਾਸਿਓਂ ਕੰਨ ਵਲੇਟ ਕੇ ਘਰ ਨੂੰ ਫਾਕਿਆਂ ਕੋਲੋਂ ਬਚਾਉਣ ਲਈ ਤੇਰੇ ਮੇਰੇ, ਬਹਾਰੀ ਬਹੁਕਰ ਤੇ ਜੂਠੇ ਭਾਂਡੇ ਮਾਂਜਣ ਦਾ ਕੰਮ ਕਰਨ ਲੱਗ ਪਈ। ਆਲੂਆਂ ਦੀ ਬਹਾਰੇ ਪੈਲੀਆਂ ਵਿਚ ਰੰਬੇ ਨਾਲ ਪਾਲਾਂ ਪੁੱਟਦੀ। ਅੱਜ ਤੋਂ ਕੁਝ ਵਰ੍ਹੇ ਪਹਿਲਾਂ ਘਰ ਵਿਚ ਫਾਕੇ ਸਨ ਤੇ ਵੱਡੇ ਭਰਾ ਲਈ ਵਹੁਟੀ ਖਰੀਦਣ ਲਈ ਮਾਪਿਆਂ ਨੇ ਰਾਬਾਂ ਨੂੰ ਨਵਾਬ ਮੋਚੀ ਹੱਥ ਚਾਰ ਵੀਹਾਂ ਵਿਚ ਵੇਚ ਦਿੱਤਾ।

ਨਵਾਬ ਮੋਚੀ ਨੇ ਹੁਣ ਤੀਕ ਜੁੱਤੀਆਂ ਗੰਢਣ ਤੇ ਬਣਾਉਣ ਤੋਂ ਸਿਵਾਏ ਰੁਪਈਆ, ਪੈਸਾ ਤੇ ਜਵਾਨੀ ਖਰਚ ਕਰਨ ਦਾ ਧੰਦਾ ਹੀ ਕੀਤਾ ਸੀ। ਏਹੋ ਵਜ੍ਹਾ ਏ ਉਹਦੇ ਘਰ ਦੀਵਾ ਬੱਤੀ ਵੀ ਮੁਸ਼ਕਲ ਨਾਲ ਜਲਦੀ ਸੀ। ਜਦੋਂ ਟੁੱਟਦੇ ਨਸ਼ੇ ਨਾਲ ਉਹਦੀਆਂ ਲੱਤਾਂ ਵਿਚ ਆਚਵੀ ਜਿਹੀ ਹੁੰਦੀ ਤਾਂ ਉਹਨੂੰ ਇਕ ਲੋੜ ਦਾ ਅਹਿਸਾਸ ਬੁਰੀ ਤਰ੍ਹਾਂ ਹੁੰਦਾ। ਇਕ ਬੀਵੀ ਜਿਹੜੀ ਉਹਦੇ ਘਰ ਵਿਚ ਦੀਵਾ ਬੱਤੀ ਬਾਲ ਦੇਵੇ।

ਉਹਦੀ ਜਵਾਨੀ ਦੇ ਕਿੱਸੇ ਸੁਣੇ। ਵਕਤੋਂ-ਬੇਵਕਤ ਤਵੇ 'ਤੇ ਰੋਟੀ ਸੇਕ ਦੇਵੇ। ਹੋਰ ਕੁਝ

ਨਹੀਂ ਤੇ ਨਸ਼ਾ ਟੁੱਟਣ ਵੇਲੇ ਉਹਦੇ ਪੈਰਾਂ ਨੂੰ ਦਬਾ ਦੇਵੇ ਤੇ ਏਸ ਲੋੜ ਨੂੰ ਉਹਨੇ ਚਾਰ ਵੀਹਾਂ ਰੁਪਏ ਦੇ ਕੇ ਖਰੀਦ ਲਿਆ ਸੀ। ਇਹਦੇ ਰੁਪਏ 'ਤੇ ਚਿਰੋਕਣੇ ਪੂਰੇ ਹੋ ਗਏ ਸਨ। ਹੁਣ ਤੇ ਨਵਾਬ ਮੋਚੀ ਦੀ ਨਸਲ ਚਲਾਣ ਲਈ ਛੇ ਤੇ ਚਾਰ ਵਰ੍ਹਿਆਂ ਦੇ ਦੋ ਸੁਲਤਾਨ ਤੇ ਸਰਦਾਰ ਦੋ ਪੁੱਤਰ ਵੀ ਸਨ। ਬੱਚੇ ਹੋਰ ਵੀ ਆਏ ਤੇ ਦੁਨੀਆ ਦੀ ਹਵਾ ਖਾ ਕੇ ਅੱਲ੍ਹਾ ਨੂੰ ਪਿਆਰੇ ਹੋ ਗਏ ਸਨ। ਇਹ ਦੋਵੇਂ ਬਦਨਸੀਬ ਖੌਰੇ ਕਿਉਂ ਬਚ ਗਏ ਸਨ। ਨਵਾਬ ਤਕਦਿਆਂ-ਤਕਦਿਆਂ ਇਕਦਮ ਬੁੱਢਾ ਤੇ ਲਾਚਾਰ ਹੋ ਗਿਆ ਤੇ ਉਹਦੇ ਲਈ ਪੁਰਾਣੀ ਜੁੱਤੀ ਵਿਚ ਕਿੱਲ ਠੋਕਣਾ ਵੀ ਮੁਸ਼ਕਿਲ ਹੋ ਗਿਆ। ਪੌਣਾ ਤੋਲਾ ਅਫੀਮ ਰੋਜ਼ ਦੀ ਖ਼ੁਰਾਕ ਉਹਨੂੰ ਪੁਰਾਣੇ ਰੋਗ ਵਾਂਗੂੰ ਇਸ ਤਰ੍ਹਾਂ ਚਿੰਬੜ ਗਈ ਸੀ ਕਿ ਉਹਦਾ ਲੱਥਣਾ ਅਣਹੋਣੀ ਗੱਲ ਬਣ ਗਿਆ ਸੀ। ਸਾਰੀ ਗੱਲ ਦੀ ਜ਼ਕੋਹ ਖੈਰਾਤ ਦੇ ਸਦਕਾ ਜੋ ਕੁਝ ਉਹਨੂੰ ਲੱਭਦਾ, ਉਹਦੀ ਉਹ ਅਫੀਮ ਲੈ ਕੇ ਖਾ ਲੈਂਦਾ।

ਲੋਕੀਂ ਤੇ ਵਿਚਾਰੀ ਰਾਬਾਂ ਨੂੰ ਦੇ ਜਾਂਦੇ ਤੇ ਉਹ ਆਪਣੇ ਮਜਾਜ਼ੀ ਖ਼ੁਦਾ ਨੂੰ ਅਫੀਮ ਲਈ ਦੇ ਛੱਡਦੀ। ਉਹ ਵਿਚਾਰੀ ਕਰਮਾਂ-ਮਾਰੀ ਤੇ ਲੇਖਾਂ ਸੜੀ ਵੀ ਆਪਣੀ ਥਾਂ ਸੱਚੀ ਸੀ। ਉਹਨੂੰ ਪਤਾ ਸੀ ਪਈ ਅਫੀਮ ਖਾਣ ਵਾਲੇ ਕੋਲੋਂ ਅਫੀਮ ਛੁਡਾਉਣਾ ਉਹਨੂੰ ਮੌਤ ਦੇ ਹਵਾਲੇ ਕਰਨ ਦੇ ਬਰਾਬਰ ਏ। ਨਵਾਬ ਲੱਖ ਬੁੱਢਾ ਤੇ ਗਰੀਬ ਸੀ, ਉਹ ਉਹਦੇ ਲਈ ਇਕ ਪਨਾਹ ਦੀ ਥਾਂ ਸੀ। ਬਲਕਿ ਇੱਕ ਲੋਹੇ ਵਾਂਗ ਪੱਕੀ ਤੇ ਕਦੀ ਨਾ ਪੱਟੀ ਜਾਣ ਵਾਲੀ ਕੰਧ ਸੀ। ਕੰਡਿਆਂ ਭਰੀ ਤਾਰਾਂ ਦੀ ਵਾੜ ਸੀ, ਬਹੁਤ ਸਾਰੀਆਂ ਨਜ਼ਰਾਂ ਦੇ ਤੀਰ ਰਾਬਾਂ ਦੇ ਬਦਨ ਤੀਕਰ ਅਪੜਨ ਤੋਂ ਪਹਿਲਾਂ ਏਸ ਕੰਧ 'ਤੇ ਹੀ ਦੋ ਟੋਟੇ ਹੋ ਜਾਂਦੇ ਸਨ। ਉਹ ਬਹੁਤ ਸਾਰੀਆਂ ਗੱਲਾਂ ਤੇ ਸਲਾਹਵਾਂ ਦੇ ਗੋਲੇ ਚੁੱਪ ਚੁਪੀਤੇ ਆਪਣੇ ਮਜਾਜ਼ੀ ਖ਼ੁਦਾ ਦੇ ਮੋਢਿਆਂ 'ਤੇ ਸੁੱਟ ਕੇ ਲਾਂਭੇ ਹੋ ਜਾਂਦੀ। ਪਰ ਆਪਣੀ ਇੱਜ਼ਤ ਨਹੀਂ ਵੇਚੀ। ਆਪਣੇ ਮਜਾਜ਼ੀ ਖ਼ੁਦਾ ਨੂੰ ਧੋਖਾ ਨਹੀਂ ਦਿੱਤਾ। ਮਿਹਨਤ ਮਜ਼ਦੂਰੀ ਕਰ ਕੇ ਆਪਣੇ ਢਿੱਡ ਦੀ ਭੜਕਦੀ ਅੱਗ ਨੂੰ ਠੰਡਾ ਕੀਤਾ, ਖਸਮ ਅਤੇ ਬਾਲਾਂ ਨੂੰ ਪਾਲਿਆ।

ਪਰ ਇਕ ਦਿਹਾੜੇ ਰਾਬਾਂ ਦਾ ਇਹ ਤੰਬੂ ਧੂੜ ਦਿਆਂ ਬੱਦਲਾਂ ਵਾਂਗ ਉੱਡ ਗਿਆ। ਉਹਦੀ ਕੰਡਿਆਂ ਭਰੀ ਵਾੜ ਟੁੱਟ ਗਈ ਤੇ ਹੁਣ ਉਹ ਗਰੀਬ ਦੀ ਵਹੁਟੀ ਹੀ ਨਹੀਂ ਬੇ ਯਾਰੋ ਮਦਦਗਾਰ ਰੰਡੀ ਵੀ ਸੀ।

ਗਲੀ ਦੇ ਮੌਲਵੀ ਸਾਹਿਬ ਨੇ ਮਾਲਕ ਨੂੰ ਹਾਜ਼ਰ-ਨਾਜ਼ਰ ਕਰ ਕੇ ਇਸ ਰੰਡੀ ਦਾ ਸਾਰਾ ਹਾਲ ਹਰ ਇਕ ਦੀ ਕੰਨੀਂ ਪਾ ਦਿੱਤਾ। ਗਲੀ ਦੇ ਖਾਂਦੇ-ਪੀਂਦੇ ਤੇ ਖੜਕੇ-ਦੜਕੇ ਵਾਲੇ ਲੋਕਾਂ ਨੇ ਮਿਲ ਮਿਲਾਕੇ ਚੰਦਾ ਉਗਰਾਹਿਆ ਤੇ ਨਵਾਬ ਦਾ ਕਫਨ ਲੈ ਆਏ। ਗੋਰ-ਕੁੰਨ (ਕਬਰ-ਪੁੱਟ) ਨੂੰ ਲੱਭ ਕੇ ਛੇਤੀ ਸਾਮੀ ਕਢਵਾਈ। ਨਹਾ ਧੁਆ ਕੇ ਤੇ ਕਫਨਾਅ ਕੇ ਜਨਾਜ਼ਾ ਪੜਵਾਇਆ ਤੇ ਸ਼ਾਮ ਦੀਆਂ ਅਜ਼ਾਨਾਂ ਤੋਂ ਪਹਿਲਾਂ ਹੀ ਨਵਾਬ ਨੂੰ ਮਣਾਂ ਮੂੰਹੀਂ ਮਿੱਟੀ ਥੱਲੇ ਇੰਝ ਘੁੱਟ ਕੇ ਦੱਬ ਆਏ ਕਿ ਕਿਧਰੇ ਇਹ ਬੁੱਢਾ ਠੇਰਾ ਫੇਰ ਭੌਂ ਕੇ ਰਾਬਾਂ ਤੇ ਉਹਨਾਂ ਲੋਕਾਂ ਦੇ ਵਿਚਕਾਰ ਕੰਧ ਬਣ ਕੇ ਨਾ ਖਲੋ ਜਾਵੇ।

ਰਾਤ ਦੀ ਰੋਟੀ ਹੈਦਰ ਅਰਾਈ ਦੇ ਘਰੋਂ ਗਈ। ਦੂਜੇ ਦਿਨ ਰੱਖੇ ਤੰਦੂਰ ਵਾਲੇ ਨੇ ਨਾਨ ਤੇ ਆਲੂ ਗੋਸ਼ਤ ਭੇਜ ਕੇ ਆਪਣੇ ਆਪ ਨੂੰ ਰਾਬਾਂ ਦੇ ਦੁੱਖ-ਸੁੱਖ ਦਾ ਭਾਈਵਾਲ ਜਤਾਉਣ ਦੀ ਪੂਰੀ-ਪੂਰੀ ਕੋਸ਼ਿਸ਼ ਕੀਤੀ। ਕਾਲੂ ਕਰਿਆਨੇ ਵਾਲੇ ਨੇ ਸੇਰ ਪੱਕੀ ਸ਼ੱਕਰ, ਦੋ ਤਿੰਨ ਵੰਨ-ਸੁਵੰਨੀਆਂ ਦਾਲਾਂ ਦੀ ਪੋਟਲੀ ਰਾਬਾਂ ਨੂੰ ਫੜਾ ਕੇ ਉਹਦੇ ਅੱਥਰੂ ਮੁੱਲ ਲੈਣ ਦਾ ਚਾਰਾ ਕੀਤਾ। ਨੂਰੇ ਹਲਵਾਈ ਨੇ ਵੀ ਜਲੇਬੀਆਂ ਤੇ ਦੁੱਧ ਭੇਜ ਕੇ ਅਜਾਬ ਤੇ ਸਵਾਬ ਦੋਹਾਂ

ਨੂੰ ਹੱਥ ਫੇਰਨ ਦੀ ਦਲੇਰੀ ਕੀਤੀ ਤੇ ਲੋਕਾਂ ਲੁਕ ਛਿਪ ਕੇ ਜਿਹੜੇ ਨਕਦ ਪੈਸੇ ਉਹਦੇ ਤੋੜੀ ਅਪੜਾਏ, ਉਹ ਵੱਖਰੇ। ਹਾਲੀ ਅੱਠ ਦਿਨ ਵੀ ਨਹੀਂ ਸੀ ਟੱਪੇ ਕਿ ਮੌਲਵੀ ਸਾਹਿਬ ਸੁਲਤਾਨ ਤੇ ਸਰਦਾਰ ਦੀਆਂ ਉਂਗਲੀਆਂ ਫੜ ਕੇ ਆਪਣੇ ਜਾਮੇ-ਅਰੀਬਾ (ਪਾਠਸ਼ਾਲਾ) ਵਿਚ ਲੈ ਆਏ ਤੇ ਬੜੇ ਫ਼ਖ਼ਰ ਨਾਲ ਅਸੀਲ ਕੁੱਕੜ ਵਾਂਗ ਛਾਤੀ ਤਾਣ ਕੇ ਆਖਣ ਲੱਗੇ, "ਅੱਜ ਤੋਂ ਰਾਬਾਂ ਦੇ ਦੋਵੇਂ ਪੁੱਤਰ ਮੇਰੇ ਜਾਮੇ-ਅਰੀਬਾ ਦੇ ਵਿਦਿਆਰਥੀ ਹਨ ਤੇ ਇਹਨਾਂ ਦੀ ਸਾਰੀ ਲਿਖਾਈ-ਪੜ੍ਹਾਈ ਦਾ ਖਰਚਾ ਮੈਂ ਆਪਣੇ ਖੀਸਿਓ ਦਿਆਂ ਕਰਾਂਗਾ।"

ਨੂਰੇ ਹਲਵਾਈ ਨੇ ਉਸੇ ਦਿਨ ਪਾ ਸਾਰਾ ਦੁੱਧ ਸੁਲਤਾਨ ਨੂੰ ਦੇ ਕੇ ਆਖਿਆ, "ਲੈ ਪੁੱਤਰ ਲੈ ਜਾ ਤੇ ਆਪਣੀ ਮਾਂ ਨੂੰ ਦੇ ਦੇਵੀਂ ਜਾ ਕੇ।" ਹੈਦਰ ਅਰਾਈ ਨੇ ਉਸੇ ਦਿਨ ਆਪਣੀਆਂ ਪੈਲੀਆਂ ਦੇ ਨਵੇਂ ਆਲੂ ਤੇ ਗੰਦਲਾਂ ਦਾ ਸਾਗ ਭੇਜਣ ਵਿਚ ਢਿੱਲ ਨਾ ਲਾਈ।

ਇੱਦਤ ਦੇ ਦਿਨ (ਬੇਵਾ ਦੇ ਨਕਾਹ ਨਾ ਕਰਨ ਦੇ ਦਿਨ) ਕਾਹਲੀ-ਕਾਹਲੀ ਪਏ ਲੰਘਦੇ ਸਨ ਤੇ ਨੂਰੇ ਹਲਵਾਈ ਦੀ ਭੱਠੀ ਦੇ ਆਲੇ-ਦੁਆਲੇ ਆਪਣੇ ਮਿੱਟੀ ਵਰਗੇ ਖੇਸਾਂ ਤੇ ਊੱਨ ਦੀ ਕੋਟੀ ਦੀਆਂ ਬੁੱਕਲਾਂ ਵਿਚ ਮੂੰਹ ਲੁਕਾਈ, ਰੱਖਾ, ਕਾਲੂ, ਹੈਦਰ ਤੇ ਜਮਾਂਦਾਰ ਗੌਂਸ ਈ ਨਹੀਂ, ਬਲਕਿ ਪਿੰਡ ਦੇ ਹੋਰ ਵੀ ਸਫੈਦ ਪੋਸ਼ ਜਿਹਨਾਂ ਦੀਆਂ ਆਂਡੇ ਵਰਗੀਆਂ ਚਿੱਟੀਆਂ ਪੋਸ਼ਾਕਾਂ ਦੇ ਉਹਲੇ ਉਹਨਾਂ ਦੀ ਮਾਲੀ ਹਾਲਤ ਈ ਨਹੀਂ, ਬਲਕਿ ਮਾਨਸਿਕ ਤਾਘਾਂ ਵੀ ਲੁਕੀਆਂ ਰਹਿੰਦੀਆਂ, ਸਾਰੇ ਰਾਬਾਂ ਨੂੰ ਝੋਲੀ ਪਾਉਣ ਲਈ ਸੁਪਨੇ ਵੇਖਦੇ ਰਹਿੰਦੇ। ਨੂਰ ਨੂੰ ਹਰ ਦੂਜੇ ਤੀਜੇ ਦਿਨ ਦੁੱਧ ਭੇਜਣ ਦਾ ਬੜਾ ਮਾਣ ਤਰਾਣ ਸੀ। ਆਪਣੀ ਏਸ ਨੇਕੀ ਬਦਲੇ ਉਹ ਰਾਬਾਂ ਨੂੰ ਹਮੇਸ਼ਾ ਖਿਆਲਾਂ-ਖਿਆਲਾਂ ਵਿਚ ਆਪਣੇ ਪੈਰਾਂ ਵਿਚ ਆਪਣੀ ਗੁਲਾਮ ਵੇਖਦਾ ਅਤੇ ਕੜਾਈ ਵਿਚ ਕ.ਫ਼ਗੀਰ (ਡੋਈ) ਹਿਲਾਉਂਦਿਆਂ ਆਪਣੀ ਯਾਦ ਦਾ ਕੂੰਡਾ ਲਾ ਲੈਂਦਾ। ਫੇਰ ਅਚਨਚੇਤ ਭੰਗ ਤੇ ਨਸ਼ੇ ਵਿਚ ਡੁੱਬੇ ਮਲੰਗ ਵਾਂਗੂ ਬੜੀ ਲਹਿਰ ਵਿਚ ਆ ਕੇ ਦੋਹਾ ਪੜ੍ਹਦਾ।

ਜਿਨ੍ਹਾਂ ਮੁਹੱਬਤਾਂ ਕੀਤੀਆਂ ਪੀਰ ਬਖਸ਼ਾ
ਸੋਈ ਵਿਚ ਜਨਾਬ ਨਿਹਾਲ ਹੋਏ।

ਤੇ ਬਾਕੀ ਦੇ ਰਾਹ ਲੰਘਦੇ ਲੋਕੀਂ ਬੁੱਕਲਾਂ ਵਿਚੋਂ ਮੂੰਹ ਕੱਢ ਕੇ ਮੌਜ ਵਿਚ ਆਏ ਫਕੀਰ ਵਾਂਗ ਜਿਵੇਂ ਪੈਲਾਂ ਪਾਉਣ ਲੱਗ ਪੈਂਦੇ। ਫੇਰ ਗੱਲ ਮਿਹਨਤ ਤੇ ਖਿਦਮਤ ਤੋਂ ਚਾਲੂ ਹੁੰਦੀ ਤੇ ਖੌਰੇ ਕੀਕਣ ਰਾਬਾਂ ਤੋੜੀ ਜਾ ਅੱਪੜਦੀ ਤੇ ਗੱਲਾਂ ਦਾ ਮੁੱਢ ਨਵਾਬ ਮੋਚੀ ਦੀ ਜਵਾਨ ਰੰਡੀ ਰਾਬਾਂ ਬਣ ਜਾਂਦੀ। ਕਦੇ ਗੱਲ ਯੂਸਿਫ ਜੁਲੈਖਾਂ ਤੋਂ ਟੁਰ ਕੇ ਕੁੜੀਆਂ ਮੁੰਡੇ ਚੁੱਕਣ ਵਾਲੇ ਤੀਕਰ ਆਂਵਦੀ ਤੇ ਏਥੇ ਮੁੜਦੀ-ਮੁੜਾਉਂਦੀ ਰਾਬਾਂ ਦੇ ਕੁਣਬੇ ਵੱਲ ਆ ਖਲੌਂਦੀ। ਜਿਹੜੀ ਬਚਪਨ ਤੋਂ ਈ ਮਾਪਿਆਂ ਦੀਆਂ ਲੋੜਾਂ ਬਦਲੇ ਵਿਕ ਗਈ ਸੀ ਅਤੇ ਹੁਣ ਲੋਕਾਂ ਦੇ ਰਹਿਮੋ-ਕਰਮ 'ਤੇ ਸੀ। ਇਹ ਵੱਖਰੀ ਗੱਲ ਏ ਕਿ ਬਹੁਤੇ ਮਰਦ ਏਸ ਕੰਮ ਦਾ ਬਹਾਨਾ ਲੱਭਦੇ ਹਨ। ਯਤੀਮ ਤੇ ਰੰਡੀ ਦਾ ਮਸਲਾ ਛਿੜਦਾ ਤੇ ਕੁਰਾਨ ਤੇ ਹਦੀਸ ਦੇ ਤਰਜਮੇਂ ਬਿਆਨ ਕਰਦਿਆਂ-ਕਰਾਉਂਦਿਆਂ ਗੱਲ ਰਾਬਾਂ ਦੀ ਗਰੀਬੀ ਤੇ ਰੰਡੇਪੇ ਤੀਕਰ ਆ ਜਾਂਦੀ। ਗੁਲਾਮ ਗੌਂਸ ਆਪਣੇ ਇਲਮ ਦੀ ਧਾਂਕ ਲੋਕਾਂ ਦੇ ਦਿਲਾਂ 'ਤੇ ਬਣਾਉਣ ਸਦਕੇ ਬੁੱਕਲੋਂ ਹੱਥ ਕੱਢ ਕੇ ਹਿਲਾਉਂਦਿਆਂ ਕਹਿਣ ਲੱਗ ਪੈਂਦਾ। "ਜਿਹੜੀ ਗਲੀ ਵਿਚ ਇਕ ਰੰਡੀ ਤੇ ਭੁੱਖੀ ਜਾਂ ਇਕ ਯਤੀਮ ਬੱਚਾ ਨਿਰਨੇ ਢਿੱਡ ਸੌਂ ਜਾਏ, ਸਾਰੀ ਰਾਤ ਓਸ ਗਲੀ 'ਤੇ ਖ਼ੁਦਾ ਦਾ ਕਹਿਰ ਤੇ ਅਜ਼ਬ ਨਾਜ਼ਿਲ ਹੁੰਦਾ ਰਹੇਗਾ। ਇਹ ਸਾਡਾ ਫ਼ਰਜ਼ ਏ, ਕਿ ਅਸੀਂ ਗਵਾਂਢੀ ਦੀ ਮਦਦ

ਕਰੀਏ। ਤੁਲਸੀ ਦਾਸ ਨੇ ਕੈਸੀ ਸੁਹਣੀ ਤੇ ਪਤੇ ਦੀ ਗੱਲ ਕੀਤੀ ਏ

ਤੁਲਸੀ ਆਹ ਕਿਸੇ ਦੀ ਹਰ ਇਕ ਤੋਂ ਸਹੀ ਨਾ ਜਾਵੇ।
ਮੋਏ ਬੱਕਰੀ ਦੀ ਖੱਲ ਨਾਲ ਲੋਹਾ ਵੀ ਭਸਮ ਹੋ ਜਾਵੇ।

ਅਸੀਂ ਇਕ ਵਿਧਵਾ ਨੂੰ ਮਾਮੂਲੀ ਜਹੀ ਗੱਲ ਸਮਝਦਿਆਂ ਉਹਦਾ ਹਾਲ ਨਾ ਪੁੱਛੀਏ ਤੇ ਉਹਦੇ ਦਿਲੋਂ ਖ਼ਬਰੇ ਕਿੰਨੀਆਂ ਕੁ ਹਾਵਾਂ ਤੇ ਬਦ-ਦੁਆਵਾਂ ਉੱਠਣ ਗੀਆਂ। ਮੌਲਾ ਬਚਾਏ ਮੇਰਾ ਕੁਲ ਜਹਾਨ ਨੂੰ ਪਾਲਣ ਵਾਲਾ ਸੋਹਣਾ ਸਾਈਂ ਸਾਨੂੰ ਹਰ ਅਜ਼ਾਬ ਤੋਂ ਬਚਾਏ। ਸਾਡੀ ਇਹ ਰਾਬਾਂ ਫ਼ਖ਼ਰ ਦੇ ਨਾਂ ਜੋਗੀ ਏ। ਵੇਖੋ ਕਿਸ ਤਰ੍ਹਾਂ ਭਰੀ ਜਵਾਨੀ ਨਾਲ ਇੱਕ ਬੁੱਢੇ ਨਿਖੱਟੂ ਮੋਚੀ ਦੇ ਸਾਹ ਨਾਲ ਸਾਹ ਮਿਲਾ ਕੇ ਵਕਤ ਟਪਾਇਆ ਸੂ। ਬੜੀ ਖ਼ਿਦਮਤ ਕੀਤੀ ਏ ਇਹਨੇ ਓਸ ਬੁੱਢੇ ਦੀ। ਆਪੇ ਕਮਾਇਆ ਤੇ ਆਪੇ ਉਹਨੂੰ ਖਵਾਇਆ, ਬੇਲੀਓ।

ਮੈਂ ਕਿਹਾ ਏ ਏਹੋ ਜਿਹੀ ਖਸਮ 'ਤੇ ਕੁਰਬਾਨ ਹੋਣ ਵਾਲੀ ਵਹੁਟੀ ਏਸ ਜ਼ਮਾਨੇ ਵਿਚ ਹਰ ਕਿਸੇ ਦੇ ਨਸੀਬਾਂ ਵਿਚ ਕਿਥੋਂ? ਭੱਠੀ ਦੇ ਪਰਲੇ ਪਾਸਿਓਂ ਕੋਈ ਜਵਾਬ ਦਿੰਦਾ। ਮੇਰਿਆ ਭਰਾਵਾ! ਮੈਂ ਕਹਿਨਾ ਨਵਾਬ ਮਰਦੂਦ ਨੇ ਕਿਹੜਾ ਅਜਿਹਾ ਅਮਲ ਕੀਤਾ ਸੀ ਕਿ ਉਹਨੂੰ ਏਹੋ ਜਿਹੀ ਵਹੁਟੀ ਦਾ ਸਾਕ ਲੱਭ ਗਿਆ। ਕੋਈ ਤੀਜਾ ਦਿਲ ਸੜਿਆ ਕਹਿੰਦਾ, "ਹਰਾਮੀ ਨੇ ਸਾਰੀ ਹਯਾਤੀ ਨਸ਼ੇ ਪਾਣੀ ਵਿਚ ਰੋੜ ਦਿੱਤੀ ਤੇ ਐਸ਼ ਲੁੱਟੀ ਤੇ ਬੁੱਢੀ ਲੱਭਣ ਤੇ ਆਈ ਤੇ ਇਹ ਅਜਿਹੀ ਨੇਕ ਲੱਭ ਪਈ ਜਿਹੜੀ ਏਸ ਜ਼ਮਾਨੇ ਵਿਚ ਦੀਵਾ ਲੈ ਕੇ ਲੱਭੋ ਤੇ ਨਹੀਂ ਲੱਭਦੀ। ਗਲੀ ਮੁਹੱਲੇ ਨਾਲ ਇੰਝ ਈ ਬਣਾ ਕੇ ਰੱਖਦੀ ਸੀ ਤੇ ਸਾਰੀ ਹਯਾਤੀ ਅੱਜ ਦੇ ਪਲਕਾਰੇ ਵਾਂਗ ਲੰਘ ਜਾਏਗੀ। ਬੱਚੇ ਅੱਜ ਨਿੱਕੇ ਨੇ, ਕੱਲ ਗੱਭਰੂ ਹੋ ਜਾਣਗੇ।"

ਰਾਬਾਂ ਦੀ ਗੱਲ ਕੀ ਗੱਲ ਏ ਜੀ ਰਾਬਾਂ ਤੇ ਆਪੀ ਆਪਣੀ ਇੱਜ਼ਤ ਦੇ ਖਜ਼ਾਨੇ 'ਤੇ ਸੱਪਣੀ ਬਣ ਕੇ ਬੈਠੀ ਹੋਈ ਏ। ਕਿਸੇ ਦੀ ਕੀ ਮਜ਼ਾਲ ਕਿ ਭੁੱਲ ਭੁਲੇਖੇ ਆਪਣਾ ਪ੍ਰਛਾਵਾਂ ਵੀ ਇਹਦੇ 'ਤੇ ਪਾ ਜਾਵੇ।" ਕਾਲੂ ਜਿਵੇਂ ਬੜੇ ਦੁੱਖ ਨਾਲ ਕਹਿੰਦਾ ਤੇ ਫੇਰ ਏਸ ਸ਼ੂਕਰਾਂ ਭਰਨ ਵਾਲੀ ਸੱਪਣੀ ਨੂੰ ਮਸਤ ਕਰ ਕੇ ਪਟਾਰੀ ਵਿਚ ਬੰਦ ਕਰ ਲੈਣ ਵਾਂਗਰ ਅਜਮਾਨ ਦੀ ਕੋਸ਼ਿਸ਼ ਹੋਰ ਵੀ ਤੇਜ਼ ਕਰ ਦਿੰਦਾ। ਸ਼ਾਮ ਹੌਲ਼ੀ-ਹੌਲ਼ੀ ਡਾਢੀ ਕਾਲ਼ੀ ਰਾਤ ਵਿਚ ਢੱਕਣ ਲੱਗ ਪੈਂਦੀ ਤੇ ਨੂਰੇ ਹਲਵਾਈ ਦੀ ਭੱਠੀ ਤੋਂ ਉੱਠ ਕੇ ਹਰ ਇਕ ਘਰੋਂ ਘਰੀਂ ਜਾਂਦਾ। ਪੱਜ ਪਾਂਦਾ ਤੇ ਆਪਣੇ ਵਲੋਂ ਹਰ ਇਕ ਦੀ ਏਹੋ ਕੋਸ਼ਿਸ਼ ਹੁੰਦੀ ਕਿ ਉਹ ਇਕੱਲਾ ਈ ਉੱਠੇ ਤੇ ਰਾਬਾਂ ਦੀ ਕੋਠੜੀ ਕੋਲੋਂ ਲੰਘੇ। ਇਹਨੂੰ ਪੁੱਛੇ ਪਈ ਕਿਸੇ ਚੀਜ਼ ਦੀ ਲੋੜ ਪਵੇ ਤਾਂ ਦੱਸ ਦੇਵੇ ਤੇ ਰਾਬਾਂ ਦਾ ਧਿਆਨ ਉਹਦੇ ਵੱਲ ਹੋਵੇ।

ਰਾਬਾਂ ਵਿਚਾਰੀ ਤਾਂ ਜਿਵੇਂ ਮੁਸੀਬਤ ਵਿਚ ਪੈ ਗਈ। ਉਹਨੂੰ ਇੰਝ ਲੱਗਣ ਲੱਗ ਪਿਆ ਕਿ ਜਿਵੇਂ ਸੱਚੀ ਮੁੱਚੀ ਨਵਾਬ ਕਿਸੇ ਕੋਲੋਂ ਕਦੀ ਨਾ ਟੁੱਟਣ ਵਾਲੀ ਤੇ ਨਾ ਟੱਪੀ ਜਾਣ ਵਾਲੀ ਕੰਧ ਈ ਸੀ। ਉਹ ਕੰਡਿਆਂ ਭਰੀ ਤਾਰ ਦਾ ਵਾੜਾ ਈ ਸੀ। ਇਹਨੇ ਕਿਸੇ ਨੂੰ ਉਹਦੇ ਨੇੜੇ ਫੜਕਣ ਨਹੀਂ ਸੀ ਦਿੱਤਾ। ਹੁਣ ਉਹ ਕੰਧ ਢਹਿ ਢੇਰੀ ਹੋ ਗਈ ਏ। ਵਾੜ ਟੁੱਟ ਭੱਜ ਗਈ ਏ। ਲੋਕਾਂ ਲਈ ਰਸਤਾ ਸਾਫ ਹੋ ਗਿਆ ਏ। ਉਹ ਰੜੇ ਮੈਦਾਨ ਵਿਚ ਏ ਉਹਦੇ ਪਾਟੇ ਪੁਰਾਣੇ ਲੀੜੇ ਹਵਾ ਵਿਚ ਉੱਡਣ ਲੱਗ ਪਏ ਨੇ। ਉਹ ਚੁੰਨੀ ਫੜਦੀ ਏ ਤੇ ਚੁੰਨੀ ਹੱਥੋਂ ਨਿਕਲ ਕੇ ਸਿਰੋਂ ਲੱਥਣ ਦਾ ਚਾਰਾ ਪਈ ਕਰਦੀ ਏ।

ਹਵਾ ਦੇ ਇਸ ਤੇਜ਼ ਫਾਂਡੇ ਵਿਚ ਉਹਨੂੰ ਆਪਣਾ ਆਪ ਡੋਲ੍ਹਦਾ ਜਾਪਣ ਲੱਗ ਪਿਆ। ਉਹ ਕਾਲੂ ਕਰਿਆਨੇ ਵਾਲੇ ਦੇ ਦਿੱਤੇ ਹੋਏ ਮਿੱਟੀ ਦੇ ਤੇਲ ਤੋਂ ਬਿਜਲੀ ਦੇ ਖਰਾਬ ਲਾਟੂ ਵਿਚ ਬਾਲ ਕੇ ਉਹ ਦੇ ਨਿੰਮੇ-ਨਿੰਮੇ ਚਾਨਣ ਵਿਚ ਖੌਰੇ ਕੀ ਕੁਝ ਸੋਚਦੀ ਰਹਿੰਦੀ।

ਕੋਠੜੀ ਦੇ ਲੱਕੜੀ ਦੇ ਬੂਹੇ ਤੋਂ ਕਿਰਲੀ ਵੀ ਉਤਰਦੀ ਤੇ ਅਚਨਚੇਤ ਘਾਬਰ ਕੇ ਇੰਞ ਉੱਠ ਖਲੋਂਦੀ ਜਿਵੇਂ ਡਰ ਗਈ ਹੋਵੇ। ਬੜੇ ਚਿਰ ਤੀਕਰ ਉਹਦਾ ਸਾਹ ਨਾਲ ਸਾਹ ਨਾ ਰਲਦਾ ਤੇ ਉਹ ਦਲੀਲਾਂ ਵਿਚ ਪੈ ਜਾਂਦੀ।

ਇਹ ਹਯਾਤੀ ਕੀਕਣ ਲੰਘੇਗੀ ਮੌਲਾ .... ਤੂੰ ਜਵਾਨ ਏਂ ਰਾਬਾਂ, ਤੇਰੀ ਇਹ ਜਵਾਨੀ ਸੋਨੇ ਵਾਂਗ ਹਾਲੇ ਵੀ ਡਲ੍ਹਕਾ ਮਾਰਦੀ ਏ।

ਤੇਰੀ ਏਸ ਜਵਾਨੀ ਦੀ ਬੜੀ ਮੰਗ ਏ...... ਤੇਰੇ ਏਸ ਬਦਨ ਦਾ ਬੜਾ ਮੁੱਲ ਏ।

ਤੂੰ ਕਮਾਈ ਖਾਏ ਆਪੀਂ..... ਆਪਣੀ ਜਵਾਨੀ ਦੀ........ ਆਪਣੀ ਇੱਜ਼ਤ ਦੀ?

ਤੂੰ ਸਾਰੀ ਹਯਾਤੀ ਨਾ ਚੰਗਾ ਪਾਇਆ, ਨਾ ਖਾਧਾ ਹੁਣ ਬੁੱਲੇ ਲੁੱਟ ਤੇ ਮੌਜਾਂ ਮਾਣ......... ਤੇਰੇ ਅੱਗੇ ਪਿੱਛੇ ਹੱਥ ਬੰਨ੍ਹਣ ਵਾਲੇ .... ਸਾਰੇ ਲੋਕ। ਤੇਰੀ ਇਕ ਨਜ਼ਰ, ਤੇਰੇ ਇਕ ਅੱਖ ਦੇ ਪਲਕਾਰੇ, ਤੇਰੇ ਇਕ ਮਿੱਠੇ ਬੋਲ ਦੇ ਭੁੱਖੇ ਨੇ। ਇਹਨਾਂ ਦੀ ਮੰਨ ਤੇ ਹਯਾਤੀ ਦਾ ਸਾਰਾ ਸੁੱਖ ਝੋਲੀ ਪਾ ਲੈ। ਚੰਗਾ ਤੇ ਚੋਖਾ ਖਾਣ ਹੰਢਾਉਣ ਨੂੰ ਮਿਲੇਗਾ, ਪੈਸੇ ਧੇਲੇ ਦੀ ਚਿੰਤਾ ਨਹੀਂ ਰਹੇਗੀ। ਆਪਣੇ ਦੋਵਾਂ ਜਿਗਰ ਦੇ ਟੋਟਿਆਂ ਨੂੰ ਸਕੂਲੇ ਪਾ ਦਈਂ। ਕੱਲ ਨੂੰ ਤੇਰੇ ਦੋਵੇਂ ਬੱਚੇ ਆਲਮ ਫਾਜ਼ਿਲ ਈ ਨਹੀਂ, ਖੌਰੇ ਪਿੰਡ ਦੇ ਮੌਲਵੀ ਸਾਹਿਬ ਬਣ ਜਾਣ। ਪਰ ਉਹ ਕਿਸੇ ਫੈਸਲੇ 'ਤੇ ਨਾ ਅੱਪੜਦੀ।

ਰਾਬਾਂ ਨੇ ਖਸਮ ਦੀ ਹਯਾਤੀ ਵਿਚ ਸੁੱਖ ਦਾ ਸੁਪਨਾ ਵੇਖਣਾ ਤਾਂ ਕੀ ਸੁੱਖ ਦਾ ਸਾਹ ਵੀ ਨਹੀਂ ਸੀ ਲਿਆ। ਪਰ ਉਹਦਾ ਮਾਣ-ਤਰਾਣ ਕੀਤਾ ਸੀ। ਹੁਣ ਹਰ ਪਾਸਿਓਂ ਮਿਲਣ ਵਾਲੀ ਦਾਅਵਤ ਵਿਚ ਹਰ ਸ਼ੈਅ ਸੀ। ਪਰ ਘਰ ਦਾ ਮਾਣ ਨਹੀਂ ਸੀ। .... ਰਾਬਾਂ ਖੌਰੇ ਕਿਹੜੀ ਮਿੱਟੀ ਦੇ ਖ਼ਮੀਰ ਦੀ ਬਣੀ ਹੋਈ ਸੀ ਕਿ ਉਹਨੂੰ ਭੁੱਖ ਨੰਗ ਤੇ ਮਨਜ਼ੂਰ ਸੀ ਪਰ ਕਿਸੇ ਦੀ ਏਸਰਾਂ ਦੀ ਦਾਅਵਤ ਤੇ ਸਲਾਹ ਪਸੰਦ ਨਹੀਂ ਸੀ। ਉਹ ਹਰ ਹਾਲ ਵਿਚ ਅਜੇਹਾ ਘਰ ਚਾਹੁੰਦੀ ਸੀ ਜਿੱਥੇ ਮਰਦ ਦਾ ਪਿਆਰ ਰਾਤੀਂ ਘੜੀ ਦੋ ਘੜੀ ਦੇ ਲਾਡ-ਪਿਆਰ ਤੀਕਰ ਈ ਨਹੀਂ ਦਿਨ ਦੀ ਮੁਸ਼ੱਕਤ ਵਿਚ ਵੀ ਇਕੋ ਜਿਹਾ ਹੋਵੇ। .... ਉਹ ਏਸ ਖਿਆਲ ਦੇ ਭਰੋਸੇ ਆਪਣੇ ਬੁੱਢੇ ਤੇ ਨਿਖੱਟੂ ਖਸਮ ਨਵਾਬ ਨੂੰ ਆਪਣੀ ਜਿੰਦ ਜਾਨ ਨਾਲੋਂ ਵੱਧ ਪਿਆਰ ਕਰਦੀ ਸੀ।

ਉਹਨੂੰ ਦੁਨੀਆ ਜਹਾਨ ਦਾ ਹਰ ਮਰਦ ਆਪਣੇ ਖਸਮ ਦੇ ਮੁਕਾਬਲੇ ਵਿਚ ਘਟੀਆ ਲੱਗਦਾ ਸੀ। ਅੱਗੋਂ ਵੀ ਉਹ ਘਰ ਦੀਆਂ ਲੋੜਾਂ ਈ ਨਹੀਂ, ਘਰ ਦਾ ਮਾਣ-ਤਰਾਣ ਵੀ ਲੱਭਦੀ ਸੀ। ਉਹ ਲੋਕਾਂ ਦੀਆਂ ਭੇਜੀਆਂ ਹੋਈਆਂ ਚੀਜ਼ਾਂ ਘਿਰਣਾ ਭਰੀਆਂ ਨਜ਼ਰਾਂ ਨਾਲ ਵੇਖਦੀ ਸੀ। ਉਹਦਾ ਦਿਲ ਕਰਦਾ ਸੀ ਕਿਸੇ ਲੂਲੇ, ਲੰਗੜੇ ਮਰਦ ਨਾਲ ਨਿਕਾਹ ਪੜ੍ਹਾ ਕੇ ਉਹਨੂੰ ਲੱਕੜੀ ਦੇ ਫੱਟੇ ਤੇ ਬਿਠਾ ਕੇ ਉਹਦੀ ਟਹਿਲ ਸੇਵਾ ਪਈ ਕਰੇ। .... ਤੇ ਉਹਨੇ ਗਲੀ ਦੀ ਇਕ ਨੇਕ ਦਿਲ ਬੁੱਢੀ ਨੂੰ ਸਾਰੀ ਕਹਾਣੀ ਸੁਣਾ ਕੇ ਸਲਾਹ ਤੇ ਪਨਾਹ ਮੰਗੀ।

ਮਾਂ ਦੇ ਦੂਜੇ ਨਿਕਾਹ ਦਾ ਦੁੱਖ ਸਭ ਤੋਂ ਪਹਿਲਾਂ ਸੁਲਤਾਨ ਤੇ ਸਰਦਾਰ ਨੂੰ ਝੱਲਣਾ ਪਿਆ। ਜਦੋਂ ਉਹਨਾਂ ਦੇ ਹੱਥੋਂ ਬਗਦੀਦੀ ਕਾਇਦੇ ਖੋਹ ਕੇ ਗੱਲਾਂ ਤੇ ਜ਼ੋਰਦਾਰ ਚਟਾਕੇ ਮਾਰ ਕੇ ਮੌਲਵੀ ਸਾਹਿਬ ਨੇ ਇਹ ਕਹਿ ਕੇ ਆਪਣੇ ਜਾਮਾ-ਅਰਬੀਆਂ (ਸਕੂਲ) ਵਿਚੋਂ ਧੱਕੇ ਮਾਰ-ਮਾਰ ਕੇ ਕੱਢ ਦਿੱਤਾ। "ਨਿਕਲ ਜਾਓ, ਦਫ਼ਾ ਹੋ ਜਾਓ, ਖ਼ਜ਼ੀਰ ਦੀ ਔਲਾਦ। ਤੁਹਾਡੀ ਮਾਂ ਚੰਗੀ ਜ਼ਨਾਨੀ ਨਹੀਂ। ਇੱਜ਼ਤ ਦੇ ਦਿਨ ਪੂਰੇ ਹੁੰਦਿਆਂ ਹੀ ਨਿਕਾਹ ਕਰ ਬੈਠੀ ਏ। .... ਏਸੇ ਤਾੜ ਵਿਚ ਸੀ ਕੰਜਰੀ ...." ਬੱਚੇ ਗਿੱਲਾ ਮੂੰਹ ਮਲਦੇ ਸੱਖਣੇ ਹੱਥੀਂ ਦਿਮਾਗ ਵਿਚ ਗੁੱਸਾ ਤੇ ਦੀਨਾ ਭਰ ਕੇ ਜਾਮਾ-ਅਰਬੀਆ ਦੀਆਂ ਪੌੜੀਆਂ ਉੱਤਰ ਆਏ।

ਨੂਰੇ ਹਲਵਾਈ ਦੀ ਭੱਠੀ ਦੁਆਲੇ ਅੱਜ ਸਾਰਿਆਂ ਦੀਆਂ ਗੱਲਾਂ ਦਾ ਮੁੱਢ ਰਾਬਾਂ ਸੀ।

"ਬੜੀ ਕਮੀਨੀ ਜ਼ਨਾਨੀ ਨਿਕਲੀ ਏ ਜੀ .... ਜੀ ਕੰਜਰੀ ਸੀ ਉਹ। ਇਹ ਗੱਲ ਠੀਕ ਸੀ ਜਨਾਬ ਉਹਨੇ ਨਵਾਬ ਨੂੰ ਆਪੇ ਮਾਰਿਆ ਸੀ। ਉਹਨੂੰ ਦੋ ਦਿਨ ਭੁੱਖਿਆਂ ਭਾਣਿਆਂ ਰੱਖਿਆ ਤੇ ਰਾਤੀਂ ਉਹਦੇ ਮੂੰਹ ਤੇ ਲੇਫ਼ ਸੁੱਟ ਕੇ ਆਪ ਉੱਤੇ ਬਹਿ ਗਈ, ਪਰ ਉਹਨੂੰ ਫੱਜੇ ਕਲਈਗਰ (ਕਲੀ ਕਰਨ ਵਾਲੇ) ਵਿਚ ਕੀ ਲੱਭਿਆ ਏ ਯਾਰੋ......... ਮੂੰਹ ਨਾ ਮੱਥਾ ਤੇ ਜਿੰਨ ਪਹਾੜੋਂ ਲੱਥਾ......... ਨਾ ਖਾਣ ਨੂੰ ਤੇ ਨਾ ਤਨ ਢੱਕਣ ਨੂੰ .... ਨਾ ਘਰ ਤੇ ਨਾ ਕਿੱਲਾ .... ਰਾਬਾਂ ਨੂੰ ਪਸੰਦ ਕੀ ਆਇਆ ਏ ਇਹਦਾ......... ਸੁਣਿਆਂ ਏ ਫੱਜੇ ਨਾਲ ਰਲਕੇ ਆਪੇ ਕਮਾਏਗੀ। ਘਰ ਵਿਚ ਤੰਦੂਰ ਗੱਡ ਕੇ ਲੋਕਾਂ ਦੀਆਂ ਰੋਟੀਆਂ ਪਕਾਇਆ ਕਰਾਂਗੀ। ਯਾਰ ਨਿਕਾਹ ਦਾ ਤੇ ਪੱਜ ਏ ਪੱਜ। ਰੰਡੀ ਸੀ ਤੇ ਨਦੀ ਸੀ। ਕੋਈ ਹੱਥ ਧੋਂਦਾ ਵੀ ਥਰਕਦਾ ਸੀ। ਹੁਣ ਵਗਦੀ ਗੰਗਾ ਏ। ਕੋਈ ਨਹਾਵੇ ਧੋਏ, ਕੌਣ ਵੇਖਣ ਤੇ ਠਾਕਣ ਵਾਲਾ ਏ। ਓਏ ਇਹ ਸਭ ਕੁਝ ਅਸਗਰ ਕੁਵੈਤੀਏ ਦੀ ਕਾਰਸਤਾਨੀ ਏ। ਕੁਵੈਤ ਦੀ ਕਮਾਈ ਤੇ ਮੁੱਕਣ ਵਾਲੀ ਸੂ। ਕਹਿੰਦਾ ਹੋਣਾ ਏ ਫੱਜੇ ਦਾ ਤੇ ਰਾਬਾਂ ਦਾ ਨਿਕਾਹ ਕਰਾ ਕੇ ਏਸ ਉਡਦੀ ਚਿੜੀ ਨੂੰ ਕਾਬੂ ਕਰਾਂਗਾ। ਇਹਨੇ ਹੋਰ ਕਿੱਥੇ ਉਡਾਰੀ ਮਾਰ ਜਾਣਾ ਏਂ।

ਓਏ ਯਾਰ ਫੱਜਾ ਤੇ ਅਸਗਰ ਦਰਜੀ ਦਾ ਦੂਰੋਂ ਪਾਰੋਂ ਭਰਾ ਈ ਲੱਗਦਾ ਏ ਤੇ ਨਾਲੇ ਹੈ ਵੀ ਸਾਰਿਆਂ ਤੋਂ ਗਰੀਬੜਾ। ਅਸਗਰ ਦੀ ਵਹੁਟੀ ਨੇ ਸਿਖਾ ਪੜ੍ਹਾ ਕੇ ਰਾਬਾਂ ਨੂੰ ਫੱਜੇ ਨਾਲ ਡੂਬ ਦਿੱਤਾ ਏ।" ਜਮਾਂਦਾਰ ਗੁਲਾਮ ਗੌਸ, ਜਿਹੜਾ ਹਾਲੀ ਤੋੜੀਂ ਚੁੱਪ ਚਾਪ ਬੈਠਾ ਹੋਇਆ ਸੀ, ਲੋਈ ਨੂੰ ਝਾੜ ਫੰਡ ਕੇ ਬੁੱਕਲ ਮਾਰਦਿਆਂ ਬੇ-ਧਿਆਨ ਤੇ ਘੁੱਟੀ ਘੁੱਟੀ ਆਵਾਜ਼ ਵਿਚ ਦੋਹਾ ਪੜ੍ਹਨ ਲੱਗ ਪਿਆ

ਫਰੀਦਾ ਰਾਤਾਂ ਵੱਡੀਆਂ, ਦੁਖ ਦੁਖ ਉਠਣ ਪਾਸ
ਧਰਿਗ ਉਨ੍ਹਾਂ ਦਾ ਜੀਵਣਾ, ਜਿਨ੍ਹਾਂ ਪਰਾਈ ਆਸ।

ਏਸ ਦੋਹੇ ਵਿਚ ਖੌਰੇ ਕੀ ਸੀ। ਭੱਠੀ ਦੇ ਨੇੜੇ ਗੋਲ ਦਾਇਰਾ ਬਣਾ ਕੇ ਬੈਠੇ ਹੋਏ ਸਾਰਿਆਂ ਦੀਆਂ ਬੁੱਕਲਾਂ ਹਿੱਲੀਆਂ ਤੇ ਹੌਲ਼ੀ ਹੌਲ਼ੀ ਸਾਰੇ ਆਪਣੇ ਘਰਾਂ ਨੂੰ ਟੁਰ ਪਏ।

ਨੂਰੇ ਹਲਵਾਈ ਨੇ ਕੜਾਹੀ ਦਾ ਦੁੱਧ ਠੰਢਾ ਵੀ ਨਾ ਕੀਤਾ ਤੇ ਜਲਦੀ-ਜਲਦੀ ਕੂੰਡਿਆਂ ਵਿਚ ਲੁੱਦ-ਲੁੱਦ ਕੇ ਦਹੀਂ ਦੀ ਜਾਗ ਲਾਈ। ਘਰਾਂ ਵੱਲ ਜਾਂਦਿਆਂ ਸਾਰਿਆਂ ਦੀ ਟੋਰ ਵਿਚ ਰਾਬਾਂ ਦੀ ਦਿੱਤੀ ਹੋਈ ਹਾਰ ਦਾ ਕਾਬਾਂ ਸੀ। ਪਰ ਉਹ ਸਾਰੇ ਇੰਞ ਆਪਣੇ-ਆਪਣੇ ਖਿਆਲਾਂ ਵਿਚ ਡੁੱਬੇ ਐਨੇ ਇਤਮਾਦ ਨਾਲ ਜਲਦੀ ਜਲਦੀ ਪਏ ਕਦਮ ਪੁੱਟਦੇ ਸਨ ਜਿਸ ਤਰ੍ਹਾਂ ਘਰੋਂ-ਘਰੀਂ ਜਾ ਕੇ ਉਹਨਾਂ ਰਾਬਾਂ ਨਾਲ ਹੀ ਨਿੱਬੜਨਾ ਸੀ। •

ਸੋਗੀ ਖ਼ਬਰ

ਅਦਾਰਾ ਚਿਰਾਗ਼ ਪੰਜਾਬੀ ਦੇ ਪ੍ਰਸਿੱਧ ਤੇ ਪ੍ਰਤਿਭਾਵਾਨ ਪੰਜਾਬੀ ਕਵੀ ਅਮੀਤੋਜ਼ ਦੀ ਬੇਵਕਤ ਮੌਤ ਉੱਤੇ ਦੁੱਖ ਪ੍ਰਗਟ ਕਰਦਾ ਹੋਇਆ ਪਰਿਵਾਰ ਤੇ ਪ੍ਰਸ਼ੰਸਕਾਂ ਦੇ ਦਰਦ ਵਿਚ ਸ਼ਾਮਿਲ ਹੁੰਦਾ ਹੈ।

ਸੰਪਾਦਕੀ ਮੰਡਲ

ਸੁਲੱਖਣ ਸਰਹੱਦੀ

(ਸੱਤ ਗ਼ਜ਼ਲਾਂ)

1.

ਕਲਮ ਮਿਲੇ ਤਾਂ ਹਰ ਪਿੰਜਰੇ ਦੇ ਪੰਛੀ ਨਾਮ ਉਡਾਨ ਲਿਖੀਂ
ਬਾਲਾਂ ਦੇ ਮੁਰਝਾਏ ਬੁੱਲੀਂ ਗੀਤ ਲਿਖੀਂ ਮੁਸਕਾਨ ਲਿਖੀਂ।

ਸੱਜਣ ਤੇਰਾ ਹੱਥ ਮੰਗੇ ਤਾਂ ਉਸਦੇ ਨਾਮ ਤੂੰ ਜਾਨ ਲਿਖੀਂ
ਦੁਰਜਨ ਮੰਗੇ ਖ਼ੂਨ ਤਾਂ ਉਸਦੇ ਖ਼ੂਨ ਦੇ ਸੰਗ ਕਿਰਪਾਨ ਲਿਖੀਂ

ਹਰ ਇਕ ਬਸ਼ਰ ਤੇ ਬਸਤੀ ਦੇ ਨਾਂ ਖੇੜੇ ਅਮਨ ਅਮਾਨ ਲਿਖੀਂ
ਦੁਨੀਆਂ ਦੇ ਹਰ ਨ੍ਹੇਰੇ ਦੇ ਨਾਂ ਲੋਆਂ ਦਾ ਫ਼ੁਰਮਾਨ ਲਿਖੀਂ।

ਸੁਪਨਿਆਂ ਅੰਦਰ ਝੀਲ ਘਲਾਵੀਂ ਉਹ ਜੋ ਪਿਆਸੇ ਸੌਂ ਗਏ ਹਨ
ਥਲ ਵਿਚ ਸੜਦੇ ਕਾਫਲਿਆਂ ਨੂੰ ਠੰਡਾ ਨਖਲਿਸਤਾਨ ਲਿਖੀਂ।

ਕਾਟਾ ਮਾਰੀਂ ਉਸ ਮੁਨਸਿਫ ਤੇ ਜੋ ਕਟਦਾ ਇਨਸਾਫ ਦੀ ਜੀਭ
ਚੋਰ ਨਾ ਪਹਿਰੇਦਾਰ ਲਿਖੀਂ, ਨਾ ਖੂਨੀ ਨੂੰ ਦਰਬਾਨ ਲਿਖੀਂ।

ਰੰਗਾਂ ਨਸਲਾਂ ਦੇਸ਼ਾਂ ਨੂੰ ਭੁੱਲ, ਸਭ ਨੂੰ ਇਕ ਇਨਸਾਨ ਪੜ੍ਹੀਂ
ਲਿਖਣ ਨੂੰ ਤੂੰ ਅੰਜੀਲ ਲਿਖੀਂ ਜਾਂ ਗੀਤਾ, ਗ੍ਰੰਥ, ਕੁਰਾਨ ਲਿਖੀਂ।

ਲਸ਼ਕਰ ਲਿਖਣ ਮਹਾਨ ਸਿਕੰਦਰ ਪਰ ਲੋਕਾਂ ਲਈ ਹਿਟਲਰ ਸੀ
ਜੋ ਲੜਦੇ ਨੇ ਹੱਕਾਂ ਖਾਤਿਰ ਓਹੀ ਲੋਕ ਮਹਾਨ ਲਿਖੀਂ।

ਉੱਡਦਾ ਪੰਛੀ, ਜਗਦਾ ਦੀਪਕ, ਆਡ ਦਾ ਪਾਣੀ ਜਾਂ ਖ਼ੁਸ਼ਬੂ
ਮੇਰੇ ਨਾਮ ਜੇ ਲਿਖਣਾ ਹੈ ਤਾਂ ਏਦਾਂ ਦਾ ਸਨਮਾਨ ਲਿਖੀਂ।

2.

ਪਿਆ ਹੈ ਨ੍ਹੇਰ ਖੇਤੀ ਏਸਨੂੰ ਖ਼ੁਦ ਜਗਣਾ ਪੈਣਾ ਹੈ
ਕਦੋਂ ਤੱਕ ਦਾਤਰੀ ਨੇ ਸੰਸਦਾਂ ਦੀ ਲੋਏ ਬਹਿਣਾ ਹੈ।

ਵਧੀ ਜਾਂਦੀ ਹੈ ਸੂਹੇ ਰੰਗ ਵਿਚ ਮਿਕਦਾਰ ਚਿੱਟੇ ਦੀ,
ਗੁਲਾਬੀ ਹੋ ਕੇ ਇਸ ਨੇ ਹੌਲ਼ੀ-ਹੌਲ਼ੀ ਫਿੱਕੇ ਪੈਣਾ ਹੈ।

ਧੁਆਂਖੀ ਸ਼ਾਮ ਦੀ ਟਹਿਣੀ ਤੋਂ ਰੋਂਦੀ ਨਾ ਉਡਾ ਬੁਲਬੁਲ,
ਅਸੀਂ ਇਸ ਵਿਗੜੇ ਮੌਸਮ ਦਾ ਵੀ ਹਸ ਕੇ ਦਰਦ ਸਹਿਣਾ ਹੈ।

ਮੜ੍ਹੀ ਦਾ ਦੀਵਾ ਭਾਵੇਂ ਆਖ ਲੈ ਭਾਵੇਂ ਟਟਹਿਣਾ ਕਹਿ
ਮੇਰੀ ਮਜਬੂਰੀ ਹੈ ਹਰ ਹਾਲ ਮੈਨੂੰ ਜਾਗਣਾ ਪੈਣਾ ਹੈ।

ਸਦਾ ਮਰਦਾਨਗੀ ਦਾ ਨੂਰ ਪੀ ਕੇ ਜੀਂਦੀਆਂ ਨੇ ਇਹ
ਜਦੋਂ ਤੱਕ ਮਰਦ ਹਨ ਬਾਕੀ ਸਲੀਬਾਂ ਨਾਲ ਰਹਿਣਾ ਹੈ।

ਤੁਸੀਂ ਪਾਣੀ ਅਸੀਂ ਪਾਣੀ ਬੜਾ ਪਰ ਫ਼ਰਕ ਦੋਹਾਂ ਵਿਚ
ਸ਼ਰਾਬਾਂ ਵਿਚ ਤੁਸਾਂ ਰਲਣਾ ਅਸਾਂ ਆੜਾਂ 'ਚ ਵਹਿਣਾ ਹੈ।

ਉਹ ਜਿਸ ਨੇ ਕੰਨਾਂ ਅੱਖਾਂ ਬੁਲ੍ਹਾਂ ਉੱਤੇ ਸਹਿ ਲਏ ਤਾਲੇ
ਬੜਾ ਮਰਦੂਦ ਹੈ ਬੰਦਾ ਉਹਦਾ ਦਰਸ਼ਨ ਕੁਲਹਿਣਾ ਹੈ।

ਗੁਟਾਰਾਂ ਚਿੜੀਆਂ ਕਾਵਾਂ ਨੇ ਕਿਵੇਂ ਪਿੰਡ ਚੁਕ ਲਿਆ ਸਿਰ 'ਤੇ
ਲਗਾ ਕੇ ਘਾਤ ਸ਼ਿਕਰੇ ਨੇ ਕਦੋਂ ਤਕ ਨਿੰਮ ਤੇ ਰਹਿਣਾ ਹੈ।

3.

ਐ ਸਾਕੀ ਜੋ ਪਿਆਸੇ ਤੁਰ ਗਏ ਅੱਖੀਂ ਡੁਲ੍ਹਦੇ ਸਾਗਰ ਲੈ ਕੇ
ਵੇਖ ਲਵੀਂ ਉਹ ਕੱਲ੍ਹ ਪਰਤਣਗੇ ਕਾਸਿਆਂ ਦੀ ਥਾਂ ਖੰਜਰ ਲੈ ਕੇ।

ਨਾਗੀ ਨੂੰ ਸਨਮਾਨ ਰਹੇ ਸਨ, ਕੱਲ੍ਹ ਜੋ ਕੱਚ ਦੇ ਵਸਤਰ ਲੈ ਕੇ
ਉਹੀ ਉਸ ਨੂੰ ਘੂਰ ਰਹੇ ਹਨ, ਅਜ ਨਜ਼ਰਾਂ ਵਿਚ ਪੱਥਰ ਲੈ ਕੇ।

ਬੇਘਰਿਆਂ ਨੇ ਘਰ ਮੰਗੇ ਸਨ ਏਸ ਵਿਵਸਥਾ ਦਾ ਢੰਗ ਵੇਖੋ
ਬਸਤੀਆਂ ਅੰਦਰ ਆ ਪਹੁੰਚੀ ਹੈ, ਮੋਰਚੇ, ਖਾਈਆਂ, ਬੰਕਰ ਲੈ ਕੇ।

ਹੱਥੀਂ ਫੜ ਕੇ ਸੁਰਖ਼ ਮਿਸ਼ਾਲਾਂ, ਨ੍ਹੇਰੇ ਦੀ ਕਰਦੇ ਹਨ ਚੋਗੀ
ਅੰਨ੍ਹੀ ਅੱਖ 'ਤੇ ਲਿਖਣ ਇਬਾਰਤ ਐਵੇਂ ਬਲਦੇ ਅੱਖਰ ਲੈ ਕੇ।

ਫੰਧਿਆਂ ਦੀ ਛਾਵੇਂ ਹਨ ਚੋਗੇ ਹੱਥਾਂ ਦੀ ਵੀ ਛਾਂ ਬਲਦੀ ਹੈ
ਕੈਂਚੀਆਂ ਪਿੰਜਰੇ ਹਨ ਖੰਭਾਂ ਲਈ ਸਾਜ਼ਿਸ਼ ਆਈ ਅੰਬਰ ਲੈ ਕੇ।

ਆਪਾਂ ਕਾਫ਼ਿਰ ਹੀ ਚੰਗੇ ਹਾਂ, ਦੱਸੋ ਆਪਾਂ ਕੀ ਕਰਨੀ ਹੈ
ਸਿਸਕਦੀ ਬਾਬਰੀ ਮਸਜਿਦ ਲੈ ਕੇ, ਧੁਖਦਾ ਰਾਮ ਦਾ ਮੰਦਰ ਲੈ ਕੇ।

ਇਹ ਕਿੱਦਾਂ ਦਾ ਮੌਸਮ ਆਇਆ ਅੱਖਾਂ ਚੂੰਢਣ ਨੂੰ ਫਿਰਦਾ ਹੈ
ਰੁਖ ਉਡੀਕ ਰਹੇ ਸਨ ਰੁੱਤ ਨੂੰ ਆਊ ਸਾਵੇ ਪੱਤਰ ਲੈ ਕੇ।

ਜੰਗਲ ਦੇ ਫ਼ਨਕਾਰ ਬਣੇ ਹਨ ਆਰਿਆਂ ਤੇਜ਼ ਕੁਹਾੜਿਆਂ ਵਾਲੇ
ਸ਼ਾਖਾਂ ਦਾ ਜੋ ਚਿਤਰਨ ਕਰਦੇ ਬੁਰਛਾਂ ਦੀ ਥਾਂ ਦਾਤਰ ਲੈ ਕੇ।

ਬੁਲ੍ਹਿਆ ਮੇਰਾ ਚਿਤ ਕਰਦਾ ਹੈ ਮੈਂ ਵੀ ਨੱਚਾਂ ਥਈਆ ਥਈਆ
ਵੀਜ਼ਾ ਮਿਲਿਆ ਤਾਂ ਆਵਾਂਗਾ ਤੇਰੇ ਮਜ਼ਾਰ ਤੋਂ ਝਾਂਜਰ ਲੈ ਕੇ।

4.

ਨਾਅਰਿਆਂ ਤੇ ਜੈਕਾਰਿਆਂ ਵਾਲੀ ਭੀੜ ਤੋਂ ਖ਼ਤਰਾ ਕੀ ਰਾਜਾ
ਖ਼ਤਰਾ ਤਾਂ ਹੈ ਉਹ ਬੰਦਾ ਜੋ ਗੁੰਮ ਸੁੰਮ ਬੈਠਾ ਸੀ ਰਾਜਾ।

ਕਿੰਨਾ ਕਮਲਾ ਹੈ ਕਿ ਆਪਣੀ ਜਿਣਸ ਤਾਂ ਮੁਫ਼ਤ ਲੁਟਾ ਦੇਵੇ
ਪੁੱਤਾਂ ਨੂੰ ਪਰ ਛਾਬੇ ਪਾ ਕੇ ਮੰਗਦਾ ਹੈ ਜਟ ਬੀ ਰਾਜਾ।

ਠੀਕ ਹੀ ਕੀਤਾ ਢਾਹ ਮਦਰੱਸੇ ਜੇਲ੍ਹਾਂ ਵਿਚ ਬਦਲ ਦਿੱਤੇ
ਅੰਨ੍ਹੀ ਰਈਅਤ ਗਿਆਨ ਵਿਹੂਣੀ ਕਰਦੀ ਹੈ ਹੀ ਹੀ ਰਾਜਾ।

ਹਰ ਇਕ ਮੋੜ ਤੇ ਗੱਡ ਸਲੀਬਾਂ ਮਹਿਲ ਦੁਆਲੇ ਘੱਤ ਵਾਹਘੇ
ਵੰਡ ਲੋਕਾਂ ਵਿਚ ਸੰਨ ਸੰਤਾਲੀ ਤੈਨੂੰ ਖ਼ਤਰਾ ਕੀ ਰਾਜਾ।

ਹਰ ਫਿਰਕੇ ਦੇ ਖੇਤ ਨੂੰ ਸਿੰਜ ਕੇ ਖੰਜਰ ਤੇ ਤਿਰਸ਼ੂਲਾਂ ਬੀਜ
ਸੁਥਰੇ ਵਾਂਗੂੰ ਘੋਲ ਪਤਾਸੇ ਛਾਵੇਂ ਬਹਿ ਕੇ ਪੀ ਰਾਜਾ।

ਸੋਨੇ ਦੇ ਪਿੰਜਰੇ ਬਣਵਾ ਕੇ ਕਲਮਾਂ ਵਾਲੇ ਬਾਜ ਫੜੀ
ਤੇਰੇ ਮਹਿਲ ਦੀਆਂ ਚਿੜੀਆਂ ਨੂੰ ਖ਼ੌਫ਼ ਇਹਨਾਂ ਤੋਂ ਹੀ ਰਾਜਾ।

ਸਾਰੇ ਬੇੜੇ ਡੁੱਬ ਚੁੱਕੇ ਹਨ ਹੋ ਚੁੱਕੇ ਨੇ ਕੈਦ ਮਲਾਹ,
ਇਹ ਵੀ ਤਾਂ ਬਦਸ਼ਗਨੀ ਹੈ ਕਿ ਗਾਵੇ ਗੀਤ ਨਦੀ ਰਾਜਾ।

ਬਲਦਾ ਜੇ ਬਾਂਸਾਂ ਦਾ ਜੰਗਲ ਬਲਣ ਵੀ ਦੇ ਪਰਵਾਹ ਨਾ ਕਰ
ਆਪਾਂ ਸਾਂਭ ਕੇ ਰੱਖੀ ਹੋਈ ਬੰਸਰੀ ਨੀਰੋ ਕੀ ਰਾਜਾ।

ਬਲਦੇ ਹਰਫ਼ ਹਵਾ ਦੀ ਹਿੱਕ ਤੇ ਨ੍ਹੇਰ ਨੂੰ ਕੰਬਣੀ ਛੇੜ ਰਹੇ
ਇਕ ਸ਼ਾਇਰ ਕੁਕਨੁਸ ਨਿਰਾ ਹੈ ਉਸਦਾ ਕਰੀਏ ਕੀ ਰਾਜਾ?

5.

ਨ੍ਹੇਰ ਕਿਧਰੇ ਵੀ ਪਵੇ ਖ਼ੁਦ ਨੂੰ ਜਲਾਵੇ ਕਾਮਰੇਡ
ਕਾਲੀਆਂ ਰਾਤਾਂ ਨੂੰ ਆਖਰ ਕਿੰਜ ਭਾਵੇ ਕਾਮਰੇਡ।

ਜਿੱਥੋਂ ਲੰਘੇ ਲੋਅ ਦਾ ਛੱਟਾ ਦੇਂਦਾ ਜਾਵੇ ਕਾਮਰੇਡ
ਲਾਟ ਬਣ ਕੇ ਮੱਥਿਆਂ ਨੂੰ ਜਗਮਗਾਵੇ ਕਾਮਰੇਡ।

ਮੋਢੇ ਤੇ ਰੱਖਦਾ ਹੈ ਸੂਲੀ ਹੱਥ ਵਿਚ ਕਿਰਪਾਨ ਹੈ
ਮੌਤ ਦੇ ਕੁਕਨੁਸ ਚੋਂ ਜੀਵਨ ਜਗਾਵੇ ਕਾਮਰੇਡ।

ਪਾਣੀਆਂ ਵਿਚਲੀ ਤਰਿਪਤੀ 'ਵਾਵਾਂ ਵਿਚਲੀ ਤਾਜ਼ਗੀ
ਬੰਸਰੀ ਦੀ ਰੀਝ ਬਾਂਸਾਂ 'ਚੋਂ ਜਗਾਵੇ ਕਾਮਰੇਡ।

ਬੰਦ ਬੰਦ ਹੋ ਕੇ ਵੀ ਇਹ ਲੋਕਾਂ ਦੇ ਵਿਚ ਸਾਬਤ ਰਹੇ
ਦੀਪਕਾਂ ਨੂੰ ਝੱਖੜੀ ਜਗਣਾ ਸਿਖਾਵੇ ਕਾਮਰੇਡ।

ਸਭ ਨੂੰ ਆਖੇ ਪੀਵੋ ਅੰਮ੍ਰਿਤ ਏਕੇ ਤੇ ਸੰਘਰਸ਼ ਦਾ
ਗੱਲ ਪਿਤਾ ਦਸਮੇਸ਼ ਦੀ ਅੱਗੇ ਵਧਾਵੇ ਕਾਮਰੇਡ।

ਦੋਸਤੀ ਦੇ ਪੁਲ ਉਸਾਰੇ ਦਿਲ ਦਿਆਂ ਦਰਿਆਵਾਂ 'ਤੇ
ਬੁਝੀਆਂ ਅੱਖਾਂ ਵਿਚ ਨਵੇਂ ਸੁਪਨੇ ਜਗਾਵੇ ਕਾਮਰੇਡ।

ਤਰਕ ਨੂੰ ਨਸ਼ਤਰ ਦੇ ਵਾਂਗੂੰ ਤਿੱਖਾਂ ਕਰਕੇ ਰੱਖ ਦੈ
ਸੱਚ ਦਾ ਸ਼ਸਤਰ ਸਦਾ ਪਹਿਨੇ ਉਠਾਵੇ ਕਾਮਰੇਡ।

ਦੁਨੀਆ ਦੇ ਹਰ ਦੀਪ ਅੰਦਰ ਇਸਦੀ ਹੈ ਮਿੱਟੀ ਜ਼ਰੂਰ
ਜੁਗਨੂਆਂ ਨੂੰ ਜੋੜ ਕੇ ਸੂਰਜ ਬਣਾਵੇ ਕਾਮਰੇਡ।

6.

ਕਿਸ ਫੌਜਣ ਨੇ ਡੁੱਲ੍ਹਦੀ ਅੱਖ ਦਾ ਪਾਣੀ ਪਾਇਆ ਗਮਲੇ ਵਿਚ
ਖ਼ੂਨ 'ਚ ਲਥਪਥ ਸੀਮਾ ਵਰਗਾ ਫੁੱਲ ਖਿੜ ਆਇਆ ਗਮਲੇ ਵਿਚ।

ਉਸਦੇ ਹਾਸ਼ੀਏ ਅੰਦਰ ਹਾਂ ਮੈਂ ਜਾਂ ਬਾਹਰ ਹਾਂ ਇਹ ਨਾ ਵੇਖ
ਉਸਦਾ ਜੇਰਾ ਵੇਖ ਕਿ ਜਿਸ ਨੇ ਬੋਹੜ ਉਗਾਇਆ ਗਮਲੇ ਵਿਚ।

ਇੰਝ ਲੱਗਦੈ ਜਿਉਂ ਸਾਰਾ ਜੰਗਲ ਇਕ ਗਮਲੇ ਵਿਚ ਸਿਮਟ ਗਿਆ
ਤੇਰੇ ਸ਼ਹਿਰ ਦੀ ਨਰਸਰੀ ਦਾ ਕੀ ਪੌਦਾ ਲਾਇਆ ਗਮਲੇ ਵਿਚ।

ਹੁਣ ਤੱਕ ਮੈਨੂੰ ਮੇਰੇ ਘਰ ਦੇ ਬਲਦੇ 'ਥਲ ਸੀ ਖਾ ਜਾਣਾ
ਆਸ ਦਾ ਨਖਲਿਸਤਾਨ ਨਾ ਜੇਕਰ ਹੁੰਦਾ ਲਾਇਆ ਗਮਲੇ ਵਿਚ।

ਗਾਫਿਲ ਮਿਰਜਾ ਤੇ ਨਾ ਤਰਕਸ਼ ਵੀਰ ਸ਼ਮੀਰ ਨਾ ਬੱਕੀ ਹੁਣ
ਹੁਣ ਸਹਿਬਾਂ ਨੇ ਜੰਡ ਦਾ ਬੂਟਾ ਪੇਂਦ ਕਰਾਇਆ ਗਮਲੇ ਵਿਚ।

ਮੈਨੂੰ ਸੀ ਕੀ ਇਲਮ ਕਿ ਮੈਨੂੰ ਅੰਬਰ ਘੂਰਨ ਲੱਗਣਗੇ
ਮੈਂ ਤਾਂ ਸਹਿਵਨ ਹੋਂਦ ਆਪਣੀ ਦਾ ਫੁਲ ਸੀ ਲਾਇਆ ਗਮਲੇ ਵਿਚ।

ਰਾਵਣ ਦੇ ਬਿਨ ਰਾਮ ਅਧੂਰਾ ਦੁਰਯੋਧਨ ਬਿਨ ਕ੍ਰਿਸ਼ਨ ਹੈ ਕੀ
ਤਾਂਹੀ ਦ੍ਰੋਣ ਏਕਲਵ ਦਾ ਜੋਟਾ ਫੁੱਲ ਖਿੜਾਇਆ ਗਮਲੇ ਵਿਚ।

ਐ ਸਰਹੱਦੀ ਮੈਂ ਤਾਂ ਪੋਰਸੀ ਹਿੰਦ ਦਾ ਬੂਟਾ ਲਾਇਆ ਸੀ
ਇਹ ਕਿੱਦਾਂ ਅਡਵਾਨੀ ਰੰਗਾ ਫੁੱਲ ਖਿੜ ਆਇਆ ਗਮਲੇ ਵਿਚ।

7.

ਕੁਝ ਸ਼ਿਅਰ ਚੂਸ ਗਏ ਨੇ ਕੁਝ ਅਸ਼ਕੀਂ ਵਹਿ ਗਿਆ ਹੈ
ਤੇਰਾ ਜੋ ਦਰਦ ਮੁੱਕਾ ਮੈਥੋਂ ਕੀ ਰਹਿ ਗਿਆ ਹੈ।

ਢਲਿਆ ਜੋ ਸਿਰ 'ਤੋਂ ਸੂਰਜ ਬਦਲੀ ਨੇ ਛਾਂ ਵੀ ਕੀਤੀ
ਕਿਸ਼ਤੀ ਜੇ ਡੁੱਬ ਗਈ ਹੈ ਦਰਿਆ ਵੀ ਲਹਿ ਗਿਆ ਹੈ।

ਘੁੱਗੀ ਦੀ ਅੱਖ ਅੰਦਰ ਸ਼ਿਕਰੇ ਦਾ ਅਕਸ ਜਿੱਦਾਂ
ਸਮਿਆਂ ਦਾ ਸਹਿਮ ਏਦਾਂ ਇਸ ਦਿਲ 'ਤੇ ਬਹਿ ਗਿਆ ਹੈ।

ਹੁੰਦਾ ਜੇ ਹੋਰ ਕੋਈ ਟੁੱਟ ਚੁੱਕਾ ਹੁੰਦਾ ਹੁਣ ਨੂੰ
ਇਹ ਦਿਲ ਸੀ ਸੁਖਨਵਰ ਦਾ ਜੋ ਸਦਮੇ ਸਹਿ ਗਿਆ ਹੈ।

ਜਜ਼ਬਾ ਇਕੱਲਤਾ ਦਾ ਕਿੰਨਾ ਬੇਕਿਰਕ ਹੋਇਆ
ਭੀੜਾਂ 'ਚ ਰਹਿੰਦਿਆਂ ਵੀ ਇਹ ਦਿਲ 'ਚ ਲਹਿ ਗਿਆ ਹੈ।

ਹਠ ਧਰਮੀ ਬਰਫਾਂ ਦੀ ਵੀ ਚਲਣੀ ਸੀ ਕਦ ਕੁ ਤੀਕਰ
ਆਖਰ ਤਾਂ ਪਾਣੀ ਹੀ ਸੀ, ਪਾਣੀ ਸੀ ਵਹਿ ਗਿਆ ਹੈ।

ਕਿੰਨੀ ਹੁਸੀਨ ਵਾਦੀ ਸੀ ਜਿਸ 'ਚੋਂ ਗੁਜ਼ਰਿਆ ਹਾਂ
ਉਸ ਦਿਲ ਦਾ ਕੀ ਪਤਾ ਹੈ ਕਦ ਕਿੱਥੇ ਰਹਿ ਗਿਆ ਹੈ।

ਮੇਰੀ ਗ਼ਜ਼ਲ ਵੀ ਕੀ ਹੈ ਕੰਡਿਆਂ ਸਮੇਤ ਫੁੱਲ ਜਿਉਂ
ਉਸ ਨੇ ਸੀ ਜੂੜੇ ਟੰਗਿਆ ਦਿਲ ਮੇਰੇ ਲਹਿ ਗਿਆ ਹੈ।

ਯਾਦਾਂ ਦਾ ਤਿੱਖਾ ਖੰਜਰ ਇੰਜ ਦਿਲ 'ਚ ਆਣ ਲਥਦੈ
ਚੁਪ ਚਾਪ ਆਲ੍ਹਣੇ ਵਿਚ ਜਿਉਂ ਪੰਛੀ ਬਹਿ ਗਿਆ ਹੈ।

ਗ਼ਜ਼ਲਾਂ

ਹਰਮਿੰਦਰ ਸਿੰਘ ਕੋਹਾਰਵਾਲਾ

1.

ਪੀੜ ਔੜਾਂ ਦੀ ਤਾਂ ਹੁੱਜਾਂ ਮਾਰਦੀ।
ਤੁਰਨ ਦੇਵੇ ਘੂਰ ਨਾ ਸਰਕਾਰ ਦੀ।

ਕੰਨ ਲਾ ਕੇ ਸੁਣ ਮਨਾਂ ਤੂੰ ਬੋਲ ਹੁਣ,
ਆਖਦੀ ਹੈ ਰੀਝ ਕੀ ਘਰ ਬਾਰ ਦੀ।

ਛਾਂ ਅਜਿਹੀ ਨੂੰ ਮੈਂ ਦੱਸੋ ਕੀ ਕਰਾਂ,
ਪੇਟ ਦੀ ਜੋ ਅੱਗ ਨੂੰ ਨਾ ਠਾਰਦੀ।

ਟਾਲ ਦਿੰਦੇ ਮੌਤ ਨੂੰ ਤਾਂ ਘੂਰ ਕੇ,
ਡੰਗ ਸਾਡਾ ਜ਼ਿੰਦਗੀ ਜੇ ਸਾਰਦੀ।

ਸ਼ੋਭਦਾ ਨਾ ਰੇਤ ਉੱਤੇ ਲੇਟਣਾ,
ਕਿਸ਼ਤੀਆਂ ਨੂੰ ਝੀਲ 'ਵਾਜ਼ਾਂ ਮਾਰਦੀ।

ਟਿਕਣ ਦੇਵਣ ਨਾਲ ਸ਼ਰੀਕੇਬਾਜ਼ੀਆਂ,
ਲੱਖ ਸਾਨੂੰ ਫੁੱਟ ਤਾਂ ਫਿਟਕਾਰਦੀ।

ਨਫ਼ਰਤਾਂ ਦੇ ਨਫ਼ਰ ਤਾਂ ਹਨ ਘੂਰਦੇ,
ਹੇਕ ਧੂਵੇ ਪਰ ਦਿਲਾਂ ਨੂੰ ਪਾਰ ਦੀ।

ਰੌਣਕਾਂ ਤਾਂ ਲੱਗੀਆਂ ਇਸ ਪਾਰ ਵੀ,
ਯਾਦ ਆਵੇ ਫਿਰ ਵੀ ਨੀਲੀ ਬਾਰ ਦੀ।

2.

ਜ਼ਿੰਦਗੀ ਤਾਂ ਕਰ ਗਈ ਹੈ ਮਸ਼ਕਰੀ।
ਬੰਦਗੀ ਤੋਂ ਭਾਲਦੇ ਹਾਂ ਬਿਹਤਰੀ।

ਬਹੁਤ ਉੱਤਮ ਵਣਜ ਹੈ ਇਹ ਰਹਿਬਰੋ,
ਚਮਕਦੇ ਨੇ ਭਾਗ ਚਮਕੇ ਤਸਕਰੀ

ਕੌਣ ਰੋਕੇ ਹੁਣ ਬੁਰਾਈਆਂ ਦੋਸਤੋ,
ਰਾਜਧਾਨੀ ਬਣ ਗਈ ਜਦ ਨਰਸਰੀ।

ਪਾਣੀਆਂ ਨੂੰ ਅੱਗ ਲਾਵੇ ਪੌਣ ਜਦ,
ਏਸ ਰੁੱਤੇ ਕੌਣ ਦੇਵੇ ਦਿਲਬਰੀ।

ਹਰ ਕਿਸੇ ਫਿਕਰ ਅਗਲੇ ਜਨਮ ਦਾ,
ਜੂਨ ਹੁਣ ਦੀ ਸਮਝਦੇ ਹਨ ਸਰਸਰੀ।

ਮੁਲਕ ਦਾ ਹੀ ਫਿਕਰ ਸਾਨੂੰ ਖਾ ਗਿਆ,
ਖਾ ਗਈ ਹੈ ਮੁਲਕ ਨੂੰ ਇਹ ਅਫ਼ਸਰੀ।

ਮਰਨ ਪਿੱਛੋਂ ਮਰ ਕੇ ਵੇਖੀ ਜਾਇਗੀ,
ਕੌਣ ਕੱਟੇ ਇਹ ਚੁਰਾਸੀ ਦਫ਼ਤਰੀ।

ਗ਼ੈਰ ਦੇ ਦਰ ਕੀ ਖੰਘੂਰਾ ਮਾਰਦੇ,
ਸੰਘ ਦੇ ਵਿਚ ਸ਼ਹਿ ਗਈ ਜਦ ਕੁਰਕੁਰੀ।

ਗ਼ਜ਼ਲ ਨਾਲ ਇਸ਼ਕ ਦੀ ਕਮਾਈ

ਸੰਪੂਰਨ ਪਿੰਗਲ ਅਤੇ ਅਰੂਜ਼

ਡਾ. ਕੁਲਦੀਪ ਸਿੰਘ ਧੀਰ

ਸੰਪੂਰਨ ਪਿੰਗਲ ਅਤੇ ਅਰੂਜ਼ ਦੇ ਲੇਖਕ ਸੁਲੱਖਣ ਸਰਹੱਦੀ ਦੀ ਜਾਣ-ਪਛਾਣ ਕਰਵਾਉਣੀ ਹੋਵੇ ਤਾਂ ਮੈਂ ਇਹੀ ਕਹਾਂਗਾ :-

ਹੋਤੇ ਥੇ ਇਸ਼ਕ ਨਾਮ ਕੇ ਐ ਦੋਸਤ ਇਕ ਬਜ਼ੁਰਗ
ਯੇ ਸਾਹਬ ਭੀ ਫ਼ਕੀਰ ਉਸੀ ਸਿਲਸਿਲੇ ਕੇ ਹੈਂ।

ਸਾਰੀ ਉਮਰ ਉਸ ਨੇ ਗ਼ਜ਼ਲ ਨਾਲ ਇਸ਼ਕ ਕੀਤਾ ਹੈ। ਗ਼ਜ਼ਲ ਜੋ ਮੂਲ ਰੂਪ ਵਿਚ ਪਿਆਰੇ, ਜ਼ਹੀਨ ਤੇ ਖ਼ੂਬਸੂਰਤ ਮਹਿਬੂਬ ਨਾਲ ਦਿਲ ਦੀਆਂ ਗੱਲਾਂ ਕਰਨ ਵਾਲਾ ਕਾਵਿ-ਰੂਪਾਕਾਰ ਹੈ। ਗੱਲ ਸੁਣਨ ਵਾਲਾ ਜਾਨ ਤੋਂ ਪਿਆਰਾ, ਗੱਲ ਕਰਨ ਵਾਲਾ ਸੁਹਜ ਤੇ ਸਲੀਕੇ ਵਾਲਾ। ਕਹਿਣ ਤੇ ਸੁਣਨ ਦੀ ਸ਼ਾਇਸਤਗੀ। ਖ਼ੂਬਸੂਰਤ ਸ਼ਬਦਾਂ ਦੀ ਖ਼ੂਬਸੂਰਤ ਤਰਤੀਬ। ਕੋਈ ਹੋਛੀ, ਅਸ਼ਲੀਲ ਜਾਂ ਭੱਦੀ ਇਬਾਦਤ, ਇਸ਼ਾਰਤ ਇਸ ਨੂੰ ਪ੍ਰਵਾਨ ਨਹੀਂ। ਇਸ ਦੀ ਸ਼ਾਨ ਹੈ ਆਪਣੀ ਗੱਲ ਤਾਕਤ, ਨਜ਼ਾਕਤ ਤੇ ਖ਼ੂਬਸੂਰਤੀ ਨਾਲ ਇਸ ਅੰਦਾਜ਼ ਵਿਚ ਕਰਨੀ ਕਿ ਇਹ ਸਿੱਧਾ ਦਿਲ ਉੱਤੇ ਅਸਰ ਕਰੇ ਤੇ ਇਹ ਅਸਰ ਦੇਰ ਤਕ ਰਹੇ। ਇਸ ਅਸਰ ਦਾ ਆਧਾਰ ਸ਼ਬਦ, ਵਿਸ਼ਾ, ਲੈਅ, ਅੰਦਾਜ਼, ਰਮਜ਼, ਸਾਦਗੀ, ਸੰਗੀਤ, ਰਵਾਨੀ - ਸਾਰਾ ਕੁਝ ਹੀ ਹਨ ਅਤੇ ਇਸ ਸਾਰੇ ਕੁਝ ਪਿੱਛੇ ਬਹਿਰ ਤੇ ਅਰੂਜ਼ ਦੀ ਤਾਕਤ ਹੈ। ਇਸੇ ਕਾਰਨ ਹੀ ਵਧੀਆ ਗ਼ਜ਼ਲ ਦਾ ਇਕ ਸ਼ਿਅਰ ਸੁਣਨ ਉਪਰੰਤ, ਜ਼ਹੀਨ ਸਰੋਤਾ ਦੂਜੇ ਸ਼ਿਅਰ ਦਾ ਇਕ ਮਿਸ਼ਰਾ ਸੁਣ ਕੇ ਦੂਜਾ ਆਪ ਮੁਹਾਰੇ ਬੋਲ ਉਠਦਾ ਹੈ। ਗ਼ਜ਼ਲ ਦੇ ਇਸੇ ਅੰਦਾਜ਼ ਨਾਲ ਸੁਲੱਖਣ ਸਰਹੱਦੀ ਨੂੰ ਆਜੀਵਨ ਇਸ਼ਕ ਰਿਹਾ ਹੈ ਤੇ ਉਸ ਦੇ ਇਸੇ ਇਸ਼ਕ ਦੀ ਕਮਾਈ ਹੈ, ਉਸ ਦੁਆਰਾ ਰਚਿਆ ਗ੍ਰੰਥ 'ਸੰਪੂਰਨ ਪਿੰਗਲ ਅਤੇ ਅਰੂਜ਼'।

ਗ਼ਜ਼ਲ ਅੰਦਾਜ਼ੇ-ਬਿਆਂ ਦੇ ਅਨੂਠੇ ਗੁਣਾਂ ਕਾਰਨ ਨੀਰਸ ਤੇ ਰੁਖੇ ਜੀਵਨ ਵਿਚ ਤਾਜ਼ਗੀ ਤੇ ਰਸ ਭਰਦੀ ਹੈ। ਉਹ ਲੋਕ ਜੋ ਅਜੋਕੀ ਨਜ਼ਮ ਦੀ ਬੋਝਲ ਸ਼ਬਦਾਵਲੀ, ਬੌਧਿਕ ਕਲਾਬਾਜ਼ੀ, ਨਿੱਜੀ-ਬਿੰਬ ਤੇ ਪ੍ਰਤੀਕ ਵਿਧਾਨ ਕਾਰਨ ਪੈਦਾ ਹੋਈ ਅਸਪੱਸ਼ਟਤਾ ਤੋਂ ਪ੍ਰੇਸ਼ਾਨ ਹਨ, ਉਹ ਵੀ ਗ਼ਜ਼ਲ ਨੂੰ ਸਹਿਜੇ ਪੜ੍ਹਦੇ ਮਾਣਦੇ ਹਨ। ਇਸੇ ਕਾਰਨ ਗ਼ਜ਼ਲ ਨੂੰ ਕਦੇ ਵੀ ਪਾਠਕਾਂ, ਸਰੋਤਿਆਂ ਦੀ ਕਮੀ ਨਹੀਂ ਹੋਈ। ਅਕਾਦਮਿਕ ਜਾਂ ਬੌਧਿਕ ਹਲਕਿਆਂ ਵਿਚ ਇਸ ਦੀ ਸਵੀਕ੍ਰਿਤੀ ਭਾਵੇਂ ਘਟਦੀ ਵਧਦੀ ਰਹਿੰਦੀ ਹੈ। ਪਰੰਤੂ ਗ਼ਜ਼ਲ ਨੇ ਆਮ ਪਾਠਕ ਦੇ ਦਿਲ ਦਿਮਾਗ਼ ਨੂੰ ਹਮੇਸ਼ਾ ਛੂਹਿਆ ਹੈ। ਇਸੇ ਕਾਰਨ ਗ਼ਜ਼ਲ ਦੇ ਪਾਠਕਾਂ ਦੇ ਨਾਲ-ਨਾਲ ਇਸ ਦੇ ਲੇਖਕਾਂ ਦੀ ਗਿਣਤੀ ਵੀ ਚੋਖੀ ਰਹੀ ਹੈ। ਪਰ ਗ਼ਜ਼ਲ ਇਕ ਜ਼ਾਲਿਮਾਨਾ ਸਿਨਫ਼-ਏ-ਸ਼ਾਇਰੀ ਹੈ। ਇਹ ਬਲਾ ਦੀ ਮਿਹਨਤ ਮੰਗਦੀ ਹੈ, ਗ਼ਜ਼ਲ ਦੀ ਸਿਰਜਨਾ ਭਾਵੇਂ ਸਹਿਜ ਹੀ ਹੋਵੇ, ਪਰ ਉਸ ਦੀ ਰਵਾਨੀ ਤੇ ਤਾਕਤ ਪਿੱਛੇ ਇਕ ਕਰੜਾ ਨੇਮ ਵਿਧਾਨ ਹੈ। ਭਾਵੇਂ ਜਨਮ ਜਾਤ ਪ੍ਰਤਿਭਾ ਆਸਰੇ ਕਈ ਵਾਰ ਸਹਿਜੇ ਹੀ ਵਧੀਆ

ਸ਼ਿਆਰ ਕਹੇ ਜਾਣ ਦੀ ਸੰਭਾਵਨਾ ਹੈ। ਪਰੰਤੂ ਅਰੂਜ਼ ਦੀਆਂ ਬਾਰੀਕੀਆਂ ਦੀ ਸਮਝ ਤੇ ਪਾਲਣ ਨਾਲ ਗ਼ਜ਼ਲਗੋਅ ਪ੍ਰਾਪਤ ਪ੍ਰਤਿਭਾ ਦਾ ਭਰਪੂਰ ਤੇ ਚਮਤਕਾਰੀ ਲਾਭ ਪ੍ਰਾਪਤ ਕਰ ਸਕਦੇ ਹਨ।

ਤਕਨੀਕੀ ਸ਼ੁੱਧਤਾ ਤੇ ਕਮਾਲ ਗ਼ਜ਼ਲ ਨੂੰ ਤਾਕਤ ਤੇ ਨਜ਼ਾਕਤ ਦਿੰਦੇ ਹਨ। ਜੇ ਪੰਜਾਬੀ ਸ਼ਾਇਰ ਇਸੇ ਪਾਸੇ ਸੁਚੇਤ ਰੂਪ ਵਿਚ ਧਿਆਨ ਦੇਣ ਤਾਂ ਪੰਜਾਬੀ ਦੇ ਸ਼ਿਅਰ ਵੀ ਉਰਦੂ ਦੇ ਸ਼ਿਅਰਾਂ ਵਾਂਗ ਪਾਠਕਾਂ ਤੇ ਸਰੋਤਿਆਂ ਵਿਚ ਸਦੀਵੀ ਆਦਰ ਵਾਲਾ ਸਥਾਨ ਬਣਾ ਸਕਦੇ ਹਨ। ਇਸ ਵਾਸਤੇ ਜ਼ਰੂਰੀ ਹੈ ਕਿ ਪੰਜਾਬੀ ਗ਼ਜ਼ਲ ਵਿਚ ਉਰਦੂ ਗ਼ਜ਼ਲ ਵਾਲੀ ਸ਼ੋਖੀ, ਸਾਦਗੀ, ਲਤਾਫ਼ਤ ਤੇ ਗਹਿਰਾਈ ਪੈਦਾ ਕੀਤੀ ਜਾਵੇ। ਇਸ ਰਾਹ ਉੱਤੇ ਸਾਡੇ ਸ਼ਾਇਰਾਂ ਦੇ ਮਾਰਗ ਦਰਸ਼ਨ ਲਈ ਅਜਿਹੀਆਂ ਪੁਸਤਕਾਂ ਦੀ ਲੋੜ ਹੈ ਜੋ ਉਨ੍ਹਾਂ ਨੂੰ ਗ਼ਜ਼ਲ ਦੀਆਂ ਬਹਿਰਾਂ, ਇਸ ਦੇ ਰੁਕਨਾਂ, ਇਨ੍ਹਾਂ ਦੀ ਬਣਤਰ ਆਦਿ ਦੇ ਰਹੱਸਾਂ ਦੀ ਜਾਣਕਾਰੀ ਵੀ ਦੇਣ ਤੇ ਇਨ੍ਹਾਂ ਦੀ ਵਿਹਾਰਕ ਵਰਤੋਂ ਦੀ ਜਾਂਚ ਵੀ ਦੱਸਣ। ਤੁਕਾਂਤ ਤੇ ਛੰਦ ਬੱਧ ਕਵਿਤਾ ਦੀ ਤਕਨੀਕੀ ਅਗਵਾਈ ਲਈ ਪੰਜਾਬੀ ਕਵੀਆਂ ਨੂੰ ਪਿੰਗਲ ਦੀ ਪਰੰਪਰਾ ਪ੍ਰਾਪਤ ਹੈ। ਇਸ ਦੇ ਵਰਣਿਕ ਤੇ ਮਾਤ੍ਰਿਕ ਛੰਦ ਤੇ ਗਣ ਦੱਸਣ ਵਾਲੇ ਗ੍ਰੰਥ ਪ੍ਰਾਪਤ ਹਨ। ਗ਼ਜ਼ਲ ਉਰਦੂ ਫਾਰਸੀ ਦੀ ਕਾਵਿ ਪਰੰਪਰਾ ਨਾਲ ਜੁੜਿਆ ਹੋਇਆ ਰੂਪਾਕਾਰ ਹੈ। ਇਸ ਦੇ ਅਰੂਜ਼ੀ ਆਧਾਰ ਜੋ ਬਹਿਰਾਂ, ਅਰਕਾਨ ਤੇ ਜ਼ਿਹਾਫ਼ ਆਦਿ ਹਨ, ਉਨ੍ਹਾਂ ਦੀ ਬਣਤਰ ਅਤੇ ਵਰਤੋਂ ਦਾ ਸਿਲਸਿਲਾ ਸ਼ਬਦਾਂ ਦੇ ਉਚਾਰਣ ਨਾਲ, ਸ਼ਬਦਾਂ ਵਿਚ ਵਰਣਾਂ ਦੀ ਤਰਤੀਬ ਤੇ ਅਦਾਇਗੀ ਨਾਲ ਜੁੜਦਾ ਹੈ। ਉਰਦੂ ਵਿਚ ਲਗਾਂ ਮਾਤਰਾਵਾਂ ਨਹੀਂ ਜ਼ਬਰ, ਜ਼ੇਰ, ਪੇਸ਼ ਨਾਲ ਹੀ ਵਰਣਾਂ ਨੂੰ ਹਰਕਤ ਤੇ ਵਿਸ਼ਰਾਮ ਦਿੱਤਾ ਜਾਂਦਾ ਹੈ। ਪੰਜਾਬੀ ਵਿਚ ਉਰਦੂ ਵਰਣਮਾਲਾ ਨਾਲ ਵੀ ਸਾਡੀ ਨਵੀਂ ਪੀੜ੍ਹੀ ਦੇ ਬਹੁਤੇ ਲੋਕਾਂ ਦੀ ਪਛਾਣ ਨਹੀਂ। ਇਸ ਦੇ ਸਾਕਿਨ / ਮੁਤਹਰਕ ਜਾਂ ਇਨ੍ਹਾਂ ਦੇ ਜੋੜ ਮੇਲ ਨਾਲ ਬਣੇ ਸਬਬ / ਵਤਦ ਜਾਂ ਇਨ੍ਹਾਂ ਦੇ ਭੇਦਾਂ ਤੇ ਫਿਰ ਇਨ੍ਹਾਂ ਦੇ ਜੋੜ ਨਾਲ ਉਸਰੇ ਅਰਕਾਨ ਅਤੇ ਇਨ੍ਹਾਂ ਦੀ ਤਰਤੀਬ ਆਸਰੇ ਬਣੀਆਂ ਬਹਿਰਾਂ ਨੂੰ ਸਮਝਣਾ ਇਸ ਪੀੜ੍ਹੀ ਲਈ ਖਾਸਾ ਕਠਿਨ ਕੰਮ ਹੈ। ਸੁਲੱਖਣ ਸਰਹੱਦੀ ਨੇ ਇਸ ਨਵੀਂ ਪੀੜ੍ਹੀ ਨੂੰ ਅਰੂਜ਼ ਦੀ ਇਹ ਜਾਣਕਾਰੀ ਸਰਲ ਤੇ ਸਮਝ ਵਿਚ ਆਉਣ ਵਾਲੇ ਤਰੀਕੇ ਨਾਲ ਬੜੇ ਵਿਸਥਾਰ ਨਾਲ ਆਪਣੇ ਗ੍ਰੰਥ 'ਸੰਪੂਰਨ ਪਿੰਗਲ ਤੇ ਅਰੂਜ਼' ਵਿਚ ਦਿੱਤੀ ਹੈ।

ਗਿਆਨ ਹਮੇਸ਼ਾ ਗਿਆਤ ਤੋਂ ਅਗਿਆਤ ਵੱਲ ਤੁਰਦਾ ਹੈ। ਸਰਲ ਤੋਂ ਜਟਿਲ ਵੱਲ। ਸਰਹੱਦੀ ਨੇ ਪਿੰਗਲ ਦੀਆਂ ਸਾਧਾਰਨ ਮਾਤ੍ਰਾਵਾਂ ਦੀ ਸਮਝ ਰੱਖਣ ਵਾਲੇ ਸਾਧਾਰਨ ਪੰਜਾਬੀ ਪਾਠਕ ਜਾਂ ਜਗਿਆਸੂ ਨੂੰ ਸਾਹਮਣੇ ਰੱਖ ਕੇ ਹੀ ਸੰਪੂਰਨ ਪਿੰਗਲ ਤੇ ਅਰੂਜ਼ ਦੀ ਸਿਰਜਨਾ ਕੀਤੀ ਹੈ। ਅਰੂਜ਼ ਨੂੰ ਔਖਾ ਤੇ ਨੀਰਸ ਬਣਾਉਣ ਦੀ ਥਾਂ ਉਸ ਨੇ ਇਸ ਨੂੰ ਸੌਖਾ ਤੇ ਰੌਚਿਕ ਬਣਾਉਣ ਦਾ ਸਫਲ ਉਪਰਾਲਾ ਕੀਤਾ ਹੈ। ਭਾਵੇਂ ਇਸ ਦੀਆਂ ਬਾਰੀਕੀਆਂ ਸਮਝਾਉਣਾ ਤੇ ਇਸ ਨੂੰ ਲਘੂ ਗੁਰੂ ਵਾਲੀ ਮਾਤ੍ਰਿਕ ਪਰੰਪਰਾ ਨਾਲ ਜੋੜ ਕੇ ਵੇਖਣਾ ਵਿਖਾਣਾ ਉਸ ਦਾ ਨਿਵੇਕਲਾ ਉੱਦਮ ਹੈ। ਪਰੰਤੂ ਇਸ ਪੁਸਤਕ ਦੀ ਪ੍ਰਾਪਤੀ ਇਸ ਤੋਂ

ਕਿਤੇ ਵਡੇਰੀ ਤੇ ਬਹੁਮੁਖੀ ਹੈ। ਉਹ ਪਿੰਗਲ ਤੇ ਅਰੂਜ਼ ਦੇ ਜਨਮ ਤੋਂ ਆਪਣੀ ਗੱਲ ਤੋਰ ਕੇ ਗ਼ਜ਼ਲ ਦੀ ਇਸਲਾਹ ਉੱਤੇ ਆਪਣੀ ਗੱਲ ਮੁਕਾਉਂਦਾ ਹੈ।

ਇਸ ਦੌਰਾਨ ਉਹ ਪਿੰਗਲੀਕ ਛੰਦਾਂ ਤੇ ਅਰੂਜ਼ੀ ਬਹਿਰਾਂ ਦਾ ਤੁਲਨਾਤਮਕ ਅਧਿਐਨ ਕਰਦਾ ਹੈ। ਸ਼ਿਅਰਾਂ ਵਿਚ ਹੋਣ ਵਾਲੇ ਆਮ ਦੋਸ਼ਾਂ ਦੀ ਵਿਆਖਿਆ ਕਰਦਾ ਹੈ। ਕਾਫ਼ੀਏ ਤੇ ਰਦੀਫ਼ ਦੀਆਂ ਬਾਰੀਕੀਆਂ ਸਮਝਾਉਂਦਾ ਹੈ। ਸਾਕਨ, ਮੁਤਹਰਕ, ਸਬਬ, ਵਤਦ ਦੀ ਵਿਆਖਿਆ ਕਰਕੇ ਇਨ੍ਹਾਂ ਨਾਲ ਰੁਕਨ ਨੂੰ ਬਣਾ ਕੇ ਦੱਸਦਾ ਹੈ। ਅਰੂਜ਼ ਦੇ ਰੁਕਨਾਂ ਨਾਲ ਸਾਲਮ ਬਹਿਰਾਂ ਦੀ ਸਿਰਜਨਾ ਕੱਲੀ-ਕੱਲੀ ਬਹਿਰ ਲੈ ਕੇ ਕਰਦਾ ਹੈ। ਜ਼ਿਹਾਫ਼ ਨੂੰ ਪਰਿਭਾਸ਼ਿਤ ਕਰ ਕੇ ਵੱਖ-ਵੱਖ ਜ਼ਿਹਾਫਾਂ ਨੂੰ ਸਮਝਾਉਂਦਾ ਹੈ। ਇਨ੍ਹਾਂ ਜ਼ਿਹਾਫ਼ਾਂ ਨਾਲ ਰੁਕਨ ਨੂੰ ਤੋੜ ਕੇ ਨਵੇਂ ਰੁਕਨ ਦੀ ਬਣਤਰ ਸਮਝਾਉਂਦਾ ਹੈ। ਫਿਰ ਜ਼ਿਹਾਫਾਂ ਵਾਲੀਆਂ ਬਹਿਰਾਂ ਬਣਾ ਕੇ ਵਿਖਾਂਦਾ ਹੈ।

ਸਰਹੱਦੀ ਨੇ ਇਸ ਪੁਸਤਕ ਵਿਚ ਹਰ ਬਹਿਰ ਨੂੰ ਇਕ ਸੁਤੰਤਰ ਪਰਿਵਾਰ ਵਾਂਗ, ਇਕ ਇਕਾਈ ਵਾਂਗ ਸਮਝਾਇਆ ਹੈ। ਹਰ ਬਹਿਰ ਨੂੰ ਪਹਿਲਾਂ ਰੁਕਨਾਂ ਦੇ ਆਧਾਰ ਉੱਤੇ ਸ਼ੁੱਧ ਰੂਪ ਵਿਚ, ਸਾਲਮ ਰੂਪ ਵਿਚ ਸਮਝਾਇਆ ਹੈ। ਫਿਰ ਉਸ ਉੱਤੇ ਜ਼ਿਹਾਫਾਂ ਦੀ ਵਰਤੋਂ ਨਾਲ ਬਣੀਆਂ ਵੱਖ-ਵੱਖ ਬਹਿਰਾਂ ਨੂੰ ਇਕੋ ਥਾਂ ਰੱਖ ਕੇ ਸੰਗਠਿਤ ਤਸਵੀਰ ਪੇਸ਼ ਕੀਤੀ ਹੈ। ਥਾਂ-ਥਾਂ ਉਸ ਨੇ ਆਪਣੀ ਗੱਲ ਚਾਰਟ ਬਣਾ ਕੇ ਸਮਝਾਈ ਹੈ ਤਾਂ ਜੋ ਹਰ ਗੱਲ ਵਿਸਤ੍ਰਿਤ ਤੁਲਨਾਤਮਕ ਪਰਿਪੇਖ ਵਿਚ ਉਜਾਗਰ ਹੋ ਸਕੇ। ਤੁਸੀਂ ਉਸ ਦੇ ਚਾਰਟਾਂ ਆਸਰੇ ਕਿਸੇ ਵੀ ਪ੍ਰਾਪਤ ਸ਼ਿਅਰ ਦੀ ਬਹਿਰ ਲੱਭ ਸਕਦੇ ਹੋ। ਕਿਸੇ ਵੀ ਗ਼ਜ਼ਲ ਦੀ ਤਕਤੀਹ ਕਰਨੀ ਸਿੱਖ ਸਕਦੇ ਹੋ।

'ਸੰਪੂਰਨ ਪਿੰਗਲ ਤੇ ਅਰੂਜ਼' ਪੁਸਤਕ ਦਾ ਇਕ ਹੋਰ ਵਰਨਣ ਯੋਗ ਪੱਖ ਹੈ, ਪੰਜਾਬੀ ਗ਼ਜ਼ਲਗੋਆਂ ਵਲੋਂ ਵਰਤੀਆਂ ਬਹਿਰਾਂ ਦਾ ਵਿਸਤ੍ਰਿਤ ਸਰਵੇਖਣ ਹੈ। ਪੰਜਾਬੀ ਦੇ ਉਸਤਾਦ ਸ਼ਾਇਰ ਜਗਤਾਰ ਬਾਰੇ ਤਾਂ ਉਸ ਨੇ ਖਾਸਾ ਵਿਸਤ੍ਰਿਤ ਵਿਸ਼ਲੇਸ਼ਣ ਕੀਤਾ ਹੈ। ਉਸ ਤੋਂ ਬਿਨਾਂ ਉਸ ਨੇ ਚਾਰ ਸੌ ਤੋਂ ਵੱਧ ਗ਼ਜ਼ਲਗੋਆਂ ਦੀ ਇਕ-ਇਕ ਪ੍ਰਤੀਨਿਧ ਗ਼ਜ਼ਲ ਦੀ ਬਹਿਰ ਨਿਰਧਾਰਿਤ ਕਰਕੇ ਪੰਜਾਬੀ ਗ਼ਜ਼ਲ ਦੇ ਵਰਤਮਾਨ, ਅਤੀਤ ਤੇ ਭਵਿੱਖ ਬਾਰੇ ਕੁਝ ਮਹੱਤਵਪੂਰਨ ਨਿਸ਼ਕਰਸ਼ ਪੇਸ਼ ਕੀਤੇ ਹਨ। ਜਿਨ੍ਹਾਂ ਬਾਰੇ ਰਤਾ ਬਾਅਦ ਵਿਚ ਚਰਚਾ ਕੀਤੀ ਜਾਵੇਗੀ। ਇਥੇ ਤਾਂ ਇੰਨਾ ਕਹਿਣਾ ਹੀ ਉਚਿਤ ਹੈ ਕਿ ਸਰਹੱਦੀ ਨੇ ਇਸ ਪੁਸਤਕ ਵਿਚ ਪੰਜਾਬੀ ਗ਼ਜ਼ਲ ਦੇ ਵਿਭਿੰਨ ਪਾਸਾਰਾਂ ਤੇ ਤਕਨੀਕੀ ਸਮੱਸਿਆਵਾਂ ਨੂੰ ਹਰ ਪੱਖੋਂ ਸਮਝਿਆ ਵਿਚਾਰਿਆ ਹੈ।

ਸਰਹੱਦੀ ਵਲੋਂ 'ਸੰਪੂਰਨ ਪਿੰਗਲ ਤੇ ਅਰੂਜ਼' ਬਾਰੇ ਉਕਤ ਪੰਛੀ ਝਾਤ ਉਪਰੰਤ ਇਸ ਕਾਰਜ ਬਾਰੇ ਰਤਾ ਵਿਸਤਾਰ ਨਾਲ ਗੱਲ ਕਰਨੀ ਬਣਦੀ ਹੈ। ਲੇਖਕ ਨੇ ਪੁਸਤਕ ਦਾ ਆਰੰਭ ਪਿੰਗਲ ਰਿਸ਼ੀ ਤੋਂ ਸ਼ੁਰੂ ਕੀਤਾ ਹੈ। ਉਸ ਤੋਂ ਪਹਿਲਾਂ ਤਾਂ ਅੱਖਰ ਗਿਣ ਕੇ ਹੀ ਛੰਦ ਬਣਾ ਲਏ ਜਾਂਦੇ ਸਨ। ਪਿੰਗਲ ਨੇ ਹੀ ਅੱਖਰਾਂ ਤੇ ਮਾਤ੍ਰਾਵਾਂ ਦੇ ਗਣ ਬਣਾਏ। ਸਰਹੱਦੀ ਦੀ ਇਹ ਧਾਰਨਾ ਮਹੱਤਵਪੂਰਨ ਹੈ ਕਿ ਇਨ੍ਹਾਂ ਗਣਾਂ ਦਾ ਨਾਮ ਇਨ੍ਹਾਂ ਦੀ ਅੰਦਰਲੀ ਬਣਤਰ

ਬਾਰੇ ਕੁਝ ਨਹੀਂ ਦੱਸਦਾ। ਜਦਕਿ ਅਰੂਜ਼ ਦੇ ਰੁਕਨਾਂ ਤੋਂ ਉਨ੍ਹਾਂ ਦੀ ਬਣਤਰ ਦਾ ਵੀ ਪਤਾ ਲੱਗ ਜਾਂਦਾ ਹੈ। ਫਾਇਲੁਨ ਵਿਚ 'ਫਾ' ਗੁਰੂ ਹੈ 'ਇ' ਲਘੂ ਹੈ ਤੇ ਲੁਨ ਗੁਰੂ ਹੈ। ਇਸ ਸੰਖਿਪਤ ਚਰਚਾ ਉਪਰੰਤ ਲੇਖਕ ਖਲੀਲ ਬਿਨ ਅਹਿਮਦ ਤੇ ਅਰੂਜ਼ ਦੀ ਗੱਲ ਤੋਰਦਾ ਹੈ। ਇਨ੍ਹਾਂ ਦੋਹਾਂ ਬਾਰੇ ਮੁੱਢਲੀ ਚਰਚਾ ਨੂੰ ਅੰਤਰ-ਸੰਬੰਧਤ ਕਾਰਨ ਵਾਸਤੇ ਲਘੂ-ਗੁਰੂ ਮਾਤ੍ਰਾਵਾਂ ਤੇ ਵਰਣਿਕ/ਮਾਤ੍ਰਿਕ ਗਣਾਂ ਦੀ ਵਿਆਖਿਆ ਕਰਨ ਉਪਰੰਤ ਸਰਹੱਦੀ ਨੇ ਪੰਜਾਬੀ ਗ਼ਜ਼ਲ ਦੇ ਵਿਸਤ੍ਰਿਤ ਵਿਸ਼ਲੇਸ਼ਣ ਉਪਰੰਤ ਬਣੀ ਆਪਣੀ ਧਾਰਨਾ ਦੱਸੀ ਹੈ ਕਿ ਸਾਡੇ ਗ਼ਜ਼ਲ ਲੇਖਕਾਂ ਨੇ ਮਾਤ੍ਰਿਕ ਤੇ ਵਰਣਿਕ ਛੰਦ ਲਗਭਗ ਪੂਰੀ ਤਰ੍ਹਾਂ ਰੱਦ ਕਰ ਦਿੱਤੇ ਹਨ ਤੇ ਅਰੂਜ਼ੀ ਬਹਿਰਾਂ ਹੀ ਅਪਣਾਈਆਂ ਹਨ। ਉਹ ਕਹਿੰਦਾ ਹੈ ਕਿ ਦੋਹਿਰਾ, ਦਵੱਈਆ, ਕਬਿੱਤ, ਸੋਰਠਾ, ਕੋਰੜਾ, ਨਿਸ਼ਾਨੀ ਤੇ ਸਵੱਈਆ ਜਿਹੇ ਕੁਝ ਸ਼ਕਤੀਸ਼ਾਲੀ ਛੰਦ ਕੁਝ ਗ਼ਜ਼ਲਕਾਰਾਂ ਨੇ ਜ਼ਰੂਰ ਵਰਤੇ ਹਨ। ਇਸੇ ਕਾਰਨ ਇਸ ਪੁਸਤਕ ਵਿਚ ਪਿੰਗਲ ਦੇ ਕੁਝ ਮੂਲ ਤੱਤਾਂ ਤੇ ਮਹੱਤਵਪੂਰਨ ਛੰਦਾਂ ਦੀ ਚਰਚਾ ਕਰਨੀ ਆਵਸ਼ਕ ਸਮਝੀ ਗਈ ਹੈ।

ਸਰਹੱਦੀ ਗ਼ਜ਼ਲ ਦੇ ਖੇਤਰ ਵਿਚ ਆਪਣੇ ਲੰਬੇ ਤਜਰਬੇ ਦੇ ਆਧਾਰ 'ਤੇ ਕਹਿੰਦਾ ਹੈ ਕਿ ਪੰਜਾਬੀ ਮਾਨਸਿਕਤਾ ਵਾਸਤੇ ਗ਼ਜ਼ਲ ਕੋਈ ਓਪਰੀ ਸ਼ੈਅ ਨਹੀਂ। ਉਸ ਦਾ ਦਾਅਵਾ ਹੈ ਕਿ ਪਿੰਗਲ ਤੇ ਅਰੂਜ਼ੀ ਬਹਿਰਾਂ ਵਿਚ ਕੁਝ ਸਾਂਝੇ ਤੱਤਾਂ ਦੀ ਨਿਸ਼ਾਨਦੇਹੀ ਸੰਭਵ ਹੈ। ਇਹ ਸਾਂਝ ਗ਼ਜ਼ਲ ਦੇ ਆਉਣ ਤੋਂ ਸਦੀਆਂ ਪਹਿਲਾਂ ਤੱਕ ਪਛਾਣੀ ਜਾ ਸਕਦੀ ਹੈ। ਪਿੰਗਲ ਦੇ ਜਿਹੜੇ ਛੰਦ ਅਜੋਕੀ ਪੰਜਾਬੀ ਗ਼ਜ਼ਲ ਨੇ ਪ੍ਰਵਾਨ ਕੀਤੇ ਹਨ, ਉਹ ਉਕਤ ਤੱਥ ਦਾ ਪ੍ਰਮਾਣ ਹਨ। ਦਵੱਈਏ ਦੀ ਰਮਲ ਨਾਲ ਮਾਤ੍ਰਾਵਾਂ ਦੀ ਗਿਣਤੀ ਪੱਖੋਂ ਪੂਰੀ ਸਮਾਨਤਾ ਹੈ। ਬਹਿਰ ਮੁਤਦਾਰਿਕ ਪਿੰਗਲ ਦੀਆਂ ਮਾਤ੍ਰਾਵਾਂ ਤੇ ਲੈਅ ਤੋਲ ਪੱਖੋਂ ਕੁਕਭ ਤੇ ਦਵੱਈਏ ਦੀਆਂ ਸ਼ਰਤਾਂ ਪੂਰੀਆਂ ਕਰਦੀ ਹੈ। ਸਰਹੱਦੀ ਇਹ ਵੀ ਦੱਸਦਾ ਹੈ ਕਿ ਅੱਠ ਤੇ ਛੇ ਦੇ ਬਿਸ਼ਰਾਮ ਵਾਲਾ ਕੋਰੜਾ ਵੀ ਪੰਜਾਬੀ ਗ਼ਜ਼ਲ ਦੀਆਂ ਬਹਿਰਾਂ ਦਾ ਆਧਾਰ ਬਣਾਇਆ ਗਿਆ ਹੈ। ਕਬਿੱਤ ਨੂੰ ਤਾਂ ਸਰਹੱਦੀ ਨੇ ਚਾਰ ਫ਼ਾਇਲਾਤ ਨਾਲ ਹੀ ਮੇਲ ਵਿਖਾਇਆ ਹੈ। ਸਰਹੱਦੀ ਦਾ ਇਹ ਵਿਸ਼ਲੇਸ਼ਣ ਇਸ ਰਹੱਸ ਦਾ ਉੱਤਰ ਦਿੰਦਾ ਹੈ ਕਿ ਕਿਵੇਂ ਅਰੂਜ਼ੀ ਬਹਿਰਾਂ ਬਾਰੇ ਕੁਝ ਵੀ ਜਾਨਣ ਵਾਲੇ ਕਈ ਪੰਜਾਬੀ ਗ਼ਜ਼ਲਗੋ ਸਹਿਜੇ ਹੀ ਅਰੂਜ਼ ਪੱਖੋਂ ਖਾਸੀਆਂ ਸਫ਼ਲ ਗ਼ਜ਼ਲਾਂ ਰਚ ਲੈਂਦੇ ਹਨ। ਇਸ ਦਾ ਕਾਰਨ ਪੰਜਾਬੀ ਮਾਨਸਿਕਤਾ ਤੇ ਪਰੰਪਰਾਗਤ ਸੁਰ ਲਹਿਰਾਂ ਨਾਲ ਸਾਡੀ ਆਰਕੇਟਾਈਪਲ ਸਾਂਝ ਹੈ। ਇਨ੍ਹਾਂ ਆਰਕੇਟਾਈਪਲ ਸਾਂਝਾਂ ਕਾਰਨ ਹੀ ਪੰਜਾਬੀ ਗ਼ਜ਼ਲ ਵਿਚ ਉਹੀ ਬਹਿਰਾਂ ਵਧੇਰੇ ਸਵੀਕ੍ਰਿਤ ਹੋਈਆਂ ਹਨ ਜਿਨ੍ਹਾਂ ਵਿਚ ਤੁਕਾਂਤ ਜਾਂ ਮੱਧ ਬਿਸ਼ਰਾਮ ਦੀ ਸਹਿਜ ਪਾਲਣਾ ਦੇ ਅਵਸਰ ਪ੍ਰਾਪਤ ਹਨ। ਗੁਰਬਾਣੀ ਤੇ ਲੋਕ ਗੀਤ ਇਸੇ ਸਹਿਜ ਲੈਅ ਨੂੰ ਵਰਤਦੇ ਦਿਸਦੇ ਹਨ। ਰਮਲ, ਹਜ਼ਜ ਤੇ ਫੇਲੁਨੀ ਬਹਿਰਾਂ ਦੀ ਪੰਜਾਬੀ ਵਿਚ ਵਧ ਵਰਤੋਂ ਪਿਛੇ ਵੀ ਇਹੀ ਰਹੱਸ ਹੈ।

ਪੰਜਾਬੀ ਗ਼ਜ਼ਲ ਨੂੰ ਪਿੰਗਲ ਤੇ ਅਰੂਜ਼ ਤੇ ਇਸ ਸਾਂਝੇ ਪਿਛੋਕੜ ਵਿਚ ਸਮਝਣ ਸਮਝਾਣ ਉਪਰੰਤ ਇਹ ਪੁਸਤਕ ਗ਼ਜ਼ਲ ਦੇ ਰੂਪ ਨੂੰ ਮੁਖ਼ਾਤਿਬ ਹੁੰਦੀ ਹੈ। ਮਤਲੇ ਸ਼ਿਅਰ ਤੇ ਮਕਤੇ ਆਸਰੇ ਉਸਰੀ ਸਾਧਾਰਨ ਗ਼ਜ਼ਲ ਦੀਆਂ ਅੱਗੋਂ ਹੋਰ ਕਿਸਮਾਂ ਦੀ ਜਾਣਕਾਰੀ ਇਸ

ਪੁਸਤਕ ਵਿਚ ਪ੍ਰਾਪਤ ਹੈ। ਇਕਹਿਰੇ ਤੇ ਦੋਹਰੇ ਕਾਫ਼ੀਏ ਵਾਲੀ ਗ਼ਜ਼ਲ, ਜ਼ੰਜੀਰੀਦਾਰ ਗ਼ਜ਼ਲ, ਚੌਕਾਫ਼ੀਆ ਗ਼ਜ਼ਲ, ਤਜ਼ਮੀਨ, ਬਹੁ-ਮਤਲਾ ਗ਼ਜ਼ਲ, ਬੇਮਕਤਾ ਗ਼ਜ਼ਲ ਤੇ ਮੁਸਲਸਲ ਗ਼ਜ਼ਲ ਇਨ੍ਹਾਂ ਵਿਚੋਂ ਪ੍ਰਮੁੱਖ ਹਨ। ਗ਼ਜ਼ਲ ਦੇ ਰੂਪ ਬਾਰੇ ਇਸ ਚਰਚਾ ਦਾ ਦੂਜਾ ਮਹੱਤਵਪੂਰਨ ਵਿਸ਼ਾ ਹੈ। ਸ਼ਿਅਰਾਂ ਵਿਚਲੇ ਐਬਾਂ ਬਾਰੇ ਗਿਆਨ ਅਰੂਜ਼ ਪੱਖੋਂ ਉਨ੍ਹਾਂ ਅੱਖਰਾਂ ਦਾ ਦੱਬ ਜਾਂ ਡਿਗ ਜਾਣਾ ਜਿਨ੍ਹਾਂ ਦੀ ਆਗਿਆ ਨਹੀਂ, ਸਭ ਤੋਂ ਪਹਿਲਾ ਦੋਸ਼ ਹੈ। ਕਈ ਵਾਰ ਸ਼ਾਇਰ ਇਕ ਅੱਧ ਰੁਕਨ ਜਾਂ ਜ਼ਿਹਾਫ਼ ਦੇ ਅੰਤਰ ਤੋਂ ਲਾਪਰਵਾਹ ਹੋ ਕੇ ਵੱਖ-ਵੱਖ ਬਹਿਰਾਂ ਤੇ ਸ਼ਿਅਰ ਇਕ ਗ਼ਜ਼ਲ ਵਿਚ ਜੜ ਦਿੰਦਾ ਹੈ। ਵਧੀਆ ਸ਼ਿਅਰ ਇਸ ਪੱਖੋਂ ਚੇਤੰਨ ਹੁੰਦਾ ਹੈ। ਕਈ ਵਾਰ ਸ਼ਬਦ ਦੇ ਥਾਂ ਸਿਰ ਨਾ ਹੋਣ, ਗਲਤ ਮੁਹਾਵਰਾਬੰਦੀ ਕਾਰਨ ਜਾਂ ਤਿੰਨ ਅੱਖਰੀ ਸ਼ਬਦ ਟੁਕੜੀ ਦੇ ਗਲਤ ਤਰੀਕੇ ਨਾਲ ਵਰਤਣ ਕਾਰਨ ਸ਼ਿਅਰ ਵਿਚ ਸਕਤਾ ਪੈਂਦਾ ਹੈ। ਕਈ ਵਾਰ ਸ਼ਾਇਰ ਅਣਚਾਹੇ ਹੀ ਜਾਂ ਜਾਣ ਬੁਝ ਕੇ ਅਸ਼ਲੀਲਤਾ ਜਾਂ ਨਿਰਾਰਥਕ ਤੁੱਕਬੰਦੀ ਦਾ ਦੋਸ਼ੀ ਬਣ ਜਾਂਦਾ ਹੈ। ਸੁਹਜ ਵਿਹੂਣੀ ਸ਼ਬਦਾਵਲੀ ਤੇ ਸ਼ਬਦਾਂ ਦੀ ਗਰੀਬੀ ਵੀ ਕਈ ਗ਼ਜ਼ਲਾਂ ਦਾ ਸਤਿਆਨਾਸ਼ ਕਰਦੀ ਹੈ। ਗ਼ਜ਼ਲ ਦਾ ਅੰਦਾਜ਼ ਕਿਸੇ ਨੂੰ ਜ਼ਲੀਲ ਕਰਨ ਦਾ ਨਹੀਂ ਹੁੰਦਾ। ਨਾ ਇਹ ਸ਼ਬਦਾਂ ਦੀ ਬਾਜ਼ੀਗਰੀ ਮਾਤਰ ਹੈ। ਇਸ ਵਿਚ ਨਾ ਸਮੇਂ ਸਥਾਨ ਦਾ ਵਿਰੋਧ ਸਵੀਕਾਰ ਹੈ ਤੇ ਨਾ ਰਸਾਂ ਦੀ ਅਸੰਗਤ ਪੇਸ਼ਕਾਰੀ। ਸ਼ਬਦ ਚੋਣ ਤੇ ਸ਼ਬਦ ਜੜਤ ਸਮੇਂ ਐਬ ਤਨਾਫ਼ਰ ਤੋਂ ਵੀ ਬਚਣ ਬਾਰੇ ਲੇਖਕ ਸੁਚੇਤ ਕਰਦਾ ਹੈ। ਇੰਝ ਹੀ ਉਹ ਸੁਸਤ ਬੰਦਸ਼ ਜਾਂ ਸੰਬੋਧਨ ਦੀ ਘਾਟ ਜਿਹੇ ਦੋਸ਼ਾਂ ਦੀ ਵੀ ਵਿਆਖਿਆ ਕਰਦਾ ਹੈ ਤਾਂ ਕਿ ਨਵੇਂ ਗ਼ਜ਼ਲਗੋ ਵਧੀਆ ਸ਼ਿਅਰ ਲਿਖਣੇ ਸਿੱਖ ਸਕਣ।

ਗ਼ਜ਼ਲ ਲਿਖਣ ਸਮੇਂ ਕਾਫ਼ੀਏ ਦਾ ਮਸਲਾ ਖਾਸੇ ਧਿਆਨ ਦੀ ਮੰਗ ਕਰਦਾ ਹੈ। ਸਰਹੱਦੀ ਨੇ ਇਸ ਪੱਖੋਂ ਵੀ ਸਿਖਾਂਦਰੂ ਲੇਖਕਾਂ ਦਾ ਚੰਗਾ ਮਾਰਗ ਦਰਸ਼ਨ ਇਸ ਪੁਸਤਕ ਵਿਚ ਕੀਤਾ ਹੈ। ਕਾਫ਼ੀਏ ਵਿਚ ਲਗ ਮਾਤਰ ਦੇ ਫ਼ਰਕ ਦੀ ਗੁੰਜਾਇਸ਼ ਨਹੀਂ। ਇਸ ਦੀ ਵਰਤੋਂ ਦੇ ਮੂਲ ਨੇਮਾਂ ਬਾਰੇ ਸਰਹੱਦੀ ਨੇ ਉਦਾਹਰਣ ਸਹਿਤ ਜਾਣਕਾਰੀ ਦਿੱਤੀ ਹੈ। ਇਸ ਦੇ ਨਾਲ ਹੀ ਉਸ ਨੇ ਚੁਸਤ, ਦਰੁਸਤ ਤੇ ਔਖੇ ਕਾਫ਼ੀਏ ਬਾਰੇ ਵੀ ਦੱਸਿਆ ਹੈ ਅਤੇ ਕਾਫ਼ੀਏ ਪੱਖੋਂ ਹੋਣ ਵਾਲੇ ਆਮ ਦੋਸ਼ਾਂ ਦੀ ਵੀ ਗੱਲ ਕੀਤੀ ਹੈ। ਇਸ ਚਰਚਾ ਦਾ ਅੰਤ ਉਸ ਨੇ ਰਦੀਫ਼ ਬਾਰੇ ਸੰਖੇਪ ਜਾਣਕਾਰੀ ਨਾਲ ਕੀਤਾ ਹੈ। ਸਰਹੱਦੀ ਰਦੀਫ਼ ਨੂੰ ਗ਼ਜ਼ਲ ਦਾ ਹੁਸਨ ਮੰਨਦਾ ਹੈ। ਸ਼ਾਇਰ ਦਾ ਕਮਾਲ ਇਸ ਵਿਚ ਹੈ ਕਿ ਰਦੀਫ਼ ਸ਼ਿਅਰ ਦੀ ਖ਼ੂਬਸੂਰਤੀ, ਭਾਵ-ਪੂਰਤੀ ਤੇ ਅਦਾਇਗੀ ਦਾ ਸਹਿਜ ਅੰਗ ਲੱਗੇ, ਭਰਤੀ ਨਾ ਪ੍ਰਤੀਤ ਹੋਵੇ। ਕੇਵਲ ਬਹਿਰ ਪੂਰਤੀ ਲਈ ਵਰਤੀ ਰਦੀਫ਼ ਦਾ ਉਹ ਕਾਇਲ ਨਹੀਂ। ਰਦੀਫ਼ ਕਾਫ਼ੀਏ ਦੇ ਫੌਰਨ ਬਾਅਦ ਆਉਂਦੀ ਹੈ ਤੇ ਗ਼ਜ਼ਲ ਦੇ ਹਰ ਸ਼ਿਅਰ ਵਿਚ ਇਹ ਆਪਣੇ ਤੇ ਕਾਫ਼ੀਏ ਵਿਚਕਾਰ ਕਿਸੇ ਹੋਰ ਅੱਖਰ ਨੂੰ ਆਉਣ ਦੀ ਆਗਿਆ ਨਹੀਂ ਦਿੰਦੀ।

ਗ਼ਜ਼ਲ ਦੀ ਬਣਤਰ ਤੇ ਬਣਤਰ ਦੇ ਇਸ ਤਕਨੀਕੀ ਆਧਾਰ ਦੀ ਅਗਲੇਰੀ ਵਿਆਖਿਆ ਸਿੱਧੇ ਰੂਪ ਵਿਚ ਬਹਿਰਾਂ ਤੇ ਰੁਕਨਾਂ ਨਾਲ ਸੰਬੰਧਤ ਹੈ। ਸਰਹੱਦੀ ਨੇ ਇਸ ਵਿਆਖਿਆ ਵਿਚ ਪਹਿਲਾਂ ਮੂਲ ਅੱਠ ਅਰਕਾਨ ਤੇ ਫਿਰ ਉੱਨੀ ਸਲਿਮ ਬਹਿਰਾਂ ਵਿਚ ਇਨ੍ਹਾਂ ਅਰਕਾਨ

ਦੀ ਤਰਤੀਬ ਇਕੋ ਥਾਵੇਂ ਪੇਸ਼ ਕੀਤੀ ਹੈ। ਮਸਲਿਨ ਉਹ ਦੱਸਦਾ ਹੈ ਕਿ ਬਹਿਰ ਮੁਤਕਾਰਿਬ ਦੇ ਹਰ ਮਿਸਰੇ ਵਿਚ ਚਾਰ ਫਊਲੁਨ (ਫਊਲੁਨ ਫਊਲੁਨ ਫਊਲੁਨ ਫਊਲੁਨ) ਆਉਂਦੇ ਹਨ ਤੇ ਪੂਰੇ ਸ਼ਿਅਰ ਵਿਚ ਅੱਠ ਵਾਰ। ਉਹ ਇਹ ਵੀ ਦੱਸਦਾ ਹੈ ਕਿ ਮਾਤ੍ਰਾਵਾਂ ਪੱਖੋਂ ਫਊਲੁਨ ਲਘੂ ਗੁਰੂ ਦੇ ਸੁਮੇਲ ਤੋਂ ਬਣਦਾ ਹੈ। ਇੰਝ ਹੀ ਬਹਿਰ ਮੁਤਦਾਰਿਕ ਫਾਇਲੁਨ ਫਾਇਲੁਨ ਫਾਇਲੁਨ ਫਾਇਲੁਨ ਨਾਲ ਇਕ ਮਿਸਰਾ ਬਣਾਂਦੀ ਹੈ ਤੇ ਇਸ ਦੇ ਸ਼ਿਅਰ ਵਿਚ ਅੱਠ ਫਾਇਲੁਨ ਹੁੰਦੇ ਹਨ। ਅੱਗੋਂ ਫਾਇਲੁਨ ਗੁਰੂ ਲਘੂ ਗੁਰੂ ਦੇ ਸੁਮੇਲ ਨਾਲ ਬਣਦਾ ਹੈ। ਇਸੇ ਪ੍ਰਕਾਰ ਹਜ਼ਜ, ਰਜਜ਼, ਰਮਲ, ਕਾਮਿਲ ਤੇ ਵਾਫ਼ਿਰ ਬਹਿਰਾਂ ਕ੍ਰਮਵਾਰ ਮੁਫਾਈਲੁਨ, ਮੁਸਤਫਇਲੁਨ, ਫਾਇਲਾਤੁਨ, ਮੁਤੁਫਾਇਲੁਨ ਤੇ ਮੁਫਾਇਲੁਤੁਕ ਹਰ ਮਿਸਰੇ ਵਿਚ ਚਾਰ ਵਾਰ ਤੇ ਹਰ ਸ਼ਿਅਰ ਵਿਚ ਅੱਠ ਵਾਰ ਵਰਤੋਂ ਨਾਲ ਬਣਦੀਆਂ ਹਨ। ਉਕਤ ਸੱਤ ਬਹਿਰਾਂ ਤੋਂ ਬਿਨਾਂ ਬਾਰਾਂ ਮਿਸ਼ਰਿਤ ਬਹਿਰਾਂ ਦੋ-ਦੋ ਕਿਸਮ ਦੇ ਅਰਕਾਨ ਵਰਤ ਕੇ ਸਿਰਜੀਆਂ ਜਾਂਦੀਆਂ ਹਨ। ਜਿਵੇਂ ਤਵੀਲ ਵਿਚ ਫਊਲੁਨ ਤੇ ਮੁਫਾਈਲੁਨ ਦੀ ਵਰਤੋਂ ਹੈ, ਮਦੀਦ ਵਿਚ ਫਾਇਲਾਤੁਨ ਤੇ ਫਾਇਲੁਨ ਦੀ ਅਤੇ ਬਸੀਤ ਵਿਚ ਮੁਸਤਫਇਲੁਨ ਤੇ ਫਾਇਲੁਨ ਦੀ । ਮਿਸ਼ਰਿਤ ਬਹਿਰਾਂ ਵਿਚ ਜਦੀਦ, ਖ਼ਫ਼ੀਫ਼, ਸਰੀਅ, ਕਰੀਬ ਤੇ ਮੁਸ਼ਕਲ ਛੇ ਰੁਕਨੀ ਬਹਿਰਾਂ ਹਨ ਜਦਕਿ ਬਾਕੀ ਦੀਆਂ ਅੱਠ ਰੁਕਨੀ ਹਨ।

ਨਵੇਂ ਗ਼ਜ਼ਲਗੋ ਲਈ ਉਕਤ ਮੂਲ ਬਹਿਰਾਂ ਬਾਰੇ ਮਾਤ੍ਰਾਵਾਂ ਦੇ ਆਧਾਰ ਉਤੇ ਅਰਕਾਨ ਦੀ ਜੜਤ ਦੀ ਸਰਹੱਦੀ ਦੁਆਰਾ ਕੀਤੀ ਵਿਆਖਿਆ ਸਰਲ ਤੇ ਸਮਝ ਆਉਣ ਵਾਲੀ ਹੈ। ਮੂਲ ਬਹਿਰਾਂ ਬਾਰੇ ਚਰਚਾ ਉਪਰੰਤ ਉਸ ਨੇ ਮੁੱਢਲੇ ਅਰਕਾਨ ਦੀ ਤੋੜ ਭੰਨ ਕਰਨ, ਉਸ ਵਿਚ ਰਤਾ ਕੁ ਤਬਦੀਲੀ ਕਰਨ ਵਾਲੀ ਤਕਨੀਕੀ ਜੁਗਤ ਦੱਸੀ ਹੈ, ਜਿਸ ਨੂੰ ਅਰੂਜ਼ ਵਿਚ ਜ਼ਿਹਾਫ਼ ਕਿਹਾ ਜਾਂਦਾ ਹੈ। ਉਦਾਹਰਣ ਲਈ ਅਜ਼ਾਲਾ ਜ਼ਿਹਾਫ਼ ਇਲੁਨ ਨੂੰ ਇਲਾਨ ਬਣਾ ਦਿੰਦਾ ਹੈ। ਇਸ ਨਾਲ ਫਾਇਲੁਨ ਦਾ ਫਾਇਲਾਨ ਬਣ ਜਾਂਦਾ ਹੈ। ਜਿਸ ਨੂੰ ਸੌਖ ਲਈ ਫਾਇਲਾਤ ਕਰ ਲਿਆ ਜਾਂਦਾ ਹੈ। ਇਸ ਤਰ੍ਹਾਂ ਮੂਲ ਤੇ ਜ਼ਿਹਾਫ਼ ਵਾਲੇ ਰੁਕਨਾਂ ਨੂੰ ਵਰਤ ਕੇ ਨਵੀਆਂ-ਨਵੀਆਂ ਬਹਿਰਾਂ ਸਿਰਜਨ ਦਾ ਵਿਧਾਨ ਅਰੂਜ਼ ਵਿਚ ਹੈ। ਸਰਹੱਦੀ ਨੇ ਉੱਨੀ ਮੂਲ ਬਹਿਰਾਂ ਦੇ ਨਾਲ਼-ਨਾਲ਼ ਸਤਵੰਜਾ ਜ਼ਿਹਾਫ਼ੀ ਬਹਿਰਾਂ ਦੀ ਜਾਣਕਾਰੀ ਵੀ ਇਸ ਪੁਸਤਕ ਵਿਚ ਦਿੱਤੀ ਹੈ। ਇਸ ਦੌਰਾਨ ਉਸ ਨੇ ਹਰ ਜ਼ਿਹਾਫ਼ ਨਾਲ ਮੂਲ ਰੁਕਨ ਵਿਚ ਕੀਤੀ ਤਬਦੀਲੀ ਵਲ ਵੀ ਪਾਠਕਾਂ ਦਾ ਧਿਆਨ ਦੁਆਇਆ ਹੈ। ਬਹਿਰ ਵਿਚ ਇਕ ਸ਼ਿਅਰ ਲੈ ਕੇ ਬਾਕਾਇਦਾ ਉਸ ਦੇ ਰੁਕਨ ਤੋੜ ਕੇ ਉਸ ਨੇ ਗੱਲ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ ਹੈ। ਇਸ ਪੱਖੋਂ ਇਸ ਨੇ ਵੱਖ-ਵੱਖ ਬਹਿਰਾਂ ਨੂੰ ਆਪੋ-ਆਪਣੇ ਜ਼ਿਹਾਫ਼ ਪਰਿਵਾਰ ਨਾਲ ਇਕ ਚਾਰਟ ਵਿਚ ਸੰਗਠਿਤ ਰੂਪ ਵਿਚ ਪੇਸ਼ ਕੀਤਾ ਹੈ। ਅਜਿਹਾ ਕਰਦੇ ਸਮੇਂ ਉਸ ਨੇ ਬਹਿਰ ਦੇ ਮੂਲ ਰੁਕਨ, ਵਰਤੀ ਗਈ ਜ਼ਿਹਾਫ਼, ਨਵੇਂ ਬਣੇ ਰੁਕਨ, ਹਰ ਰੁਕਨ ਦੀ ਲਘੂ ਗੁਰੂ ਅਨੁਸਾਰ ਬਣਤਰ ਤੇ ਉਦਾਹਰਣ ਵਜੋਂ ਇਕ ਮਿਸਰਾ ਅੰਕਿਤ ਕਰਨ ਵਾਸਤੇ ਖਾਸੀ ਮਿਹਨਤ ਕੀਤੀ ਹੈ। ਇਨ੍ਹਾਂ ਚਾਰਟਾਂ ਉਪਰੰਤ ਉਸ ਨੇ ਇਕ ਸੰਗਠਿਤ ਤੇ ਸੰਪੂਰਨ ਬਹਿਰ ਚਾਰਟ ਵੀ ਬਣਾ ਕੇ ਨਵੇਂ ਸਿਖਾਂਦਰੂਆਂ ਲਈ ਮੁੱਲਵਾਨ ਸਮੱਗਰੀ ਪੇਸ਼

ਕੀਤੀ ਹੈ।

ਸੁਲੱਖਣ ਸਰਹੱਦੀ ਦੇ ਕਾਰਜ ਦਾ ਇਕ ਮਹੱਤਵਪੂਰਨ ਪਹਿਲੂ ਉਸ ਦੁਆਰਾ ਕੀਤਾ ਪੰਜਾਬੀ ਗ਼ਜ਼ਲ ਦਾ ਤਕਨੀਕੀ ਵਿਸ਼ਲੇਸ਼ਣ ਹੈ। ਉਸ ਨੇ ਪੰਜਾਬੀ ਗ਼ਜ਼ਲ ਨੂੰ ਪਿੰਗਲ ਤੇ ਅਰੂਜ਼ ਦੋਹਾਂ ਪੱਖਾਂ ਤੋਂ ਵੱਖ-ਵੱਖ ਵੀ ਵੇਖਿਆ ਹੈ ਤੇ ਤੁਲਨਾਤਮਕ ਪਰਿਪੇਖ ਵਿਚ ਵੀ। ਇਸ ਪ੍ਰਯੋਗ ਵਿਚ ਉਸ ਨੇ ਪੰਜਾਬੀ ਸ਼ਬਦਾਂ ਦੇ ਉਚਾਰਨ, ਸੁਰ ਲਹਿਰ, ਛੰਦਾਂ, ਮਾਤ੍ਰਾਂ, ਰੁਕਨਾਂ ਤੇ ਬਹਿਰਾਂ ਹਰ ਪੱਖ ਨੂੰ ਵਿਚਾਰਿਆ ਹੈ। ਉਹ ਇਕ ਮਹੱਤਵਪੂਰਨ ਨੁਕਤਾ ਇਹ ਸਪੱਸ਼ਟ ਕਰਦਾ ਹੈ ਕਿ ਪੰਜਾਬੀ ਕਾਵਿ-ਰੂਪਾਂ ਨੇ ਜਿਨ੍ਹਾਂ ਲੋਕ-ਸੁਰਾਂ ਤੇ ਸੁਰ ਲਹਿਰਾਂ ਨੂੰ ਸਵਿਕਾਰਿਆ ਹੈ, ਉਹ ਪਿੰਗਲ ਦੀ ਕਰੜੀ ਬੰਦਿਸ਼ ਨੂੰ ਸਵੀਕਾਰ ਨਹੀਂ ਕਰਦੀਆਂ। ਪੰਜਾਬੀ ਕਾਵਿ-ਰੂਪ ਖਿਚ ਧੂਹ ਕੇ ਹੀ ਛੰਦ ਦੀ ਬੰਦਿਸ਼ ਵਿਚ ਲਿਆਂਦੇ ਜਾਂਦੇ ਹਨ। ਮੈਨੂੰ ਉਸ ਦੀ ਇਹ ਧਾਰਨਾ ਮੁੱਲਵਾਨ ਵੀ ਲੱਗਦੀ ਹੈ ਤੇ ਸਹੀ ਵੀ। ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਇਸ ਦਾ ਪ੍ਰਮਾਣ ਹੈ।

ਸਰਹੱਦੀ ਪਿੰਗਲ ਦੇ ਛੰਦ ਪ੍ਰਬੰਧ ਨੂੰ ਗ਼ਜ਼ਲ ਲਈ ਕਾਫ਼ੀ ਨਹੀਂ ਮੰਨਦਾ। ਗ਼ਜ਼ਲ ਪੰਜਾਬੀ ਕਾਵਿ ਦਾ ਅਨਿੱਖੜ ਅੰਗ ਹੋਣ ਦੇ ਬਾਵਜੂਦ ਪਿੰਗਲ ਵਿਚ ਨਹੀਂ ਸਮਾਂਦੀ। ਇਸ ਸਮੇਂ ਤੱਕ ਪੰਜਾਬੀ ਵਿਚ ਇਕ ਹਜ਼ਾਰ ਦੇ ਕਰੀਬ ਨਾਮ ਗ਼ਜ਼ਲ ਦੇ ਖੇਤਰ ਨਾਲ ਜੁੜ ਚੁੱਕੇ ਹਨ ਤੇ ਇਨ੍ਹਾਂ ਵਿਚੋਂ ਚਾਰ ਸੌ ਦੇ ਕਰੀਬ ਬਾਕਾਇਦਾ ਬਹਿਰ ਵਿਚ ਗ਼ਜ਼ਲਾਂ ਰਚ ਚੁੱਕੇ ਹਨ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਇਹ ਪ੍ਰਾਪਤੀ ਅਚੇਤ ਕੀਤੀ ਹੈ ਜਾਂ ਸੁਚੇਤ। ਅਚੇਤ ਰੂਪ ਵਿਚ ਬਾ-ਬਹਿਰ ਗ਼ਜ਼ਲ ਲਿਖ ਸਕਣ ਦੀ ਯੋਗਤਾ ਅਧਿਐਨ, ਅਭਿਆਸ, ਤਜ਼ਮੀਨ ਤੇ ਸੁਰ ਲਹਿਰ ਦੀ ਸਹਿਜ ਸਮਝ ਨਾਲ ਜੁੜੀ ਹੋਈ ਹੈ। ਸਰਹੱਦੀ ਨੇ ਲਗਭਗ ਚਾਰ ਸੌ ਸ਼ਾਇਰਾਂ ਦੇ ਵਿਸ਼ਲੇਸ਼ਣ ਸਮੇਂ ਇਹ ਦੇਖਣ ਦਾ ਯਤਨ ਕੀਤਾ ਹੈ ਕਿ ਹਰ ਸ਼ਾਇਰ ਨੇ ਕਿਹੜੀ ਬਹਿਰ ਬਹੁਤੀ ਵਰਤੀ ਹੈ। ਇਸ ਉਪਰੰਤ ਉਸਨੇ ਉਸ ਬਹਿਰ ਦਾ ਇਕ ਪ੍ਰਤੀਨਿਧ ਸ਼ਿਅਰ ਲੈ ਕੇ ਉਸ ਬਹਿਰ ਦੀ ਨਿਸ਼ਾਨਦੇਹੀ ਕੀਤੀ ਹੈ। ਇਸ ਸਰਵੇਖਣ ਦੇ ਸਿੱਟੇ ਖਾਸੇ ਧਿਆਨ ਦੀ ਮੰਗ ਕਰਦੇ ਹਨ।

ਪੰਜਾਬੀ ਗ਼ਜ਼ਲ ਦੇ ਅਰੂਜ਼ੀ ਸਰਵੇਖਣ ਦੇ ਆਧਾਰ ਉੱਤੇ ਸਰਹੱਦੀ ਦਾ ਨਿਸ਼ਕਰਸ਼ ਹੈ ਕਿ ਸਾਡੇ ਬਹੁਤੇ ਸ਼ਾਇਰ ਅਰੂਜ਼ ਦੇ ਬਹਿਰ ਵਰਤਦੇ ਹਨ। ਕਬਿੱਤ, ਕੋਰੜਾ ਤੇ ਦੋਹਰਾ ਦੀ ਵਰਤੋਂ ਕੁਝ ਸ਼ਾਇਰਾਂ ਨੇ ਕੀਤੀ ਹੈ ਪਰੰਤੂ ਇਹ ਵੱਡੀ ਗਿਣਤੀ ਵਿਚ ਨਹੀਂ ਕੀਤੀ ਗਈ। ਸਾਰੇ ਰਲਾ ਕੇ ਵੀ ਤਿੰਨ ਕੁ ਪ੍ਰਤੀਸ਼ਤ ਤਕ ਹੀ ਪਹੁੰਚਦੇ ਹਨ। ਉਹ ਇਹ ਵੀ ਦੱਸਦਾ ਹੈ ਕਿ ਦਵੱਈਆ ਤੇ ਕਕੁਭ ਵਰਗੇ ਛੰਦ ਅੱਜ ਬਹਿਰ ਮੁਤਦਾਰਿਕ ਵਿਚ ਹੀ ਬਦਲ ਗਏ ਹਨ। ਸ਼ਿਅਰਾਂ ਦੇ ਅੱਧ ਵਿਚਾਲੇ ਵਿਸ਼ਰਾਮ (ਜਿਸ ਨੂੰ ਸਰਹੱਦੀ ਤੁਕਾਂਗ ਕਹਿੰਦਾ ਹੈ) ਦੇਣ ਦੀ ਰੁਚੀ ਭਾਵੇਂ ਪਿੰਗਲ ਨਾਲ ਜੁੜੀ ਹੋਈ ਹੈ ਪਰੰਤੂ ਗ਼ਜ਼ਲ ਵਿਚ ਵੀ ਇਸ ਨੂੰ ਖਾਸੀ ਸਵੀਕ੍ਰਿਤੀ ਮਿਲੀ ਹੈ। ਸਰਹੱਦੀ ਅਨੁਸਾਰ ਸਾਡੇ ਸ਼ਾਇਰ ਪਿੰਗਲ ਦੀ ਥਾਂ ਅਰੂਜ਼ ਵੱਲ ਵਧੇਰੇ ਝੁਕੇ ਹੋਏ ਹਨ। ਇਸ ਸਰਵੇਖਣ ਦਾ ਸਭ ਤੋਂ ਧਿਆਨ ਦੇਣ ਯੋਗ ਸਿੱਟਾ ਇਹ ਹੈ ਕਿ ਅੱਸੀ ਪ੍ਰਤੀਸ਼ਤ ਤੋਂ ਵਧੇਰੇ ਪੰਜਾਬੀ ਗ਼ਜ਼ਲ ਚਾਰ ਬਹਿਰਾਂ ਵਿਚ ਹੀ ਪ੍ਰਾਪਤ ਹੈ ਤੇ ਇਹ

ਚਾਰ ਬਹਿਰਾਂ ਹਨ : ਰਮਲ, ਹਜ਼ਜ, ਮੁਜ਼ਾਰਿਆ ਅਤੇ ਸੱਭ ਫੇਲੁਨ ਫੇ ਵਾਲੀ ਜ਼ਿਹਾਫ਼ੀ ਬਹਿਰ। ਚਾਰ ਸੌ ਦੋ ਸ਼ਾਇਰਾਂ ਵਿਚੋਂ 119 ਨੂੰ ਬਹਿਰ ਰਮਲ ਸਭ ਤੋਂ ਵੱਧ ਪਸੰਦ ਹੈ। ਇਸ ਵਿਚ ਵੀ ਅੱਗੇ 'ਰਮਲ ਮੁਸੱਮਨ ਮਹਿਜ਼ੂਫ' ਦਾ ਰੂਪ ਸਭ ਤੋਂ ਵੱਧ ਵਰਤਿਆ ਗਿਆ। ਚਾਰ ਰੁਕਨੀ ਫਾਇਲਾਤੁਨ ਦੇ ਆਖਰੀ ਰੁਕਨ ਦਾ ਇਕ ਗੁਰੂ ਘਟਾ ਕੇ ਸਾਡੇ ਪੰਜਾਬੀ ਸ਼ਾਇਰਾਂ ਨੇ ਬਹੁਤ ਵਾਰ ਵਰਤਿਆ ਹੈ। ਰਮਲ ਵਾਂਗ ਹੀ ਹਜ਼ਿਜ ਬਹਿਰ ਸਾਡੇ ਪੰਜਾਬੀ ਸ਼ਾਇਰਾਂ ਨੇ ਬਹੁਤ ਜ਼ਿਆਦਾ ਵਰਤੀ ਹੈ। ਇਹ ਚਾਰ ਮੁਫ਼ਾਈਲੁਨ ਇਕ ਮਿਸਰੇ ਵਿਚ ਵਰਤਨ ਵਾਲੀ ਬਹਿਰ ਹੈ। ਤਿੰਨ ਫੇਲੁਨ ਫੇ ਤੋਂ ਲੈ ਕੇ ਚਾਰ, ਪੰਜ, ਛੇ ਤੇ ਸੱਤ ਫੇਲੁਨ ਫੇ ਵਾਲੀਆਂ ਬਹਿਰਾਂ ਪੰਜਾਬੀ ਸ਼ਾਇਰਾਂ ਨੇ ਸਹਿਜੇ ਹੀ ਵਰਤੀਆਂ ਹਨ। ਨਵੀਂ ਗ਼ਜ਼ਲ ਦੇ ਅਰੂਜ਼ੀ ਝੁਕਾਅ ਨੂੰ ਵੇਖੀਏ ਤਾਂ ਚਾਰ ਮੁਤੁਫਾਇਲੁਨ ਵਾਲੀ ਬਹਿਰ ਕਾਮਿਲ ਵਿਚ ਸਾਡੇ ਸ਼ਾਇਰਾਂ ਦੀ ਰੁਚੀ ਵਧ ਰਹੀ ਦਿਸਦੀ ਹੈ।

ਸਰਹੱਦੀ ਦਾ ਨਿਸ਼ਕਰਸ਼ ਹੈ ਕਿ ਪੰਜਾਬੀ ਗ਼ਜ਼ਲ ਰੂਪਕ ਪੱਖੋਂ ਹੁਣ ਮਾਣ ਕਰਨ ਯੋਗ ਬਣ ਚੁੱਕੀ ਹੈ। ਸਾਡੇ ਗ਼ਜ਼ਲਗੋ ਇਸ ਦੀ ਤਕਨੀਕ ਦੇ ਬਾਰੀਕੀ ਨੁਕਤਿਆਂ ਨੂੰ ਸਮਝਣ ਵੱਲ ਰੁਚਿਤ ਹੋ ਰਹੇ ਹਨ। ਸ਼ਬਦਾਂ ਦੇ ਤਲੱਫ਼ੁਜ਼, ਅੱਖਰ ਡੇਗਣ ਦਾ ਵਿਧਾਨ ਤੇ ਸਾਕਨ ਮੁਤਹਰਕ ਬਾਰੇ ਵੀ ਉਹ ਜਾਨਣਾ ਚਾਹੁੰਦੇ ਹਨ। ਪੰਜਾਬੀ ਗ਼ਜ਼ਲ ਬਾਰੇ ਇਸ ਕਿਸਮ ਦਾ ਅਰੂਜ਼ੀ ਵਿਸ਼ਲੇਸ਼ਣ ਪਹਿਲੀ ਵਾਰ ਹੋਇਆ ਹੈ ਅਤੇ ਇਸ ਦੇ ਨਿਸ਼ਕਰਸ਼ ਗ਼ਜ਼ਲ ਵਿਚ ਰੁਚੀ ਰੱਖਣ ਵਾਲੇ ਹਰ ਵਿਅਕਤੀ ਦੇ ਧਿਆਨ ਦਾ ਕੇਂਦਰ ਬਣਨਗੇ।

ਪੰਜਾਬੀ ਗ਼ਜ਼ਲ ਦੇ ਵਿਆਪਕ ਅਰੂਜ਼ੀ ਸਰਵੇਖਣ ਉਪਰੰਤ ਸੁਲੱਖਣ ਸਰਹੱਦੀ ਨੇ ਇਸ ਦੀ ਮਾਈਕਰੋ-ਸਟੱਡੀ ਵੀ ਕੀਤੀ ਹੈ। ਇਸ ਕਾਰਜ ਲਈ ਉਸ ਨੇ ਉਸਤਾਦ ਸ਼ਾਇਰ ਜਗਤਾਰ ਨੂੰ ਚੁਣਿਆ ਹੈ। ਜਗਤਾਰ ਲੰਬੇ ਸਮੇਂ ਤੋਂ ਪੰਜਾਬੀ ਗ਼ਜ਼ਲ ਰਚਨ ਦੀ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ। ਬਹਿਰ ਤੇ ਤਕਨੀਕ ਦੇ ਸਹਿਜ ਤੇ ਸੁਹਜ ਵਿਚ ਰਹਿੰਦੇ ਹੋਏ ਉਸ ਨੇ ਆਮ ਆਦਮੀ ਦੇ ਫ਼ਿਕਰਾਂ ਦੀ ਗੱਲ ਆਪਣੀ ਗ਼ਜ਼ਲ ਵਿਚ ਕੀਤੀ ਹੈ। ਸਰਹੱਦੀ ਨੇ ਜਗਤਾਰ ਦੀਆਂ ਚਾਰ ਪੁਸਤਕਾਂ (ਸ਼ੀਸ਼ੇ ਦਾ ਜੰਗਲ, ਟਾਪੂਆਂ ਵਿਚ ਘਿਰਿਆ ਸਮੁੰਦਰ, ਜੁਗਨੂੰ ਦੀਵਾ ਤੇ ਦਰਿਆ ਅਤੇ ਅੱਖਾਂ ਵਾਲੀਆਂ ਪੈੜਾਂ) ਵਿਚ ਅੰਕਿਤ ਗ਼ਜ਼ਲਾਂ ਨਾਲ ਉਸ ਦੀਆਂ ਕੁਝ ਨਵੀਨਤਮ ਗ਼ਜ਼ਲਾਂ ਲੈ ਕੇ ਤਿੰਨ ਸੌ ਗ਼ਜ਼ਲਾਂ ਦਾ ਅਰੂਜ਼ੀ ਵਿਸ਼ਲੇਸ਼ਣ ਕਰਕੇ ਉਸ ਦੇ ਅਰੂਜ਼ੀ ਝੁਕਾਵਾਂ ਤੇ ਪ੍ਰਾਪਤੀਆਂ ਬਾਰੇ ਕੁਝ ਸਥਾਪਨਾਵਾਂ ਕਾਇਮ ਕਰਨ ਦਾ ਉੱਦਮ ਕੀਤਾ ਹੈ। ਉਸ ਦਾ ਨਿਰਣਾ ਹੈ ਕਿ ਜਗਤਾਰ ਨੇ ਤਿੰਨ ਸੌ ਵਿਚੋਂ 115 ਗ਼ਜ਼ਲਾਂ ਬਹਿਰ ਰਮਲ ਵਿਚ ਲਿਖੀਆਂ ਹਨ। ਰਮਲ ਨੂੰ ਸਾਲਿਮ ਰੂਪ ਵਿਚ ਵਰਤਣ ਦੀ ਥਾਂ ਇਸ ਦੇ ਰੂਪਾਂਤਰ ਵਧੇਰੇ ਵਰਤੇ ਹਨ। ਤਿਹੱਤਰ ਗ਼ਜ਼ਲਾਂ ਵਿਚ ਬਹਿਰ ਹਜ਼ਜ ਵਰਤੀ ਗਈ ਹੈ। ਇਸ ਦੇ ਵੀ ਸਾਲਿਮ ਤੇ ਜ਼ਿਹਾਫ਼ੀ ਦੋਵੇਂ ਰੂਪਾਂਤਰ ਉਸ ਨੇ ਵਰਤੇ ਹਨ। ਤੀਜੇ ਨੰਬਰ ਉੱਤੇ ਉਸ ਨੇ ਮੁਜ਼ਾਰਿਆ ਬਹਿਰ ਦਾ ਆਸਰਾ ਲਿਆ ਹੈ ਜੋ ਉਸ ਨੇ ਲਗਭਗ ਵੀਹ ਪ੍ਰਤੀਸ਼ਤ ਗ਼ਜ਼ਲਾਂ ਲਈ ਵਰਤੀ ਹੈ। ਭਾਰਤੀ ਪਿੰਗਲ ਪਰੰਪਰਾ ਦੇ ਛੰਦਾਂ ਦੀ ਵਰਤੋਂ ਜਗਤਾਰ ਨੇ ਅੱਠ ਕੁ ਪ੍ਰਤੀਸ਼ਤ ਗ਼ਜ਼ਲਾਂ ਵਿਚ ਕੀਤੀ ਹੈ। ਬਾਕੀ ਗ਼ਜ਼ਲਾਂ ਵਿਚੋਂ ਬਹੁਤੀਆਂ ਫੇਲਨ ਜਾਂ ਫੇਲੁਨ ਫੇ ਦੇ ਜੋੜ ਨਾਲ ਸਿਰਜੀਆਂ ਗਈਆਂ ਹਨ। ਕਮਾਲ

ਇਹ ਹੈ ਕਿ ਜਗਤਾਰ ਵਾਲਾ ਅਰੂਜ਼ੀ ਰੁਝਾਨ ਹੀ ਪੰਜਾਬੀ ਦੇ ਚਾਰ ਸੌ ਦੇ ਕਰੀਬ ਸ਼ਾਇਰਾਂ ਦੇ ਸਾਂਝੇ ਵਿਸ਼ਲੇਸ਼ਣ ਉਪਰੰਤ ਵੀ ਸਾਹਮਣੇ ਆਉਂਦਾ ਦਿਸਦਾ ਹੈ। ਇਸ ਰੁਝਾਨ ਦੇ ਆਧਾਰ ਉੱਤੇ ਜਗਤਾਰ ਨੂੰ ਪੰਜਾਬੀ ਦਾ ਪ੍ਰਤੀਨਿਧ ਗ਼ਜ਼ਲਗੋ ਤੇ ਰਾਹ ਦਿਸੇਰਾ ਸ਼ਾਇਰ ਆਖਣਾ ਮੈਨੂੰ ਅਨਉਚਿਤ ਨਹੀਂ ਜਾਪਦਾ।

ਪੰਜਾਬੀ ਗ਼ਜ਼ਲ ਦੀ ਆਲੋਚਨਾ ਸਮੇਂ ਅਕਸਰ ਹੀ ਵਿਸ਼ੇ, ਪ੍ਰਤੀਕਾਂ ਜਾਂ ਸ਼ਬਦ ਚੋਣ ਉੱਤੇ ਟਿੱਪਣੀ ਨਾਲ ਹੀ ਗੱਲ ਮੁਕਾ ਦਿੱਤੀ ਜਾਂਦੀ ਹੈ। ਗ਼ਜ਼ਲਾਂ ਦੀ ਬਹਿਰ, ਸ਼ਿਅਰਾਂ ਦੀ ਅਰੂਜ਼ੀ ਪਕਿਆਈ ਆਦਿ ਬਾਰੇ ਚੁਪ ਵੀ ਵੱਟੀ ਜਾਂਦੀ ਹੈ। ਸਰਹੱਦੀ ਦੁਆਰਾ ਗ਼ਜ਼ਲ ਪੁਸਤਕਾਂ ਬਾਰੇ ਕੀਤੇ ਰੀਵਿਊ ਇਸ ਦਾ ਅਪਵਾਦ ਹੁੰਦੇ ਹਨ। ਉਸਦੀ ਇੱਛਾ ਹੈ ਕਿ ਗ਼ਜ਼ਲ ਬਾਰੇ ਆਲੋਚਨਾ ਸਮੇਂ ਹੋਰ ਆਲੋਚਕ ਇਸ ਪਾਸੇ ਤੁਰਨ। ਇਸ ਲਈ ਉਸ ਨੇ ਗ਼ਜ਼ਲਾਂ ਦੀ ਤਕਤੀਹ ਬਾਰੇ ਵਿਸਤ੍ਰਿਤ ਵਿਵਹਾਰਕ ਚਰਚਾ ਇਸ ਪੁਸਤਕ ਵਿਚ ਕੀਤੀ ਹੈ। ਵੱਡੀ ਗਿਣਤੀ ਵਿਚ ਉਦਾਹਰਣਾਂ ਦੇ ਕੇ ਇਸ ਕਾਰਜ ਨੂੰ ਸਰਲ ਤੇ ਸਮਝਣ ਯੋਗ ਬਣਾਉਣਾ ਉਸ ਦੀ ਮਾਣਯੋਗ ਪ੍ਰਾਪਤੀ ਹੈ।

ਗ਼ਜ਼ਲ ਵਿਚ ਸ਼ਬਦਾਂ ਦੇ ਤਦਭਵ ਤਤਸਮ ਰੂਪਾਂ ਤੇ ਉਚਾਰਣ ਦਾ ਅਰੂਜ਼ੀ ਪੱਖੋਂ ਵਿਸ਼ੇਸ਼ ਮਹੱਤਵ ਹੁੰਦਾ ਹੈ। ਸਰਹੱਦੀ ਨੇ ਇਸ ਪੱਖੋਂ ਤਤਸਮ ਤੇ ਤਦਭਵ ਦੋਹਾਂ ਰੂਪਾਂ ਵਿਚ ਬੱਝਣ ਵਾਲੇ ਸ਼ਬਦ ਨਿਖੇੜੇ ਹਨ। ਕੁਝ ਅੱਖਰਾਂ ਦੇ ਵਜ਼ਨ ਦੀ ਸਮੱਸਿਆ ਹੱਲ ਕੀਤੀ ਹੈ। ਉਸ ਨੇ ਸ਼ਬਦ ਚੋਣ ਤੇ ਤਕਤੀਹ ਪੱਖੋਂ ਲਗਭਗ ਹਰ ਮਹੱਤਵਪੂਰਨ ਗੁੰਝਲ ਨੂੰ ਛੋਹ ਕੇ ਉਸ ਬਾਰੇ ਸਪੱਸ਼ਟ ਨਿਰਣਾ ਦਿੱਤਾ ਹੈ। ਤਿੰਨ ਵਰਣਾਂ ਵਾਲੇ ਸ਼ਬਦਾਂ ਨੂੰ ਉਚਾਰਣ ਪੱਖੋਂ ਗ਼ਜ਼ਲ ਵਿਚ ਬੰਨ੍ਹਣਾ ਪੰਜਾਬੀ ਗ਼ਜ਼ਲ ਦੀ ਇਕ ਵੱਡੀ ਸਮੱਸਿਆ ਰਹੀ ਹੈ। ਭਾਵੇਂ ਇਸ ਬਾਰੇ ਸਰਹੱਦੀ ਨੇ ਨਿਠ ਕੇ ਵਿਚਾਰ ਕੀਤੀ ਹੈ ਅਤੇ ਗਿਆਰਾਂ ਸੌ ਸ਼ਬਦਾਂ ਦਾ ਉਚਾਰਣ ਅਰੂਜ਼ ਅਨੁਸਾਰ ਨਿਸ਼ਚਿਤ ਕੀਤਾ ਹੈ, ਪਰ ਉਸ ਨੇ ਪੰਜਾਬੀ ਸੁਰ ਲਹਿਰ ਤੇ ਲੋਕ ਪਰੰਪਰਾ ਦੇ ਆਧਾਰ ਉੱਤੇ ਇਹ ਨਿਸ਼ਕਰਸ਼ ਪੇਸ਼ ਕੀਤਾ ਹੈ ਕਿ ਅਕਸਰ ਹੀ ਤਿੰਨ ਹਰਫ਼ੀ ਲਫ਼ਜ਼ ਨੂੰ ਗੁਰੂ ਲਘੂ ਤਰਤੀਬ ਵਿਚ ਬੰਨ੍ਹਣਾ ਅਤੇ ਉਚਾਰਨਾ ਸਹੀ ਸਾਬਤ ਹੁੰਦਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਅਰੂਜ਼ ਪੱਖੋਂ ਅਜਿਹੇ ਸ਼ਬਦਾਂ ਨੂੰ ਉਚਾਰਨ ਵੇਲੇ ਪਹਿਲਾ ਹਰਫ਼ ਮੁਤਹਰਕ ਤੇ ਅਗਲੇ ਦੋਵੇਂ ਸਾਕਿਨ ਰੱਖਣਾ ਸਹੀ ਸਾਬਤ ਹੁੰਦਾ ਹੈ। ਪੰਜਾਬੀ ਪਰੰਪਰਾ ਅਤੇ ਅਰੂਜ਼ੀ ਪਕਿਆਈ ਪੱਖੋਂ ਸਰਹੱਦੀ ਤਿੰਨ ਹਰਫ਼ੀ ਸ਼ਬਦਾਂ ਦੇ ਉਚਾਰਨ ਦੇ ਆਪਣੇ ਵਲੋਂ ਨਿਸ਼ਚਿਤ ਵਿਧਾਨ ਨੂੰ ਇਸ ਤੋਂ ਪਹਿਲਾਂ ਹੋਰ ਆਲੋਚਕਾਂ ਵਲੋਂ ਨਿਰਧਾਰਿਤ ਵਿਧਾਨ ਨਾਲੋਂ ਵਧੇਰੇ ਵਿਗਿਆਨਕ ਮੰਨਦਾ ਹੈ ਤੇ ਉਸ ਦੀਆਂ ਦਲੀਲਾਂ ਵਿਚ ਵਜ਼ਨ ਵੀ ਪ੍ਰਤੀਤ ਹੁੰਦਾ ਹੈ।

ਮੈਂ ਆਰੰਭ ਵਿਚ ਹੀ ਸੁਲੱਖਣ ਸਰਹੱਦੀ ਦੇ ਗ਼ਜ਼ਲ ਨਾਲ ਇਸ਼ਕ ਦੀ ਗੱਲ ਕੀਤੀ ਸੀ। ਇਹ ਇਸ਼ਕ ਗ਼ਜ਼ਲ ਨਾਲ ਹੀ ਨਹੀਂ ਇਸ ਦੇ ਅਰੂਜ਼ ਨਾਲ ਵੀ ਹੈ। ਮੈਨੂੰ ਉਸ ਦਾ ਇਹ ਇਸ਼ਕ ਜਨੂੰਨ ਤੇ ਸਨਕ ਦੀ ਹੱਦ ਛੋਂਹਦਾ ਲੱਗਦਾ ਹੈ। ਉਸ ਨੂੰ ਗ਼ਜ਼ਲ ਨਾਲ ਇਸ ਸੁੱਚੇ ਇਸ਼ਕ ਉੱਤੇ ਬਜਾ ਤੌਰ ਉੱਤੇ ਮਾਣ ਹੈ ਤੇ ਮੈਂ ਉਸ ਦੇ ਇਸ ਜਨੂੰਨ ਬਾਰੇ ਇਹੀ ਕਹਾਂਗਾ 'ਖ਼ੁਦਾ ਤੇਰੇ ਜਨੂੰ ਕੀ ਉਮਰ ਦਰਾਜ਼ ਕਰੇ' ਪੰਜਾਬੀ ਗ਼ਜ਼ਲ ਆਲੋਚਨਾ ਉਸ ਦੇ ਇਸ ਜਨੂੰਨ ਨਾਲ ਨਿਸ਼ਚੇ ਹੀ ਹੋਰ ਅਮੀਰ ਹੋਵੇਗੀ।

ਭਗਤ ਸਿੰਘ

ਜਸਵੰਤ ਜ਼ਫ਼ਰ

ਮੇਰੇ ਦਾਦੇ ਦੇ ਜਨਮ ਵੇਲੇ ਤੂੰ ਬਾਰਾਂ ਵਰ੍ਹਿਆਂ ਦਾ ਸੀ
ਸ਼ਹੀਦੀ ਖ਼ੂਨ ਨਾਲ ਭਿੱਜੀ
ਜਲ੍ਹਿਆਂ ਵਾਲੇ ਬਾਗ਼ ਦੀ ਮਿੱਟੀ ਨਮਸਕਾਰਦਾ

ਦਾਦਾ ਬਾਰਾਂ ਵਰ੍ਹਿਆਂ ਦਾ ਹੋਇਆ
ਤੂੰ 24 ਸਾਲਾਂ ਭਰ ਗੱਭਰੂ ਸੀ
ਤੇਰਾ ਸ਼ਹੀਦੀ ਵੇਲ਼ਾ ਸੀ।

ਦਾਦਾ ਗੱਭਰੂ ਹੋਇਆ ਤਾਂ ਵੀ ਤੂੰ
24 ਸਾਲਾਂ ਦਾ ਭਰ ਜਵਾਨ ਗੱਭਰੂ ਸੀ

ਮੈਂ 24 ਸਾਲਾਂ ਦਾ ਹੋਇਆ
ਤਾਂ ਵੀ ਤੂੰ
24 ਸਾਲਾਂ ਦਾ ਭਰ ਗੱਭਰੂ ਸੀ
ਮੈਂ 25, 26, 27 .... 37 ਸਾਲ ਦਾ ਹੋਇਆ
ਤੂੰ 24 ਸਾਲਾ ਭਰ ਜਵਾਨ ਗੱਭਰੂ ਹੀ ਰਿਹਾ।

ਮੈਂ ਹਰ ਜਨਮ ਦਿਨ ਤੇ
ਬੁਢਾਪੇ ਵੱਲ ਇੱਕ ਸਾਲ ਵਧਦਾ ਹਾਂ
ਤੂੰ ਹਰ ਸ਼ਹੀਦੀ ਦਿਨ ਤੇ
24 ਸਾਲਾ ਭਰ ਜਵਾਨ ਗੱਭਰੂ ਹੁੰਦਾ ਹੈਂ।

ਉਂਜ ਅਸੀਸ ਤਾਂ ਸਾਰੀਆਂ ਮਾਵਾਂ ਦਿੰਦੀਆਂ ਨੇ
'ਜਿਉਂਦਾ ਰਹੇ, ਸਦਾ ਜਵਾਨੀਆਂ ਮਾਣੇਂ'
ਪਰ ਤੂੰ ਸੱਚ ਮੁੱਚ ਜਿਉਂਦਾ ਹੈਂ ਭਰ ਜੁਆਨ ਗੱਭਰੂ
ਸਦਾ ਜੁਆਨੀਆਂ ਮਾਣਦਾ ਹੈਂ।

ਜਿਹਨਾਂ ਅਜੇ ਪੈਦਾ ਹੋਣਾ ਹੈ
ਉਹਨਾਂ ਗੱਭਰੂਆਂ ਦੇ ਵੀ ਹਾਣਦਾ ਹੈਂ।

25/V, ਪਾਵਰ ਕਲੋਨੀ-II ਸਰਾਭਾ ਨਗਰ, ਲੁਧਿਆਣਾ ਫੋਨ - 2452977

ਤੁਰਦੇ ਪੈਰਾਂ ਦੀ ਦਾਸਤਾਨ

(ਅਜਮੇਰ ਸਿੰਘ ਸਿੱਧੂ)

'ਤੁਰਦੇ ਪੈਰਾਂ ਦੀ ਦਾਸਤਾਨ' ਕਹਾਣੀਕਾਰ ਅਜਮੇਰ ਸਿੱਧੂ ਦੁਆਰਾ ਰਚਿਤ, ਦਰਸ਼ਨ ਦੁਸਾਂਝ ਦੇ ਜੀਵਨ ਦੀ ਸੰਘਰਸ਼ ਕਥਾ ਹੈ। ਦਰਸ਼ਨ ਭਾਰਤੀ ਕਮਿਊਨਿਸਟ ਲਹਿਰ ਅੰਦਰ ਪੈਦਾ ਹੋਏ ਜਮੂਦ ਨੂੰ ਤੋੜਨ ਵਾਲੀ ਨਕਸਲੀ ਲਹਿਰ ਦੇ ਸੁਹਿਰਦ ਤੇ ਇਨਕਲਾਬੀ ਮਰਜੀਵੜਿਆਂ ਵਿਚ ਸ਼ੁਮਾਰ ਸੀ। ਹਥਲੀ ਪੁਸਤਕ ਅੰਦਰ, ਜਿੱਥੇ ਦਰਸ਼ਨ ਦੇ ਇਕ ਬੰਗਾਲੀ ਮੁਸਲਮਾਨ ਮਛੇਰੇ ਦੀ ਔਲਾਦ ਹੋਣ ਦੇ ਵੇਰਵੇ ਤੋਂ ਲੈ ਕੇ, ਸੀ.ਟੀ.ਸੀ.ਪੀ.ਆਈ. (ਐਮ.ਐਲ.) ਦੇ ਸੂਬਾ ਕਮੇਟੀ ਮੈਂਬਰ ਬਣਨ ਤੱਕ ਦਾ ਵੇਰਵਾ ਦਰਜ ਉਸਦੇ ਜੀਵਨ ਦੀਆਂ ਕੁਝ ਬਾਰੀਕੀਆਂ ਸਮੇਤ ਦਰਜ ਹੈ, ਉਥੇ ਭਾਰਤੀ ਕਮਿਊਨਿਸਟ ਲਹਿਰ ਅੰਦਰ ਸਮੇਂ-ਸਮੇਂ ਪੈਂਦੀਆਂ ਰਹੀਆਂ ਫੁੱਟਾਂ ਅਤੇ ਇਹਨਾਂ ਫੁੱਟਾਂ ਦੀ ਬਦੌਲਤ ਨਿਯੁਕਤ ਕਮਿਊਨਿਸਟ ਲਹਿਰ ਦੇ ਪੈਰ-ਪੈਰ ਤੇ ਹੁੰਦੇ ਰਹੇ ਟੋਟਿਆਂ ਦਾ ਵੀ ਬਾਖੂਬੀ ਵਰਨਣ ਹੋਇਆ ਹੈ। ਕਮਿਊਨਿਸਟ ਲਹਿਰ ਅੰਦਰ ਇਸ ਤੱਥ ਦੀ ਬਹੁਤੀ ਅਹਿਮੀਅਤ ਨਹੀਂ ਕਿ ਦਰਸ਼ਨ ਦਾ 'ਪਿਤਾ' ਹਜ਼ਾਰਾ ਸਿੰਘ ਛੋਟਾ ਕਿਸਾਨ ਹੋਣ ਕਰਕੇ ਟਰੱਕ ਡਰਾਇਵਰੀ ਕਰਦਾ ਸੀ ਜਾਂ ਉਸਦੇ ਅਮਲੀ ਵੈਲੀ ਹੋਣ ਦੇ ਔਗੁਣ ਕਾਰਨ ਉਸਨੂੰ ਕਲਕੱਤੇ ਤੋਂ ਹੀ ਆਪਣੀ ਜੀਵਣ-ਸਾਥਣ ਲਿਆਉਣੀ ਪਈ ਸੀ, ਜਾਂ ਉਸਦੀ ਆਪਣੀ ਕੋਈ ਔਲਾਦ ਨਾ ਹੋਣ ਕਾਰਨ ਉਸਨੇ ਘਰੇਲੂ ਨੌਕਰਾਣੀ ਇਕ ਮੁਸਲਮਾਨ ਔਰਤ ਦੇ ਤਿੰਨ-ਚਾਰ ਬੱਚਿਆਂ ਵਿਚੋਂ ਇਕ ਨੂੰ ਗੋਦ ਲੈ ਕੇ ਉਸਦਾ ਨਾਂ ਦਰਸ਼ਨ ਰੱਖ ਲਿਆ ਸੀ ਜਾਂ ਪਿੱਛੋਂ ਜਾ ਕੇ ਉਸਨੇ ਦਰਸ਼ਨ ਨੂੰ ਬੇ-ਦਖ਼ਲ ਕਰਕੇ ਆਪਣੀ ਭੋਏਂ ਕਿਸੇ ਹੋਰ ਕੋਲ ਵੇਚ ਦਿੱਤੀ ਸੀ, ਜਾਂ ਦਰਸ਼ਨ ਨੂੰ ਆਪਣੇ ਪਿਓ ਨਾਲ ਮੁਕੱਦਮੇਬਾਜ਼ੀ ਕਰਨੀ ਪਈ ਸੀ ਤੇ ਉਹ ਹਾਰ ਗਿਆ ਸੀ। ਅਜਿਹੇ ਵਰਤਾਰੇ ਹਰ ਪਿੰਡ ਹਰ ਗਰਾਂ 'ਚ ਆਮ ਕਰਕੇ ਵਾਪਰਦੇ ਹੀ ਰਹਿੰਦੇ ਹਨ। ਇਥੇ ਇਹ ਵਰਤਾਰਾ ਇਕ ਖਿਡਾਰੀ, ਕਾਵਿਕ-ਪ੍ਰਤਿਭਾ, ਨਾਟਕੀ ਯੋਗਤਾ ਜਥੇਬੰਧਕ ਕਾਰਜਕੁਸ਼ਲਤਾ ਦੇ ਸੁਆਮੀ ਸੰਵੇਦਨਸ਼ੀਲ ਮਨੁੱਖ ਜਿਸ ਦਾ ਨਾਮ ਦਰਸ਼ਨ ਦੁਸਾਂਝ ਹੈ, ਉਸ ਨਾਲ ਵਾਪਰਿਆ ਹੈ, ਇਸ ਲਈ ਉਹ ਆਪਣੇ ਨਿੱਜ ਦੀ ਪੀੜ ਨੂੰ ਸਮੂਹ ਸਮੂਹ ਮਾਨਵੀ ਪੀੜ ਵਿਚ ਉਲਥਾ ਕੇ ਦੇਖਦਾ ਹੈ। ਉਸਨੂੰ ਆਪਣੇ ਆਲੇ-ਦੁਆਲੇ ਵਿਚਰਦੀ ਸਮਾਜੀ-ਸਿਆਸੀ ਕੂਟ-ਨੀਤੀ ਨੂੰ ਮਨੁੱਖ ਦੀ ਅਜਿਹੀ ਦੁਖਦਾਇਕ ਦਸ਼ਾ ਦਾ ਕਾਰਨ ਸਮਝਦਾ ਹੈ। ਇਉਂ ਉਹ ਤੇ ਉਸਦਾ ਬੇਚੈਨ ਆਪਾ ਸਮਾਜਿਕ ਪ੍ਰੀਵਰਤਨ ਲਈ ਕਾਰਜਸ਼ੀਲ ਕਮਿਊਨਿਸਟ ਫ਼ਲਸਫ਼ੇ ਨਾਲ ਜੁੜ ਕੇ ਇਸ ਫ਼ਲਸਫ਼ੇ ਦੇ ਜਨਤਕ ਪ੍ਰਵਚਨ ਇਪਦਾ ਨਾਮੀਂ ਡਰਾਮਾ ਨਾਲ ਜੁੜ ਜਾਂਦਾ ਹੈ। ਇਕ ਨਹੀਂ ਕਈ ਕਦਮ ਹੋਰ ਅਗਾਂਹ ਤੁਰ ਕੇ ਉਹ ਵਿਦਿਆਰਥੀਆਂ, ਨੌਜਵਾਨਾਂ, ਕਿਸਾਨਾਂ, ਖੇਤ-ਮਜ਼ਦੂਰ, ਭੱਠਾ ਮਜ਼ਦੂਰ ਦੇ ਸੰਘਰਸ਼ਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ। ਸੰਯੁਕਤ ਪਾਰਟੀ ਸਫਾ ਅੰਦਰ ਉਸਦੀ ਕਾਰਜਗੁਜ਼ਾਰੀ ਇਮਾਨਦਾਰ ਤੇ ਕੁਸ਼ਲ ਸਿਪਾਹੀ ਵਜੋਂ ਜਾਣੀ ਜਾਂਦੀ ਹੈ। ਪਰ ਪਾਰਟੀ ਅੰਦਰ ਅਹੁਦੇਦਾਰੀਆਂ ਹਥਿਆਉਣ ਲਈ ਸਿਧਾਂਤ ਦੇ ਨਾਂ 'ਤੇ ਚਲਦੀ ਢੁੱਚਰਬਾਜ਼ੀ ਉਸਦੇ ਕਦਾਚਿੱਤ ਵੀ ਮੇਚ ਨਹੀਂ ਆਉਂਦੀ। ਨਾ ਸੀ.ਪੀ.ਆਈ. ਵਿਚ ਰਹਿ ਕੇ, ਨਾ ਸੀ.ਪੀ.ਆਈ (ਐਮ.) ਵਿਚ ਰਹਿ ਕੇ ਨਾ ਸੀ.ਪੀ.ਆਈ. (ਐਮ.ਐਲ.) ਜਾਂ ਇਸ ਦੇ ਅਗਾਂਹ ਤੋਂ ਅਗਾਂਹ ਹੁੰਦੇ ਗਏ ਟੋਟਿਆਂ ਵਿਚ ਵਿਚਰ ਕੇ। ਸ਼ਾਇਦ ਇਸ ਦਾ ਕਾਰਨ ਉਸਦੀ ਅੰਦਰਲੀ ਸਾਹਿਤਕ ਸੰਵੇਦਨਾ ਹੋਵੇ। ਅਪਰੋਖ ਰੂਪ ਵਿਚ ਅਜਮੇਰ ਦੀ

ਪੁਸਤਕ ਇਸ ਤੱਥ ਵੱਲ ਵੀ ਇਸ਼ਾਰਾ ਕਰਦੀ ਹੈ।

ਇਸ ਪੁਸਤਕ ਦਾ ਦੂਜਾ ਅਹਿਮ ਤੱਤ ਕਮਿਊਨਿਸਟ ਪਾਰਟੀਆਂ ਦੇ ਵਿਕਾਸ ਜਾਂ ਵਿਨਾਸ਼ ਦੀ ਗਾਥਾ ਹੈ। ਜਿੱਥੇ ਦੁਨੀਆ ਭਰ ਦੇ ਕਾਮਿਆਂ ਨੂੰ ਇਕ ਜੁੱਟ ਕਰਨ ਦੇ ਐਲਾਨ-ਨਾਮੇ ਦੀ ਝੰਡਾ ਬਰਦਾਰ ਹੋਣ ਦਾ ਦਾਅਵਾ ਕਰਦੀ ਕਮਿਊਨਿਸਟ ਵਿਚਾਰਧਾਰਾ, ਕਰੀਬ ਅੱਧੀ-ਪੌਣੀ ਸਦੀ ਅੰਦਰ ਹੀ, ਇਸ ਧਰਤੀ ਦੀ ਤਿੰਨ-ਚੌਥਾਈ ਵਸੋਂ ਤੇ ਆਪਣਾ ਪ੍ਰਭਾਵ ਕਾਇਮ ਕਰਨ ਵਿਚ ਸਫ਼ਲ ਹੁੰਦੀ ਹੈ, ਉਥੇ ਇਸ ਦੀ ਵਿਨਾਸ਼ੀ ਪ੍ਰਕਿਰਿਆ ਵੀ ਨਾਲ ਦੀ ਨਾਲ ਜਾਰੀ ਰਹੀ ਹੈ। ਇਸ ਵਿਸ਼ਵ-ਪੱਧਰੀ ਵਰਤਾਰੇ ਨੂੰ ਦਰਸ਼ਨ ਦੁਸਾਂਝ ਨਾਮੀਂ ਕਾਰਕੁਨ ਨਾਲ ਸੰਬੰਧਤ 'ਨਵਾਂ ਸ਼ਹਿਰ ਦੀ ਇਕਾਈ' ਨਾਲ ਜੋੜ ਕੇ ਦੇਖਣ ਨਾਲ ਇਸ ਪੁਸਤਕ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਇਸ ਧਰਤੀ ਦੇ ਭਾਰਤ ਨਾਮੀਂ ਖਿੱਤੇ ਦਾ ਸਮਾਜਿਕ ਵਰਤਾਰਾ, ਸਾਮੰਤੀ ਹੈ ਜਾਂ ਪੂੰਜੀਦਾਰੀ, ਕਾਲੋਨੀਅਲ ਹੈ ਇੰਮਪੀਅਲਿਸਟ, ਇਸ ਖਿੱਤੇ ਲਈ ਖਿੱਤੇ ਵਿਚ ਲਿਆਉਣ ਵਾਲੇ ਇਨਕਲਾਬ ਦਾ ਸੁਭਾ ਕੌਮੀ-ਜਮਹੂਰੀ ਇਨਕਲਾਬ ਹੋਵੇਗਾ ਜਾਂ ਲੋਕ ਜਮਹੂਰੀ ਇਨਕਲਾਬ, ਜਾਂ ਨਵ-ਜਮਹੂਰੀ ਇਨਕਲਾਬ, ਬੱਸ ਇਹੋ ਹੀ ਨਿਰਣਾ ਕਰਨ ਦੀ ਖਿੱਚ-ਧੂਹ ਵਿਚ ਇਸ ਦੇਸ਼ ਦੇ ਕਮਿਊਨਿਸਟ ਆਗੂਆਂ ਨੇ ਇਥੇ ਪਸਰਨ ਵਾਲੀ ਲਹਿਰ ਨੂੰ ਕਿਸੇ ਸਿਰੇ ਨਹੀਂ ਲੱਗਣ ਦਿੱਤਾ। ਫਲਸਰੂਪ ਅਗਾਂਹ ਤੋਂ ਅਗਾਂਹ ਬਦਲਦੇ ਫੈਸਲਿਆਂ, ਨਿਰਨਿਆਂ ਨੇ ਸਮੁੱਚੀ ਲਹਿਰ ਨੂੰ ਇਕ-ਦੋ-ਤਿੰਨ ਨਹੀਂ 22 ਮੰਜੀਆਂ ਤੋਂ ਵੀ ਵੱਧ ਹਿੱਸਿਆਂ ਵਿਚ ਵੰਡ ਦਿੱਤਾ। ਦਰਸ਼ਨ ਦੁਸਾਂਝ ਦੀ ਜੀਵਨੀ ਨਾਲ ਸਬੰਧਤ, ਅਜਮੇਰ ਸਿੱਧੂ ਦੀ ਇਸ ਨੂੰ ਦੁਆਲੇ ਦੇ ਛੋਟੇ ਜਿਹੇ ਖਿੱਤੇ ਅੰਦਰ ਵਾਪਰੇ ਵਰਤਾਰੇ ਨੂੰ ਸਮੁੱਚੇ ਦੇਸ਼ ਦੀ ਟੈਕਸਟ ਵਜੋਂ ਵਾਚਿਆ ਜਾ ਸਕਦਾ ਹੈ।

ਇਸ ਪੁਸਤਕ ਦਾ ਤੀਸਰਾ ਅਹਿਮ ਤੱਥ, ਵਿਦਿਆਰਥੀਆਂ, ਨੌਜਵਾਨਾਂ, ਕਿਸਾਨਾਂ, ਦਿਹਾਤੀ-ਮਜ਼ਦੂਰਾਂ, ਇਸਤਰੀਆਂ, ਬੇ-ਰੁਜ਼ਗਾਰਾਂ, ਟਰਾਂਸਪੋਰਟ ਵਰਕਰਾਂ, ਭੱਠਾ ਮਜ਼ਦੂਰਾਂ, ਪ੍ਰੈਸ ਕਾਮਿਆਂ ਅਤੇ ਸੱਭਿਆਚਾਰਕ ਕਾਮਿਆਂ ਲਈ ਉਸਾਰੇ ਮੰਚਾਂ ਨੂੰ ਗਤੀਸ਼ੀਲਤਾ ਪ੍ਰਦਾਨ ਕੀਤੀ ਰੱਖਣ ਲਈ ਵਿੱਢੇ ਗਏ ਸੰਘਰਸ਼ਾਂ ਦਾ ਵੇਰਵਾ ਹੈ। ਮਈ ਦਿਵਸ, ਸ਼ਹੀਦੀ ਦਿਵਸ ਮਨਾਉਣੇ, ਕੌਮੀ ਮੁਕਤੀ ਸੰਗਠਨਾਂ ਦੀ ਸਰਗਰਮੀ, ਖ਼ਾਲਿਸਤਾਨੀ ਜਬਰ ਲਹਿਰ, ਹਿੰਦੂਵਾਦੀ ਫਿਰਕਾਪ੍ਰਸਤਾਂ ਅਤੇ ਪੁਲੀਸੀ ਰਾਜਸੀ ਜਬਰ ਦੀਆਂ ਚੁਣੌਤੀਆਂ ਵਿਰੁੱਧ ਢੁਕਵੇਂ ਅਪਨਾਏ ਗਏ ਪੈਂਤੜਿਆਂ ਦੀ ਨਿਸ਼ਾਨਦੇਹੀ ਕਰਕੇ ਇਸ ਪੁਸਤਕ ਨੇ ਜਿੱਥੇ ਲੋਕ ਮਾਨਸਿਕਤਾ ਨੂੰ ਬਲ ਬਖ਼ਸ਼ਿਆ ਹੈ, ਉਥੇ ਆਉਂਦੇ ਸਮਿਆਂ ਵਿਚ ਕੀਤੇ ਜਾਣ ਵਾਲੇ ਕੰਮਾਂ-ਕਾਰਜਾਂ ਅੰਦਰ ਰਹਿ ਜਾਣ ਵਾਲੀਆਂ ਊਣਤਾਈਆਂ ਤੋਂ ਸੁਚੇਤ ਰਹਿਣ ਦੇ ਵੀ ਇਸ਼ਾਰੇ ਕੀਤੇ ਹਨ।

ਇਸ ਪੁਸਤਕ ਦਾ ਇਕ ਹੋਰ ਅਹਿਮ ਤੱਥ ਅੰਤਿਕਾਵਾਂ ਦੀ ਸੂਚੀ ਰਾਹੀਂ ਦਰਜ ਹੋਇਆ ਹੈ। ਇਹਨਾਂ ਅੰਤਿਕਾਵਾਂ ਵਿਚ ਦਰਸ਼ਨ ਦੁਸਾਂਝ ਦੀ ਪਾਰਟੀ ਸੀ.ਪੀ.ਆਈ. (ਐਮ.ਐਲ.) ਬਾਰੇ ਵਿਸਤਰਿਤ ਜਾਣਕਾਰੀ ਉਪਲੱਬਧ ਹੈ। ਇਸ ਪਾਰਟੀ ਦਾ ਪ੍ਰੋਗਰਾਮ, ਨਕਸਲਵਾਦੀ ਲਹਿਰ ਦੇ ਉਦੇਸ਼ ਇਹਨਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਉਸਾਰੀਆਂ ਵੱਖ-ਵੱਖ ਕਮੇਟੀਆਂ, ਪਿੰਡ ਦੁਸਾਂਝ ਕਲਾਂ ਅਤੇ ਇਪਟਾ ਦੀਆਂ ਸਭਿਆਚਾਰਕ ਸਰਗਰਮੀਆਂ, ਪਾਰਟੀ ਦੇ ਹਥਿਆਰਬੰਦ ਐਕਸ਼ਨਾਂ ਦੀ ਸੂਚੀ, ਖਾਲਿਸਤਾਨੀਆਂ ਪੰਜਾਬੀ ਸਮੇਤ ਹਰ ਕਿਸਮਾਂ ਦੀ ਪੁਲੀਸੀ ਸ਼ਕਤੀਆਂ ਅਤੇ ਗੁੰਡਾ-ਗਿਰੋਹਾਂ ਹੱਥੋਂ ਸ਼ਹੀਦ ਹੋਏ ਕਮਿਊਨਿਸਟ ਸਾਥੀਆਂ ਦਾ ਵੇਰਵਾ ਅਤੇ ਹੋਰ ਕਿੰਨਾ ਕੁਝ, ਅੰਤਿਕਾਵਾਂ ਦੇ ਖੰਡਾਂ ਰਾਹੀਂ ਪਾਠਕਾਂ ਤੱਕ ਅਪੜਦਾ

ਕਰਨ ਵਿਚ ਅਜਮੇਰ ਸਿੱਧੂ ਕਿਧਰੇ ਵੀ ਉਲਾਰ ਨਹੀਂ ਹੋਇਆ। ਨਕਸਲਬਾੜੀ ਲਹਿਰ ਦੀਆਂ ਪ੍ਰਾਪਤੀਆਂ/ਊਣਤਾਈਆਂ ਉਸਨੇ ਹੂ-ਬ-ਹੂ ਪੁਸਤਕ ਅੰਦਰ ਦਰਜ ਕਰਕੇ ਦਰਸ਼ਨ ਦੁਸਾਂਝ ਦੇ ਪਾਤਰ ਰਾਹੀਂ ਇਸ ਦੇ ਇਤਿਹਾਸ ਨੂੰ ਸੰਭਾਲਿਆ ਹੈ, ਭਾਵੇਂ ਇਹ ਇਤਿਹਾਸ ਪੂਰੀ ਲਹਿਰ ਦਾ ਨਹੀਂ, ਪੰਜਾਬ ਪ੍ਰਾਂਤ ਦੇ ਇਕ ਛੋਟੇ ਜਿਹੇ ਖਿੱਤੇ, ਦੁਆਬੇ ਦੇ ਦੋ-ਤਿੰਨ ਜ਼ਿਲ੍ਹਿਆਂ ਨਾਲ ਹੀ ਸੰਬੰਧਤ ਹੈ ਤਾਂ ਵੀ, ਇਹ ਪੁਸਤਕ ਜਿੱਥੇ ਸਮਾਜਕ ਤਬਦੀਲੀ ਲਈ ਕਾਰਜਸ਼ੀਲ ਕਾਮਿਆਂ / ਪਾਰਟੀਆਂ ਦਾ ਮਨੋਬਲ ਉੱਚਾ ਰੱਖਣ ਲਈ ਆਧਾਰ ਬਣੇਗੀ, ਉੱਥੇ ਅਤੀਤ ਵਿਚ ਹੋਈਆਂ / ਕੀਤੀਆਂ ਗਲਤੀਆਂ ਦਾ ਪੁਨਰ-ਮੁਲਅੰਕਣ ਕਰਨ ਲਈ ਵੀ ਅਵਸਰ ਪ੍ਰਦਾਨ ਕਰੇਗੀ। ਜੇ ਕਹਾਣੀਕਾਰ ਅਜਮੇਰ ਸਿੱਧੂ ਅਤੇ ਹੋਰਨਾਂ ਚਿੰਤਕਾਂ ਰਾਹੀਂ ਇਕਤੱਰਤ ਕੀਤੀ ਜਾਣਕਾਰੀ / ਸਮੱਗਰੀ ਤੋਂ ਪਾਰਟੀਆਂ / ਕਾਮਿਆਂ ਨੇ ਫਿਰ ਵੀ ਸਵੈ-ਮੁਲਅੰਕਣ ਕਰਨ ਦਾ ਲਾਹਾ ਨਾ ਲਿਆ ਤਾਂ ਦੂਜੀ ਸੰਸਾਰ ਜੰਗ ਦੇ ਮਹਾਨ ਨਾਇਕ ਸਰ ਵਿੰਨਸਟਨ ਚਰਚਲ ਦੀ ਰੂਸੀ ਇਨਕਲਾਬੀ ਬਾਰੇ ਕੀਤੀ ਟਿੱਪਣੀ ਆਪਣੇ ਅੰਦਰ ਸਮੋਏ ਅਰਥਾਂ ਨੂੰ ਹੋਰ ਵਿਸਥਾਰ ਦਿੰਦੀ ਜਾਪੇਗੀ, ਉਸਦੀ ਟਿੱਪਣੀ ਸੀ - The Bolshevik revolution was inspired by blood-thirsty professors. Soon only the blood thirstiness remained while the professors disappeared one by one.

- ਲਾਲ ਸਿੰਘ

ਜਾਗ ਪਿਆ ਅੰਦਰ ਦਾ ਮੌਸਮ

(ਇਬਾਦ ਨਬੀਲ ਸ਼ਾਦ)

ਪਾਕਿਸਤਾਨੀ ਪੰਜਾਬ ਵਿਚ ਇਕ ਨਵੇਂ ਝੁਕਾਅ ਦਾ ਆਰੰਭ ਹੋ ਚੁੱਕਾ ਹੈ। ਹੁਣ ਉਥੇ ਉਰਦੂ-ਫਾਰਸੀ ਅੱਖਰਾਂ ਦੇ ਨਾਲ-ਨਾਲ ਪੰਜਾਬੀ ਪੁਸਤਕਾਂ ਗੁਰਮੁਖੀ ਲਿਪੀ ਵਿਚ ਵੀ ਛਪਣ ਲੱਗ ਪਈਆਂ ਹਨ। ਪੰਜਾਬੀ ਕਵੀ ਇਬਾਦ ਨਬੀਲ ਸ਼ਾਦ ਦੀ ਉਕਤ ਕਿਤਾਬ ਦੋਹਾਂ ਹੀ ਲਿਪੀਆਂ ਵਿਚ ਵੱਖਰੀ-ਵੱਖਰੀ ਛਪੀ ਹੈ। ਮੈਨੂੰ ਆਪਣੀ ਪਾਕਿਸਤਾਨ ਦੀ ਫੇਰੀ ਸਮੇਂ ਇਹ ਦੋਵੇਂ ਪੁਸਤਕਾਂ ਪ੍ਰਾਪਤ ਹੋਈਆਂ ਹਨ। ਹੁਣ ਇਹ ਪੁਸਤਕਾਂ ਇੱਧਰ ਆ ਕੇ ਵਿਕ ਤੇ ਪੜ੍ਹੀਆਂ ਜਾ ਸਕਣਗੀਆਂ। ਅਸੀਂ ਇਸ ਨਵੀਂ ਤਰਕੀਬ ਦਾ ਸੁਆਗਤ ਕਰਦੇ ਹਾਂ।

ਨਬੀਲ ਗ਼ਜ਼ਲ ਦਾ ਸ਼ਾਇਰ ਹੈ। ਉਹ ਲਾਹੌਰ ਦੇ ਇਕ ਗੌਰਮਿੰਟ ਕਾਲਜ ਵਿਚ ਪੰਜਾਬੀ ਦਾ ਲੈਕਚਰਾਰ ਹੈ। ਉਸ ਦੀਆਂ ਗ਼ਜ਼ਲਾਂ ਵਿਚ ਵੰਨ-ਸੁਵੰਨੇ ਅਨੁਭਵਾਂ ਨੂੰ ਗ਼ਜ਼ਲਾਂ ਰਾਹੀਂ ਬਾਖੂਬੀ ਪ੍ਰਗਟ ਕੀਤਾ ਗਿਆ ਹੈ। ਉਹ ਲੋਕਾਈ ਦੇ ਦਰਦ ਨੂੰ ਅਨੁਭਵ ਕਰਨ ਵਾਲਾ ਸ਼ਾਇਰ ਹੈ, ਭਾਵੇਂ ਕਿ ਨਵਾਂ ਲੇਖਕ ਹੋਣ ਕਰਕੇ, ਅਜੇ ਇਹ ਇਸ ਦਰਦ ਨੂੰ ਆਪਣੀ ਕਲਾ ਦਾ ਮੂਲ ਮੁੱਦਾ ਬਣਾਉਣ ਵੱਲ ਨਹੀਂ ਤੁਰਿਆ। ਪਾਕਿਸਤਾਨ ਦੇ ਲੋਕ ਜਾਗੀਰਦਾਰੀ ਦੇ ਜਬਰ, ਮੁਲਾਣਿਆਂ ਦੀ ਕੱਟੜਤਾ ਅਤੇ ਫੌਜੀ ਰਾਜ ਦੀ ਤਾਨਾਸ਼ਾਹੀ ਦੀਆਂ ਦਰਦਨਾਕ ਪੀੜਾਂ ਨੂੰ ਕਈਆਂ ਦਹਾਕਿਆਂ ਤੋਂ ਝੱਲਦੇ ਆ ਰਹੇ ਹਨ। ਜਿਹੜਾ ਲੇਖਕ ਇਸ ਪੀੜ ਨੂੰ ਡੂੰਘੀ ਤਰ੍ਹਾਂ ਅਨੁਭਵ ਕਰਕੇ ਇਸ ਨੂੰ ਪ੍ਰਗਟ ਕਰਨ ਦੀ ਜੁਰਅਤ ਕਰੇਗਾ। ਉਹੀ ਮੱਲ੍ਹਾਂ ਮਾਰੇਗਾ। ਇਹ ਮਾਰਗ ਬਿਖੜਾ ਹੈ। ਪਰ ਸਾਡੇ ਸਾਹਮਣੇ ਅਫ਼ਜ਼ਲ ਤੌਸੀਫ਼ ਦੀ ਮਿਸਾਲ ਹੈ। ਜਿਸ ਨੇ ਇਹ ਸਾਰੇ ਕਸ਼ਟ ਝੱਲੇ ਨੇ, ਪਰ ਡੋਲੀ ਡਰੀ ਨਹੀਂ। ਆਸ ਹੈ ਸ਼ਾਦ ਨਵੀਆਂ ਗ਼ਜ਼ਲਾਂ ਵਿਚ ਨਵੇਂ ਸਰੋਕਾਰਾਂ ਨੂੰ ਸੰਬੋਧਨ ਹੋਵੇਗਾ।

ਹ. ਸ. ਹ.

ਹੁਣ ਧੀਆਂ ਦੀ ਵਾਰੀ - ਗਿੱਲ ਦਾ ਸੰਕਟ

ਸੁਰਿੰਦਰ ਗਿੱਲ ਸਥਾਪਤ ਪ੍ਰਗਤੀਵਾਦੀ ਕਵੀ ਹੈ। 'ਹੁਣ ਧੀਆਂ ਦੀ ਵਾਰੀ' ਉਸਦਾ ਪੰਜਵਾਂ ਕਾਵਿ-ਸੰਕਲਨ ਹੈ। ਇਹ ਕਹਿਣਾ ਠੀਕ ਨਹੀਂ ਕਿ ਉਹ 'ਕਥਿਤ ਸਾਹਿਤਕ ਧਾਰਾਵਾਂ ਤੋਂ' ਅਭਿੱਜ ਹੋ ਕੇ ਲਿਖਦਾ ਹੈ। ਸਾਰੇ ਦੇ ਸਾਰੇ ਸੰਗ੍ਰਹਿ ਵਿਚੋਂ ਗਿੱਲ ਦਾ ਸਮਾਜ ਦੀਆਂ ਸਮੱਸਿਆਵਾਂ ਪ੍ਰਤੀ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਉਭਰਦਾ ਹੈ ਤੇ ਇਹ ਦ੍ਰਿਸ਼ਟੀਕੋਣ ਉਸ ਦੇ ਸਮੁੱਚੇ ਕਾਵਿ-ਸਫ਼ਰ ਦੌਰਾਨ ਨਿਰੰਤਰਤਾ ਨੂੰ ਕਾਇਮ ਰੱਖਦਾ ਹੈ।

ਉਮਰ ਦੇ ਇਸ ਬੁਢਾਪੇ ਵਾਲੇ ਪੜਾਅ ਉੱਤੇ ਸਥਾਪਤ ਕਵੀ ਹੋਣ ਦੇ ਬਾਵਜੂਦ ਕਵੀ ਨਿਰਾਸ਼ ਤੇ ਉਪਰਾਮ ਹੋਇਆ ਪ੍ਰਤੀਤ ਹੁੰਦਾ ਹੈ, ਉਸ ਨੂੰ ਦੋਸਤ ਸਾਥ ਛੱਡ ਗਏ ਜਾਪਦੇ ਹੁੰਦੇ ਹਨ। ਪਰ ਉਸ ਨੂੰ ਇਸ ਉਦਾਸੀ ਦਾ ਕਾਰਨ ਨਹੀਂ ਲੱਭਦਾ। ਉਹ ਸਮਝਦਾ ਹੈ ਕਿ ਮੈਂ ਆਪਣੀ ਪ੍ਰਤੀਬੱਧਤਾ ਕਾਇਮ ਰੱਖੀ ਹੈ ਤੇ ਬਾਕੀ ਦੇ ਮੇਰੇ ਦੋਸਤ ਸਵਾਰਥ-ਸਿਧੀ ਦਾ ਸ਼ਿਕਾਰ ਹੋ ਕੇ ਉਸ ਤੋਂ ਦੂਰ ਚਲੇ ਗਏ ਹਨ। ਅਸਲ ਵਿਚ ਸੁਰਿੰਦਰ ਗਿੱਲ ਨੂੰ ਮਰਜ਼ ਦੇ ਕਾਰਨ ਲੱਭਦੇ ਨਹੀਂ ਜਾਪਦੇ। ਉਹ ਚੜ੍ਹਦੀ ਜਵਾਨੀ ਵੇਲੇ ਪ੍ਰਗਤੀਵਾਦੀ ਸਮਾਜਵਾਦੀ ਲਹਿਰ ਦੇ ਪ੍ਰਭਾਵ ਅਧੀਨ ਰਚਨਾ ਕਰਨ ਲੱਗਿਆ ਸੀ ਤੇ ਏਸ ਕਾਰਨ ਆਪਣੇ ਵਿਚਾਰਾਂ ਤੇ ਕਲਾ-ਕੌਸ਼ਲਤਾ ਸਦਕਾ ਸਿਰਕੱਢ ਕਵੀ ਵਜੋਂ ਸਥਾਪਿਤ ਹੋ ਗਿਆ ਸੀ। ਪਰ ਵਕਤ ਇੱਕ ਥਾਂ ਨਹੀਂ ਖਲੋਤਾ ਰਹਿੰਦਾ। ਪ੍ਰਗਤੀਵਾਦੀ ਸਮਾਜਵਾਦੀ ਲਹਿਰ ਵਿਚਲੇ ਸੰਕਟਾਂ, ਦੁਫੇੜਾਂ, ਨਿਘਾਰਾਂ ਤੇ ਵਿਗਠਨਾਂ ਕਾਰਨ ਬਹੁਤ ਸਾਰੇ ਲੇਖਕ ਦਵੰਦ ਤੇ ਵਿਚਾਰਧਾਰਕ ਦੁਬਿਧਾ ਜਾਂ ਪਿਛਲਖ਼ਾਕ ਦਾ ਸ਼ਿਕਾਰ ਹੋ ਗਏ। ਗਿੱਲ ਦੀ ਸਰੀਰਕ, ਮਾਨਸਿਕ ਹਾਲਤ ਨੇ ਵੀ ਉਸਦੇ ਸੰਕਟ ਨੂੰ ਗਹਿਰਾ ਕੀਤਾ। ਪਰ ਸ਼ਾਇਦ ਉਸਦੀ ਉਦਾਸੀ ਦਾ ਕਾਰਨ ਕਿਤੇ ਹੋਰ ਥਾਂ ਲੁਕਿਆ ਪਿਆ ਹੋਵੇ। ਉੱਚੀ ਪੜ੍ਹਾਈ ਤੋਂ ਬਾਅਦ ਸਰਕਾਰੀ ਕਾਲਜ ਵਿਚ ਲੈਕਚਰਾਰ ਲੱਗਣ ਕਾਰਣ ਅਤੇ ਘਰੇਲੂ ਦਬਾਵਾਂ ਨੇ ਵੀ ਉਸ ਦੀ ਸਿਥਲਤਾ ਵਿਚ ਹਿੱਸਾ ਪਾਇਆ ਹੈ। ਸਿੱਟੇ ਵਜੋਂ ਉਹ ਪੰਜਾਬ ਤੇ ਭਾਰਤ ਦੀ ਜਮਹੂਰੀ ਲਹਿਰ ਦੀਆਂ ਸਰਗਰਮੀਆਂ ਤੋਂ ਹੌਲੀ-ਹੌਲੀ ਦੂਰ ਹੁੰਦਾ ਗਿਆ ਤੇ ਅਖ਼ੀਰ ਉੱਤੇ ਆ ਕੇ ਉਹ ਆਪਣੇ ਨਿੱਜੀ ਸਰੋਕਾਰਾਂ ਵਿਚ ਏਨਾ ਉਲਝ ਗਿਆ ਕਿ ਉਸ ਨੂੰ ਵਿਚਾਰਧਾਰਕ ਸੰਕਟਾਂ ਦੀ ਸਮਝ ਆਉਣੋਂ ਹਟ ਗਈ। ਇਸ ਸਭ ਕਾਸੇ ਦਾ ਅਸਰ ਉਸ ਦੀ ਰਚਨਾਤਮਿਕ ਸ਼ਕਤੀ ਉੱਤੇ ਵੀ ਪੈਣਾ ਹੀ ਸੀ। ਉਸ ਦੇ ਦੋਸਤ ਗੱਦਾਰ, ਸਵਾਰਥੀ ਨਹੀਂ ਨਿਕਲੇ। ਉਹ ਸਾਰੀ ਢਾਣੀ ਅਜੇ ਵੀ ਆਪਣੇ-ਆਪਣੇ ਢੰਗ ਨਾਲ ਪੰਜਾਬ ਦੀ ਜਮਹੂਰੀ ਲਹਿਰ ਨਾਲ ਆਪਣੀ ਵਚਨਬੱਧਤਾ ਕਾਇਮ ਰੱਖ ਰਹੇ ਹਨ। ਪਰ ਸੁਰਿੰਦਰ ਕੁਝ ਵਧੇਰੇ ਹੀ ਸਵੈ-ਸੀਮਿਤ ਹੋ ਚੁੱਕਾ ਹੈ।

ਇਸ ਲਈ ਸਥਾਪਤੀ ਅਤੇ ਕਲਾ-ਕੌਸ਼ਲਤਾ ਦੇ ਬਾਵਜੂਦ ਸੁਰਿੰਦਰ ਗਿੱਲ ਸਮਕਾਲੀ ਲਹਿਰ ਨਾਲੋਂ ਪਛੜ ਗਿਆ ਤੇ ਟੁੱਟਾ ਅਨੁਭਵ ਕਰ ਰਿਹਾ ਹੈ। ਸਿੱਟੇ ਵਜੋਂ ਉਹ ਗਾਹੇ ਬਗਾਹੇ ਮਿੱਤਰਾਂ ਦੀ ਨਿੰਦਿਆ ਕਰ ਕੇ ਆਪ ਸੂਰਮਾ ਤੇ ਸੁਹਿਰਦ ਹੋਣ ਦਾ ਭੁਲੇਖਾ ਪਾ ਰਿਹਾ ਹੈ। ਬਦਲਦੇ ਸਮਕਾਲੀ ਯਥਾਰਥ ਦੇ ਸਰੂਪ ਨੂੰ ਪਛਾਣ ਕੇ ਤੇ ਇਸ ਨਾਲ ਆਪਣੀ ਨੇੜਤਾ ਜੋੜ ਕੇ, ਸੰਭਵ ਹੈ ਉਹ ਮੁੜ ਕਾਇਮ ਹੋ ਜਾਵੇ। ਸਾਨੂੰ ਉਸਦੀ ਵਾਪਸੀ ਦੀ ਉਡੀਕ ਕਰਨੀ ਚਾਹੀਦੀ ਹੈ। ਕਿਉਂਕਿ ਕਵਿਤਾ ਦਾ ਵਧ ਰਹੇ ਬੁਢਾਪੇ ਨਾਲ ਏਨਾ ਰਿਸ਼ਤਾ ਨਹੀਂ, ਜਿੰਨਾ ਸਮਕਾਲ ਦੇ ਸੰਕਟਾਂ ਨਾਲ ਲੇਖਕ ਦੇ ਸਬੰਧਾਂ ਨਾਲ ਹੈ।

ਐਪਰ ਇਸ ਤੋਂ ਬਿਨਾਂ ਸੰਗ੍ਰਹਿ ਵਿਚ ਜਾਨਦਾਰ ਕਵਿਤਾਵਾਂ ਦੀ ਥੁੜ੍ਹ ਨਹੀਂ। ਗਿੱਲ ਕਾਵਿ-ਰਚਨਾ ਦਾ ਉਸਤਾਦ ਹੈ ਤੇ ਉਸ ਦੀ ਸ਼ਾਇਰੀ ਹਰ ਪੰਗਤੀ ਵਿਚ ਨਵਾਂ ਰੰਗ ਵਿਖਾਉਂਦੀ ਹੈ। 'ਹੁਣ ਧੀਆਂ ਦੀ ਵਾਰੀ' ਕਵਿਤਾ ਇਸ ਸੰਗ੍ਰਹਿ ਦੀ ਸ਼੍ਰੇਸ਼ਟ ਰਚਨਾ ਹੈ। •

- ਹ. ਸ. ਹ.

ਪਰਵਾਸੀ ਪੰਜਾਬੀ ਸ਼ਾਇਰੀ ਦੀ ਬੁਲੰਦੀ 'ਮਿੱਪਲ ਦੀ ਕੈਨਵਸ'

ਸੁਲੱਖਣ ਸਰਹੱਦੀ

72 ਸਫਿਆਂ ਵਿਚ 55 ਉੱਚ ਪਾਏ ਦੀਆਂ ਗ਼ਜ਼ਲਾਂ ਦਾ ਸੰਗ੍ਰਹਿ ਮਿੱਪਲ ਦੀ ਕੈਨਵਸ ਪਰਵਾਸੀ ਪੁਰ-ਅਹਿਸਾਸ ਸ਼ਾਇਰ ਉਂਕਾਰਪ੍ਰੀਤ ਟਰਾਂਟੋ ਦੀ ਭਾਵਮੁਖੀ ਸ਼ਾਇਰੀ ਦਾ ਜਾਨਦਾਰ ਪਰਤੌਅ ਹੈ। ਪਰਵਾਸ ਦੀ ਅੱਖਾਂ ਚੁੰਧਿਆਉਂਦੀ ਕਸ਼ਿਸ਼ ਅਤੇ ਵਤਨ ਦੀ ਹੁੱਬ ਦਾ ਦਰਦ ਹੰਢਾਉਂਦੀ ਇਹ ਸ਼ਾਇਰੀ ਆਪਣੇ ਭਾਵਾਵੇਸ਼ ਦੇ ਸੇਕ ਨਾਲ ਪਾਠਕ ਮਨ ਨੂੰ ਗਰਮਾਉਣ ਦਾ ਦਰਜਾ ਰੱਖਦੀ ਹੈ। ਪੰਜਾਬੀ ਗ਼ਜ਼ਲ ਨਿਰਸੰਦੇਹ ਹੁਣ ਉਸ ਮੁਕਾਮ ਉੱਤੇ ਆਣ ਪੁੱਜੀ ਹੈ ਜਿੱਥੋ ਉਹ ਹਰ ਤਰ੍ਹਾਂ ਦੇ ਮਨੁੱਖੀ ਭਾਵ ਅਤੇ ਅਜੋਕੇ ਮਨੁੱਖ ਦੇ ਸਨਮੁੱਖ ਅਜੋਕੇ ਸਰੋਕਾਰਾਂ / ਮਸਲਿਆਂ ਨੂੰ ਭਲੀ ਭਾਂਤ ਅਤੇ ਸਹਿਜਮੁਖਤਾ ਨਾਲ ਸ਼ਿਅਰਰਤ ਕਰਨ ਦੇ ਯੋਗ ਹੈ। ਪਰਵਾਸੀ ਸ਼ਾਇਰੀ ਉੱਤੇ ਪੰਜਾਬ ਦੇ ਗ਼ਜ਼ਲ ਚਿੰਤਕ ਆਮ ਕਰਕੇ ਇਹ ਊਜ ਕਿਸੇ ਵੀ ਪਰਵਾਸੀ ਗ਼ਜ਼ਲ ਸੰਗ੍ਰਹਿ ਨਾਲ ਅਗਾਊਂ ਹੀ ਚੇਪ ਦਿੰਦੇ ਹਨ ਕਿ ਇਹ ਡਾਲਰਮੁਖੀ ਗ਼ਜ਼ਲ ਹੈ। ਉਹਨਾਂ ਦਾ ਭਾਵ ਡਾਲਰਾਂ ਨਾਲ ਪੰਜਾਬੀ ਸਾਹਿਤ ਵਿਚ ਘੁਸਪੈਠਕ ਵਰਤਾਰੇ ਅਧੀਨ ਧੜਾ-ਧੜ ਛਪ ਰਹੇ ਕੱਚੀਆਂ ਪਿੱਲੀਆਂ ਗ਼ਜ਼ਲਾਂ ਦੇ ਸੰਗ੍ਰਹਿਆਂ ਦੀ ਡੰਪਿੰਗ ਤੋਂ ਹੁੰਦਾ ਹੈ। ਪ੍ਰੰਤੂ ਉਂਕਾਰਪ੍ਰੀਤ ਨੇ ਪਰਵਾਸੀ ਪੰਜਾਬੀ ਗ਼ਜ਼ਲ ਦਾ ਇਹ ਮਿਹਣਾ ਲਾਹ ਦਿੱਤਾ ਹੈ।

ਕੁਕਨੂਸ ਵਾਲੇ ਰਜਿੰਦਰ ਬਿਮਲ ਨੇ ਇਹ ਸੰਗ੍ਰਹਿ ਬੜੀ ਰੀਝ ਨਾਲ ਛਾਪ ਕੇ ਪਾਠਕਾਂ ਤੀਕ ਪਹੁੰਚਾਇਆ ਹੈ। ਪੁਸਤਕ ਦੀ ਕੀਮਤ ਕੇਵਲ 50 ਰੁਪਏ ਹੈ। ਸ਼ਾਇਰ ਉਂਕਾਰਪ੍ਰੀਤ ਪ੍ਰਸਿੱਧ ਉਸਤਾਦ ਗ਼ਜ਼ਲਗੋ ਉਲਫ਼ਤ ਬਾਜਵਾ ਦਾ ਸ਼ਾਗਿਰਦ ਹੈ। ਪੁਸਤਕ ਦੇ ਸਮਰਪਣ ਵਿਚ ਉਸਤਾਦ ਪ੍ਰਧੀ ਸ਼ਰਧਾ ਦਾ ਝਲਕਾਰਾ ਪੈਂਦਾ ਹੈ।

ਪੰਜਾਬੀ ਲੋਕ ਜੀਣ ਤੋਂ ਅਗਾਂਹ ਥੀਣ ਦੀ ਲੋਚਾ ਅਧਾਨ ਹਮੇਸ਼ਾ ਤੋਂ ਦੂਜੇ ਦੇਸ਼ਾਂ ਦੇ ਪ੍ਰਵਾਸੀ ਹੁੰਦੇ ਆ ਰਹੇ ਹਨ। ਇਹ ਲੋਕ ਜਿੱਥੇ ਆਪਣੇ ਪੰਜਾਬ ਚੋਂ ਕੈਨੇਡਾ, ਅਮਰੀਕਾ, ਆਸਟਰੇਲੀਆ ਤੇ ਯੂਰਪ ਦੇ ਹੋਰ ਦੇਸ਼ਾਂ ਵਿਚ ਜਾ ਕੇ ਪੱਕੇ ਹੀ ਘਰ ਬਣਾ ਕੇ ਵੱਸ ਗਏ, ਉੱਥੇ ਇਹਨਾਂ ਦੀਆਂ ਜੜ੍ਹਾਂ ਪੰਜਾਬ ਵਿਚ ਹੀ ਰਹੀਆਂ। ਇਹਨਾਂ ਲੋਕਾਂ ਸਾਹਮਣੇ ਨਵੇਂ ਹਾਲਾਤ ਨਵਾਂ ਸਮਾਜ ਅਤੇ ਨਵੇਂ-ਨਵੇਂ ਮਸਲਿਆਂ ਦੇ ਨਾਲ-ਨਾਲ ਰੰਗ-ਭੇਦ ਅਤੇ ਨਸਲੀ ਵਿਤਕਰੇ ਵੀ ਇਕ ਚੁਣੌਤੀ ਵਜੋਂ ਰਹੇ। ਸ਼ਾਇਰੀ ਮਨੁੱਖੀ ਮਨ ਦੇ ਸੂਖਮ ਪਰ ਮਹੱਤਵਪੂਰਨ ਅਹਿਸਾਸਾਂ-ਭਾਵਾਂ ਦੀ ਅੱਕਾਸੀ ਹੁੰਦੀ ਹੈ। ਪੱਛਮੀ ਦੁਨੀਆ ਦੀ ਤੇਜ਼ ਤਰਾਰ ਜ਼ਿੰਦਗੀ ਵਿਚ ਵੀ ਪੰਜਾਬੀ ਸ਼ਾਇਰੀ ਦੇ ਫੁੱਲਾਂ ਦਾ ਮਹਿਕਣਾ ਨਵੇਂ ਅਹਿਸਾਸਾਂ ਦੀ ਪੇਸ਼ਕਾਰੀ ਅਤੇ ਮਾਨਸਿਕ ਦ੍ਰਿੜਤਾ ਦੀ ਧਰਤ ਉੱਤੇ ਉੱਗੇ ਸ਼ਬਦਾਂ ਦੀ ਖੇਤੀ ਵਾਂਗਰ ਹੈ।

ਪੁਸਤਕ ਦਾ ਨਾਮਕਰਣ ਹੀ ਪਰਵਾਸ ਦੀ ਮਜਬੂਰੀ ਅਤੇ ਵਤਨ ਦੀ ਹੁੱਬ ਦੇ ਦਰਦ ਦਾ ਸੰਕੇਤਕ ਹੈ। ਸ਼ਾਇਰ ਸਰੀਰਕ ਤੌਰ ਉੱਤੇ ਕੈਨੇਡਾ ਵਿਚ ਹੈ ਪਰ ਮਾਨਸਿਕ ਤੌਰ 'ਤੇ ਪੰਜਾਬ ਵਿਚ ਵਿਚਰਦਾ ਪ੍ਰਤੀਤ ਹੁੰਦਾ ਹੈ। ਪੰਜਾਬ ਦੇ ਪੰਛੀ ਪੰਜਾਬ ਦੀ ਮਿੱਟੀ, ਦਰਿਆ ਅਤੇ ਰੁੱਖ ਸ਼ਾਇਰ ਦੇ ਪ੍ਰਛਾਵੇਂ ਵਿਚ ਘੁਲੇ-ਮਿਲੇ ਪ੍ਰਤੀਤ ਹੁੰਦੇ ਹਨ। ਪਰਵਾਸ ਵਿਚ ਵੀ ਪੰਜਾਬ ਦੇ ਮੌਸਮਾਂ ਦਾ ਨਿੱਘ ਹੀ ਰੂਪਮਾਨ ਹੁੰਦਾ ਹੈ। ਅਲਬੱਤਾ ਇਸ ਦਵੰਦ ਦੀ ਖ਼ੂਬਸੂਰਤ ਪੇਸ਼ਕਾਰੀ ਦਾ ਨਾਮ ਹੀ ਉਂਕਾਰਪ੍ਰੀਤ ਹੋ ਗਿਆ ਹੈ। ਕੈਨੇਡਾ ਵਿਚ ਮੇਪਲ ਦਾ ਦਰੱਖਤ ਅਤੇ ਪੰਜਾਬ ਦੇ ਪਿੱਪਲ ਦੀ ਅਗਨ 'ਚੋਂ ਕੁਕਨੂਸ ਰੂਪੀ ਮਿੱਪਲ ਬਣ ਕੇ ਉੱਭਰਿਆ ਹੈ। ਹੁਣ ਨਾ ਕੈਨੇਡਾ ਵਾਲਾ ਮੇਪਲ ਹੈ ਤੇ ਨਾ ਪੰਜਾਬ ਵਾਲਾ ਪਿੱਪਲ। ਹੁਣ ਕੇਵਲ ਮਿੱਪਲ ਹੈ,

ਕਿਉਂਕਿ ਪਰਵਾਸ ਦੀ ਮੌਜੂਦਗੀ ਦੇਸ਼ ਦੀ ਹੁੱਬ ਹਾਜ਼ਰੀ ਬਰਾਬਰ ਸੁਪਨਈ ਦਸ਼ਾ ਅਖ਼ਤਿਆਰ ਕਰ ਜਾਂਦੀ ਹੈ। ਪੁਸਤਕ ਦੀ ਪ੍ਰਥਮ ਗ਼ਜ਼ਲ ਤਾਂ ਹਰ ਪਰਵਾਸੀ ਦੀ ਬੈਠਕ ਦਾ ਹੂਕ ਗੀਤ ਬਣਨ ਦਾ ਦਰਜਾ ਰੱਖਦਾ ਹੈ :

ਟਰਾਂਟੋ ਕੀ ਵਸ਼ਿੰਗਟਨ ਕੀ ਜਨੇਵਾ ਕੀ ਤੇ ਕੀ ਲੰਡਨ,
ਤੂੰ ਕਿਉਂ ਹਰ ਥਾਂ 'ਚੋਂ ਹਰ ਵੇਲੇ ਜਲੰਧਰ ਭਾਲਦਾ ਰਹਿਨੈਂ?

ਸ਼ਾਇਰ ਦੀ ਪ੍ਰਾਪਤੀ ਹੈ ਕਿ ਉਸਨੇ ਪਰਵਾਸੀ ਪੰਜਾਬੀ ਵਿਚ ਸ਼ਾਮਿਲ ਹੋ ਚੁੱਕੇ ਅੰਗ੍ਰੇਜ਼ੀ ਸ਼ਬਦਾਂ ਨੂੰ ਗ਼ਜ਼ਲ ਦੀ ਜ਼ੁਬਾਨ ਵਿਚ ਵਰਤ ਕੇ ਗ਼ਜ਼ਲ ਦੇ ਦਾਇਰੇ ਤੇ ਖੇਤਰ ਹੋਰ ਮੋਕਲਾ ਕੀਤਾ ਹੈ। ਪੰਜਾਬੀ ਗ਼ਜ਼ਲ ਨੂੰ ਐਸੀ ਸ਼ਬਦਾਵਲੀ ਨੂੰ ਗ਼ਜ਼ਲ ਵਿਚ ਯੋਗਤਾ ਨਾਲ ਪ੍ਰਵਾਨ ਕਰਨਾ ਚਾਹੀਦਾ ਹੈ। ਲੋੜ ਮੂਲਕ ਸ਼ਬਦਾਂ ਦੀ ਸਿੱਧੀ ਵਰਤੋਂ ਸਹਿਜਮੁਖੀ ਅਤੇ ਸੁਹਜਮੁਖੀ ਅਰਥ ਸੰਚਾਰਤਾ ਦਾ ਰਿਸ਼ਤਾ ਕਾਇਮ ਕਰਦੀ ਹੈ। ਪਰਵਾਸ ਵਿਚਲੀ ਗ਼ਜ਼ਲ ਕੇਵਲ ਸੰਕੇਤਕ ਸ਼ਬਦਾਵਲੀ ਦੇ ਬਲਬੂਤੇ ਬਚ ਵੀ ਨਹੀਂ ਸਕਦੀ। ਪੰਜਾਬੀ ਗ਼ਜ਼ਲ ਨੇ ਆਧੁਨਿਕਤਾ ਦਾ ਲੜ ਫੜ ਕੇ ਹੀ ਲੋਕ ਮਾਨਤਾ ਦਾ ਭਵ ਸਾਗਰ ਤਰਨਾ ਹੈ। ਉਂਕਾਰਪ੍ਰੀਤ ਦੀ ਸ਼ਾਇਰੀ ਪੰਜਾਬ ਵੱਸਦੇ ਪੰਜਾਬੀ ਗ਼ਜ਼ਲਕਾਰਾਂ ਵਾਸਤੇ ਵੀ ਸੇਧ ਦਾ ਕਾਰਜ ਕਰੇਗੀ।

ਉਂਕਾਰਪ੍ਰੀਤ ਬਾਬਹਿਰ ਸ਼ਾਇਰ ਹੈ। ਉਸਨੇ ਗਿਆਰਾਂ ਦੇ ਲਗਭੱਗ ਬਹਿਰਾਂ ਵਿਚ ਗ਼ਜ਼ਲਾਂ ਕਹੀਆਂ ਹਨ। ਆਮ ਕਰਕੇ ਉਹ ਬਹਿਰੀ ਉਕਾਈਆਂ ਨਹੀਂ ਕਰਦਾ ਪ੍ਰੰਤੂ ਬਹਿਰੀ ਵਿਭਿੰਨਤਾ ਅਤੇ 'ਉੱਚੀ ਪ੍ਰਬੀਨਤਾ ਅਤੇ ਤਕਨੀਕ' ਪ੍ਰਗਟ ਕਰਨ ਹਿੱਤ ਉਸਨੇ ਕਈ ਬਹਿਰ ਐਸੇ ਵੀ ਲਏ ਹਨ ਜਿਨ੍ਹਾਂ ਦਾ ਚਲਨ ਪੰਜਾਬੀ ਗ਼ਜ਼ਲ ਵਿਚ ਨਾਮ ਮਾਤਰ ਵੀ ਨਹੀਂ। ਸਮਝ ਲੈਣਾ ਚਾਹੀਦਾ ਹੈ ਕਿ ਅਸਲੋਂ ਬੇ-ਪਛਾਣ ਬਹਿਰ ਪਾਠਕ ਵਾਸਤੇ ਬੇ-ਬਹਿਰਾ ਹੀ ਹੁੰਦਾ ਹੈ। ਮੈਂ ਆਪਣੇ 'ਸੰਪੂਰਨ ਪਿੰਗਲ ਅਤੇ ਅਰੂਜ਼' ਗ੍ਰੰਥ ਵਿਚ ਇਸ ਪ੍ਰਤੀ 400 ਗ਼ਜ਼ਲਕਾਰਾਂ ਦਾ ਬਹਿਰੀ ਸਰਵੇਖਣ ਛਾਪ ਕੇ ਜਗ-ਜ਼ਾਹਿਰ ਕੀਤਾ ਹੈ ਕਿ ਦਿਲ ਦੀ ਗੱਲ ਬਹੁਤੇ ਬਹਿਰੀ ਝਮੇਲਿਆਂ ਨਾਲ ਨਹੀਂ ਹੁੰਦੀ ਸਗੋਂ ਪਾਠਕ ਅਤੇ ਸ਼ਾਇਰ ਦੇ ਰੂਹ ਵਿਚ ਰਸੇ ਅਤੇ ਪੰਜਾਬੀ ਸੁਰ ਲਹਿਰੀ ਵਿਚ ਸਮਾਏ ਬਹਿਰਾਂ ਵਿਚ ਹੀ ਵਧੀਆ ਹੁੰਦੀ ਹੈ। ਏਸੇ ਕਰਕੇ ਉਂਕਾਰਪ੍ਰੀਤ ਜਦ ਮਹਿਜੂਫ ਰਮਲ ਅਤੇ ਸਾਲਮ ਹਜ਼ਜ ਵਿਚ ਸ਼ਿਅਰ ਕਹਿੰਦਾ ਹੈ ਤਾਂ ਕਮਾਲ ਕਰਦਾ ਹੈ। ਮਦੀਦ ਭਾਵੇਂ ਉਹ ਸਾਲਿਮ ਲੈਂਦਾ ਹੈ ਜਾਂ ਜ਼ਿਹਾਫੀ ਉਸ ਵਿਚ ਸਿਖਰ ਦੀ ਗੱਲ ਨਹੀਂ ਕਰਦਾ। ਉਸ ਨੇ ਡੇਢ ਫੇਲੁਨ ਤੋਂ ਲੈ ਕੇ 7 ਫੇਲੁਨ ਵਿਚ ਵੀ ਸ਼ਿਅਰ ਕਹੇ ਹਨ। ਆਮ ਸ਼ਾਇਰਾਂ ਵਾਂਗ ਉਹ ਤਿੰਨ ਅੱਖਰੀ ਸ਼ਬਦਾਂ ਨੂੰ ਕਿਸੇ ਮਿਥੇ ਹੋਏ ਤੋਲ ਵਿਚ ਨਹੀਂ ਬੰਨ੍ਹਦਾ ਅਤੇ ਕਈ ਸ਼ਬਦਾਂ ਨੂੰ ਦੋ ਦੋ ਰੂਪਾਂ ਵਿਚ ਬੰਨ੍ਹਦਾ ਹੈ। ਜਗੇ ਨੂੰ ਜਾਗੇ ਲਿਖਣਾ, ਉੱਠਣਗੇ ਨੂੰ (ISS) ਦੇ ਵਜ਼ਨ ਉੱਤੇ ਬੰਨ੍ਹਣਾ ਅਤੇ 'ਕਿਉਂ' ਸ਼ਬਦ ਨੂੰ (IS) ਦੇ ਵਜ਼ਨ ਵਿਚ ਬੰਨ੍ਹਣਾ ਬਿਲਕੁਲ ਗਲਤ ਹੈ। ਉਹ ਦਰਮਿਆਨ ਨੂੰ ਦਰਮਿਆਂ ਲਿਖ ਕੇ ਵਜ਼ਨ ਪੂਰਤੀ ਕਰਦਾ ਹੈ। ਬਹਿਰ ਰਮਲ ਵਿਚ 'ਦਿਲ ਅੰਦਰਲੇ' ਦੀ ਥਾਂ 'ਦਿਲ ਦੇ ਵਿਚ ਜੋ' ਹੁੰਦਾ ਤਾਂ ਠੀਕ ਹੈ। ਕੁਝ ਇਕ ਬਰੀਕ ਉਕਾਈਆਂ ਨੂੰ ਛੱਡ ਕੇ ਉਂਕਾਰਪ੍ਰੀਤ ਦੀ ਸ਼ਾਇਰੀ ਮੇਪਲ ਦੀ ਕੈਨਵਸ ਉੱਤੇ ਕੇਵਲ ਮਿੱਪਲ ਦੇ ਹੀ ਨਹੀਂ ਜ਼ਿੰਦਗੀ ਦੇ ਬਹੁਤ ਸਾਰੇ ਹੋਰ ਵੀ ਰੰਗ ਬਿਖਰੇ ਹੋਏ ਹਨ। ਉਂਵੇਂ ਤਾਂ ਬਹੁਤ ਸਾਰੇ ਸ਼ਿਅਰ ਕੋਟ ਕਰਨ ਯੋਗ ਹਨ ਪ੍ਰੰਤੂ ਇਕ ਤੁਹਾਡੀ ਨਜ਼ਰ ਕਰਕੇ ਅਲਵਿਦਾ —

ਪੁਸਤਕ ਢਕ ਰੇਸ਼ਮੀ ਸ਼ਾਲਾਂ 'ਚ ਪ੍ਰੀਤ
ਨੰਗੀ ਅਨਪੜ੍ਹ ਦੁਨੀਆ ਹਾਏ ਫਿਰ ਰਹੀ।

ਨ.ਫਾਸਤ ਅਤੇ ਵਲਵਲਿਆਂ ਦੀ ਸ਼ਾਇਰੀ — 'ਅੰਦਰ ਦਾ ਸ.ਫਰ'

104 ਸਫ਼ਿਆਂ ਵਿਚ 82 ਤਰੋਤਾਜ਼ਾ ਗ਼ਜ਼ਲਾਂ ਲੈ ਕੇ ਦਾਦਰ ਪੰਡੋਰਵੀ ਆਪਣੀ ਨਵੀਂ ਗ਼ਜ਼ਲ ਪੁਸਤਕ 'ਅੰਦਰ ਦਾ ਸਫ਼ਰ' ਲੈ ਕੇ ਪਾਠਕਾਂ ਦੇ ਰੂਬਰੂ ਹੈ। ਇਹ ਸੁੰਦਰ ਪੁਸਤਕ ਜਨਾਬ ਅਮਰਜੀਤ ਸਿੰਘ ਸੰਧੂ ਦੇ ਪ੍ਰਕਾਸ਼ਨ 'ਅਰਸ਼ਦੀਪ ਪ੍ਰਕਾਸ਼ਨ' ਦੇ ਨਾਮ ਹੇਠ ਛਪੀ ਹੈ ਜਿਸ ਦੀ ਕੀਮਤ ਬਿਨਾਂ ਜਿਲਦ 60 ਰੁਪੈ ਹੈ, ਪੁਸਤਕ ਦਾ 10 ਸਫੇ ਦੀ ਪ੍ਰਸੰਸਾਤਿਮਕ ਭੂਮਿਕਾ ਜਨਾਬ ਸੰਧੂ ਨੇ ਲਿਖੀ ਹੈ। ਦਾਦਰ ਸ੍ਰੀ ਸੰਧੂ ਦਾ ਛਿੰਦਾ ਸ਼ਾਗਿਰਦ ਹੈ। ਪੁਸਤਕ ਛਾਪਣ ਦਾ ਇਕ ਨਵਾਂ ਤਜਰਬਾ ਵੀ ਇਸ ਪੁਸਤਕ ਵਿਚ ਹੈ। ਗੁਰੂ ਨਾਨਕ ਆਟੋ ਇੰਟਰਪ੍ਰਾਈਜਜ਼ ਦੇ ਸ੍ਰ. ਜਗਦੀਸ਼ ਸਿੰਘ ਨੇ ਇਸ ਪੁਸਤਕ ਉੱਤੇ ਛਾਪਣ ਖਰਚ ਬਦਲੇ ਪੁਸਤਕ ਦੇ ਮੁੱਢਲੇ ਤਿੰਨ ਸਫੇ ਕਵਰ ਕੀਤੇ ਹੋਏ ਹਨ। ਚਲੋ ਕਿਸ 'ਵਿਦਵਾਨ' ਤੋਂ ਵੀ ਜੇਕਰ ਏਨੇ ਵਰਕੇ ਲਿਖਵਾਉਣੇ ਹੁੰਦੇ ਤਾਂ ਵਿਦਵਾਨ ਨੇ 'ਕੁਝ' ਉਮੀਦ ਕਰਨੀ ਸੀ। ਇਸ ਤਜਰਬੇ ਨਾਲ ਪੰਜਾਬੀ ਪੁਸਤਕਾਂ ਦੀ ਹੋਣੀ ਦੀ ਵੀ ਤਸਦੀਕ ਹੋਈ ਹੈ। ਗੱਲ ਵਧੀਆ ਹੈ।

ਦਾਦਰ ਪੰਡੋਰਵੀ ਵਧੀਆ ਸ਼ਾਇਰ ਹੈ। ਨਵੇਂ ਸ਼ਾਇਰਾਂ ਵਿਚ ਉਸਦਾ ਸਥਾਨ ਬਣਿਆ ਹੈ। ਦਾਦਰ ਪੰਡੋਰਵੀ ਨੇ ਸਿਰੜ ਤੇ ਸਿਦਕ ਨਾਲ ਸ਼ਾਇਰੀ ਦੇ ਖੇਤਰ ਵਿਚ ਅਜੋਕਾ ਮੁਕਾਮ ਹਾਸਲ ਕੀਤਾ ਹੈ। ਉਸ ਦੀ ਸ਼ਾਇਰੀ ਉਸ ਦੇ ਉਸਤਾਦ ਵਰਗੀ ਬਹੁਰੰਗੀ ਹੈ। ਬਹੁਤ ਸਾਰੇ ਸ਼ਿਅਰ ਪਿਆਰੇ ਅਤੇ ਸਾਂਭਣਯੋਗ ਹਨ। ਜਨਾਬ ਸੰਧੂ ਉਮਰ ਭਰ ਗ਼ਜ਼ਲ ਦੀ ਤਰੱਕੀ ਨੂੰ ਸਮਰਪਿਤ ਰਹੇ ਹਨ। ਦਾਦਰ ਉਹਨਾਂ ਦੀ ਪ੍ਰਾਪਤੀ ਹੈ। ਦਾਦਰ ਦਾ ਪਹਿਲਾ ਸ਼ਿਅਰ ਹੀ ਲੋਕਾਂ ਦੀ ਅਜੋਕੀ ਮਾਨਸਿਕਤਾ ਦਾ ਲਖਾਇਕ ਹੈ ਕਿ 'ਚਾਨਣ ਦੀ ਅਹਿਮੀਅਤ ਤੋਂ ਵੀ ਮੁਨਕਰ ਕੋਈ ਨ ਸੀ, ਨ੍ਹੇਰੇ ਖਿਲਾਫ ਬੋਲਦਾ ਐਪਰ ਕੋਈ ਨ ਸੀ।' ਦਾਦਰ ਪੰਜਾਬੀ ਗ਼ਜ਼ਲ ਦਾ ਅਹਿਸਾਨਮੰਦ ਹੈ ਜਿਸ ਨੇ ਉਸਨੂੰ ਮਸ਼ਹੂਰ ਕੀਤਾ, ਵਰਨਾ – 'ਵਰਨਾ ਤਾਂ ਮੈਨੂੰ ਜਾਣਦਾ ਦਾ'ਦਰ ਕੋਈ ਨ ਸੀ।'

ਦਾਦਰ ਨੇ ਅਛੂਤੇ ਅਲੰਕਾਰ ਅਤੇ ਖੁਲ੍ਹੇ-ਖ਼ੂਬਸੂਰਤ ਕਾਫ਼ੀਏ ਸਿਰਜੇ ਹਨ। ਉਹ ਪਿੰਜਰੇ, ਪਰਿੰਦੇ, ਸ਼ੀਸ਼ੇ, ਪੱਥਰ, ਬਿਜਲੀ ਬਲਬ, ਜ਼ਾਲਿਮ ਤਕਰਾਰ, ਗੈਰ, ਚੂੜੀਆਂ, ਮੁਹੱਬਤ, ਇਕੱਲਾਪਨ, ਵਫ਼ਾ-ਜਫ਼ਾ, ਰਾਸ਼ਨ, ਮਕਾਨ, ਪੱਥਰ, ਖ਼ੁਦਾ ਪੱਤੇ ਆਦਿ ਸ਼ਬਦਾਂ ਨੂੰ ਨਵੇਂ ਨਕੋਰ ਅਰਥ ਦੇਣ ਦੇ ਸਮਰੱਥ ਹੈ। ਬਹੁਤ ਸਾਰੇ ਸ਼ਿਅਰ ਇਵੇਂ ਲੱਗਦਾ ਹੈ ਜਿਵੇਂ ਕਿਸੇ ਪੁਰਾਣੇ ਉਸਤਾਦਾਂ ਦੇ ਪੜ੍ਹ ਰਹੀਦੇ ਹੋਈਏ– 'ਅੱਜ ਉਹ ਵਫਾ ਦਾ ਮਤਲਬ ਮੈਨੂੰ ਸਿਖਾ ਰਹੇ ਨੇ, ਕੱਲ੍ਹ ਤੱਕ ਜੋ ਨਾਲ ਮੇਰੇ ਕਰਦੇ ਦ਼ਗਾ ਰਹੇ ਨੇ।' ਇਸ ਤਰ੍ਹਾਂ ਦੇ ਸ਼ਿਅਰ ਨਵੀਂ ਪਾਠਕ-ਮਾਨਸਿਕਤਾ ਨੂੰ ਟੁੰਬਣ ਤੋਂ ਕਾਸਰ ਰਹਿੰਦੇ ਹਨ! ਫੇਰ ਵੀ ਕਿਤੇ ਕਿਤੇ ਦਾਦਰ ਸਹਿਜ ਅਤੇ ਮਾਸੂਮਤਾ ਨਾਲ ਬਹੁਤ ਉੱਚ ਪਾਏ ਦੇ ਸ਼ਿਅਰ ਕਹਿੰਦਾ ਹੈ। ਦਾਦਰ ਬਾਬਹਿਰ ਸ਼ਾਇਰ ਹੈ। ਉਸਨੇ ਤਕਰੀਬਨ 27 ਗ਼ਜ਼ਲਾਂ ਬਹਿਰ ਹਜ਼ਜ ਵਿਚ, 19 ਰਮਲ ਵਿਚ ਤੇ ਮੁਜਾਰਿਆਂ ਬਹਿਰ ਵਿਚ ਵੀ 8-9 ਗ਼ਜ਼ਲਾਂ ਕਹੀਆਂ ਹਨ। ਉਸਨੇ ਕੁਲ 11 ਕਿਸਮਾਂ ਦੇ ਬਹਿਰ ਅਪਣਾਏ ਹਨ। ਦਾਦਰ ਨੇ ਛੇ-ਛੇ ਮਤਲਿਆਂ ਵਾਲੀ ਗ਼ਜ਼ਲ ਸਮੇਤ ਕਈ ਉਸਤਾਦੀਆਂ ਕੀਤੀਆਂ ਹਨ। ਪਰ ਸਾਡੀ ਜਾਚੇ ਕਠੋਰ ਤਕਨੀਕੀ ਹੁਨਰਮੰਦੀ ਵਿਖਾਉਣ ਨਾਲੋਂ ਨਵੇਂ ਅਹਿਸਾਸ ਅਤੇ ਨਵੀਆਂ ਚੁਣੌਤੀਆਂ ਨੂੰ ਮੁਖਾਤਿਬ ਹੋਣਾ ਹੀ ਸ਼ਾਇਰੀ ਬੁਲੰਦੀ ਹੈ। ਦਾਦਰ ਮੇਰੇ ਮੂੰਹ ਦੀ ਗੱਲ ਇਸ ਸ਼ਿਅਰ ਵਿਚ ਕਹਿੰਦਾ ਹੈ – ਜੇ ਦਾਦਰ ਤੂੰ ਸ਼ਾਇਰ ਬਣਕੇ ਨਾਮ ਕਮਾਉਣਾ ਚਾਹੁੰਦਾ, ਗ਼ਜ਼ਲਾਂ ਰਾਹੀਂ ਦੱਸ ਤੂੰ ਸੋਚਾਂ ਨਵੀਆਂ ਦੇ ਸਿਰਨਾਵੇਂ' ਸੋ ਇੱਕ ਦਾਦਰ ਨੂੰ ਹੀ ਨਹੀਂ ਸਾਰੇ ਨਵਿਆਂ ਸ਼ਾਇਰਾਂ ਨੂੰ ਨਵੀਂ ਸੋਚ ਤੇ ਨਵੇਂ ਚਿੰਤਨ ਨਾਲ ਜੁੜ ਕੇ ਸ਼ਾਇਰੀ ਕਰਨੀ ਪੈਣੀ ਹੈ। ਪੁਸਤਕ ਦਾ ਮੈਂ ਦਿਲੋਂ ਸੁਆਗਤ ਕਰਦਾ ਹਾਂ।

ਖਿਆਲ ਆਪੋ-ਆਪਣਾ

• ਚਿਰਾ.ਗ (53) ਵਿਚ ਏਜਾਜ਼ ਅਹਿਮਦ ਨਾਲ ਡਾ. ਭੀਮ ਇੰਦਰ ਦੀ ਮੁਲਾਕਾਤ ਮਾਰਕਸਵਾਦ ਦੇ ਕਈ ਸਿਧਾਂਤਕ ਵਿਵਹਾਰਕ ਪਹਿਲੂਆਂ ਬਾਰੇ ਸਜਰੀ ਜਾਣਕਾਰੀ ਪੇਸ਼ ਕੀਤੀ ਗਈ ਹੈ। ਸੁਮੇਲ ਸਿੰਘ ਸਿੱਧੂ ਦਾ ਅੰਧੀ ਰਈਅਤ ਗਿਆਨ ਵਿਹੂਣੀ ਵਾਲਾ ਨਿਬੰਧ ਸਿੱਖ ਸੱਭਿਆਚਾਰ, ਪੰਜਾਬੀ ਸਾਹਿਤ ਤੇ ਪੰਜਾਬੀਅਤ ਦੇ ਬਦਲਦੇ ਸਰੂਪ ਬਾਰੇ ਮੁੱਲਵਾਨ ਦਸਤਾਵੇਜ਼ ਹੈ। ਕੁੱਜੇ ਵਿਚ ਸਮੁੰਦਰ ਹੈ ਇਹ। ਪੰਜਾਬੀਅਤ ਦੇ ਸੱਚੇ ਸਰੂਪ ਨੂੰ ਪਛਾਨਣ ਦਾ ਯਤਨ ਪ੍ਰਸ਼ੰਸਾਯੋਗ ਹੈ। ਕਵਿਤਾ ਬਾਰੇ ਜੌਹਨ ਬਰਗਰ ਦੇ ਲੇਖ ਦਾ ਅਨੁਵਾਦ (ਕਵਿਤਾ ਦੀ ਘੜੀ) ਕਵਿਤਾ ਦੀ ਪ੍ਰਕਿਰਤੀ ਦੇ ਉਦੇਸ਼ਾਂ ਬਾਰੇ ਮੌਲਿਕ ਟਿੱਪਣੀਆਂ ਕਾਰਨ ਪੜ੍ਹਨਯੋਗ ਲੱਗਾ।

ਸੁਲੱਖਣ ਸਰਹੱਦੀ ਦੇ ਪਿੰਗਲ ਦੇ ਅਰੂਜ਼ ਬਾਰੇ ਵਿਸਤ੍ਰਿਤ ਰੀਵੀਊ ਛਾਪੋ ਤਾਂ ਚੰਗਾ ਰਹੇ। ਸਾਡੇ ਬਹੁਤ ਗ਼ਜ਼ਲਗੋਅ ਇਸ ਤੋਂ ਅਵੇਸਲੇ ਹੀ ਹਨ। **ਕੁਲਦੀਪ ਸਿੰਘ ਧੀਰ**

• ਦੱਸੋਂ ਮੈਂ ਕੀ ਕਰਾਂ, ਮੈਂ ਤੁਹਾਨੂੰ ਕਈ ਵਾਰ ਬੇਨਤੀ ਵੀ ਕੀਤੀ ਹੈ, ਕਿ ਜਿੰਨੀ ਮਿਹਨਤ ਨਾਲ ਤੁਸੀਂ 'ਚਿਰਾ.ਗ' ਦਾ ਸੰਪਾਦਨ ਕਰਦੇ ਹੋ, ਥੋੜ੍ਹੀ ਜਿਹੀ ਹੋਰ ਬੇਨਤੀ ਮੰਨਦਿਆਂ ਲੇਖ ਭੇਜਣ ਵਾਲੇ ਬੁੱਧੀਜੀਵੀਆਂ ਨੂੰ ਮੇਰਾ ਇਹ ਸੁਨੇਹਾ ਘੱਲਣ ਦੀ ਕਿਰਪਾ ਕਰੋ ਕਿ ਜੋ ਉਹ ਲਿਖਦੇ ਹਨ ਕਿਰਪਾ ਕਰਕੇ ਲੋਕਾਂ ਨੂੰ ਸਮਝ ਆਉਣ ਵਾਲੀ ਬੋਲੀ ਵਿਚ ਲਿਖਣ ਤਾਂ ਜੋ ਮੇਰੇ ਵਰਗੇ ਘੱਟ ਪੜ੍ਹੇ ਹੋਏ ਉਸ ਨੂੰ ਸਮਝ ਸਕਣ। ਪਰੰਤੂ ਹਾਲ ਇਹ ਹੈ ਕਿ 'ਰੋਗ ਬੜ੍ਹਤਾ ਗਿਆ ਜੂੰ ਜੂੰ ਦਵਾ ਕੀ' ਮੇਰੇ ਤਰਲਿਆਂ ਦਾ ਤੁਹਾਡੇ 'ਤੇ ਕੋਈ ਅਸਰ ਨਹੀਂ ਹੋਇਆ ਅਤੇ ਬੁੱਧੀਜੀਵੀ ਸਗੋਂ ਚੁਣ-ਚੁਣ ਕੇ ਵੱਧ ਔਖੇ ਸ਼ਬਦਾਂ ਦਾ ਪ੍ਰਯੋਗ ਕਰੀ ਜਾਂਦੇ ਹਨ ਅਤੇ ਪੜ੍ਹਨ ਉਪਰੰਤ ਕੁਝ ਵੀ ਪਿੜ ਪੱਲੇ ਨਹੀਂ ਪੈਂਦਾ। ਕਈ ਵਾਰ ਵੱਡਮੁੱਲੇ ਲੇਖ ਪੜ੍ਹਦਿਆਂ ਵੀ ਉਬਾਸੀਆਂ ਆਉਂਦੀਆਂ ਹਨ ਅਤੇ ਕੁਝ ਵੀ ਸਮਝ ਨਹੀਂ ਆਉਂਦਾ। ਇਸੇ ਤਰ੍ਹਾਂ ਦਾ ਹਵਾਲਾ 53 ਅੰਕ ਵਿਚ ਸੁਮੇਲ ਸਿੰਘ ਸਿੱਧੂ ਹੋਰਾਂ ਦਾ ਲਿਖਿਆ ਲੇਖ 'ਅੰਧੀ ਰਈਅਤ ਗਿਆਨ ਵਿਹੂਣੀ' ਦਾ ਹੈ। ਜੇ ਅੱਧੀ ਦੇ ਥਾਂ ਪੌਣੀ ਜਾਂ ਇਸ ਤੋਂ ਵੱਧ ਕਹਿ ਲਿਆ ਜਾਵੇ ਤਾਂ ਵੀ ਠੀਕ ਹੈ। ਇਸ ਲੇਖ ਦੀ ਬਹੁਤ ਘੱਟ ਸਮਝ ਪਈ ਹੈ ਪਰ ਜੋ ਵੀ ਆਉਣ ਪੌਣੀ ਸਮਝ ਲੱਗੀ ਹੈ, ਹੈ ਕਮਾਲ। ਪਰ ਸਮੁੱਚੇ ਤੌਰ 'ਤੇ ਨਾ ਸਮਝ ਆਉਣ ਕਰਕੇ ਜੀ ਨਿਰਾਸ਼ ਹੋਇਆ ਹੈ। ਮਨ ਦੇ ਨਿਰਨੇ ਅਨੁਸਾਰ ਸਮਾਂ ਹੀ ਬਰਬਾਦ ਹੋਇਆ ਹੈ। ਕਿੰਨਾ ਚੰਗਾ ਹੁੰਦਾ, ਜੇ ਲੈਨਿਨ ਦੇ ਕਹਿਣ ਅਨੁਸਾਰ "ਸੱਭ ਲਿਖਤਾਂ ਜਾਂ ਭਾਸ਼ਨ ਸਾਹਮਣੇ ਬੈਠੇ ਲੋਕਾਂ ਦੀ ਬੋਲੀ ਵਿਚ ਹੋਣੇ ਚਾਹੀਦੇ ਹਨ ਤਾਂ ਜੋ ਉਹ ਬਹੁਤ ਸੁਖਾਲੇ ਸਮਝ ਸਕਣ। ਪਰ ਸਿੱਧੂ ਹੁਰਾਂ ਸ਼ਾਇਦ ਇਹ ਲੇਖ ਆਮ ਲੋਕਾਂ ਲਈ ਨਹੀਂ , ਸਗੋਂ ਬੁੱਧੀਜੀਵੀਆਂ (ਜੋ ਪਹਿਲਾਂ ਬਹੁਤ ਵਿਦਵਾਨ ਹੁੰਦੇ ਹਨ) ਲਈ ਹੀ ਲਿਖਿਆ ਹੈ। ਮੈਂ ਆਪਣੀ ਦਲੀਲ ਦੇ ਪੱਖ ਵਿਚ ਪ੍ਰੋਫੈਸਰ ਪ੍ਰੀਤਮ ਸਿੰਘ ਜੀ ਦਾ 'ਹੁਣ' ਵਿਚ ਛਪਿਆ ਲੇਖ 'ਦੋਵਾਂ ਪੰਜਾਬਾਂ ਦੀ ਸਾਂਝੇ ਪੰਜਾਬੀ ਭਾਸ਼ਾ ਦਾ ਰੰਗ ਰੂਪ' ਦਾ ਹਵਾਲੇ ਦੇ ਰਿਹਾ ਹਾਂ। ਉਹ ਲਿਖਦੇ ਹਨ "ਮੈਂ ਦੋਵਾਂ ਪੰਜਾਬਾਂ ਦੇ ਸਤਿਕਾਰ ਯੋਗ ਅਦੀਬਾਂ ਨੂੰ ਇਹੋ ਅਰਜ਼ ਕਰਨੀ ਹੈ ਕਿ ਤੁਸੀਂ ਜਦੋਂ ਆਮ ਲੋਕਾਂ ਲਈ ਲਿਖਦੇ ਹੋ ਤਾਂ ਬੋਲੀ ਦੇ ਸਮਝ ਸਮਝਾਉਣ ਵਾਲੇ ਪੈਦਾਇਸ਼ੀ ਗੁਣਾਂ ਲੱਛਣਾਂ ਨੂੰ ਅੱਖੋਂ ਉਹਲੇ ਕਰੇਕ ਔਖੇ ਅਣਪਛਾਤੇ ਅਣਸਿਵਾਤੇ ਲਫਜ਼ੀ ਪ੍ਰਾਹੁਣਿਆਂ ਨੂੰ ਜੀ ਆਇਆ ਕਹਿਣ ਤੋਂ ਪ੍ਰਹੇਜ਼ ਕਰਿਆ ਕਰੋ।'

ਮੇਰੀ ਇਹ ਬੇਨਤੀ ਹੈ ਕਿ ਮੇਰਾ ਇਹ ਸੁਨੇਹਾ ਸਿੱਧੂ ਹੁਰਾਂ ਨੂੰ ਜ਼ਰੂਰ ਪਹੁੰਚਾ ਦੇਣ ਅਤੇ

ਦੂਸਰੇ ਅਦੀਬਾਂ ਨੂੰ ਵੀ ਇਕ ਮੇਰੇ ਜਾਂ ਮੇਰੇ ਵਰਗੇ ਅਰਧ-ਪੜ੍ਹੇ ਲਿਖੇ ਲੋਕਾਂ ਦਾ ਲਿਖਦਿਆਂ ਧਿਆਨ ਵਿਚ ਰੱਖਣ। ਨਾਲ ਦੇ ਨਾਲ ਸਿੱਧੂ ਹੁਰਾਂ ਦਾ ਲੇਖ ਬਹੁ ਕੀਮਤੀ ਹੈ ਜੇ ਉਹ ਇਸ ਨੂੰ ਸੁਖਾਲੇ ਸ਼ਬਦਾਂ ਵਿਚ ਲਿਖ ਕੇ ਭੇਜ ਦੇਣ ਤਾਂ ਮੇਰੇ ਨਿੱਤ ਦਿਹਾੜੇ ਦੇ ਕਾਰਜ ਵਿਚ ਮੈਨੂੰ ਬਹੁਤ ਸਹਾਈ ਸਿੱਧ ਹੋਵੇਗਾ। ਹਰਚਰਨ ਸਿੰਘ, c/o ਤਰਲੋਕ ਸਾਈਕਲ ਰਿਪੇਅਰ ਸ਼ਾਪ ਵਡਾਲਾ, ਰੇਲਵੇ ਫਾਟਕ, ਕਪੂਰਥਲਾ

• ਚਿਰਾਗ਼ ਵਿਚ ਹਰ ਵਾਰੀ ਸ਼ਾਇਰੀ ਬਾਰੇ ਗੰਭੀਰ ਬਹਿਸ ਛੇੜਨ ਵਾਲੀ ਕੋਈ ਨਾ ਕੋਈ ਰਚਨਾ ਪੜ੍ਹਨ ਲਈ ਮਿਲਦੀ ਰਹਿੰਦੀ ਹੈ। 'ਚਿਰਾਗ਼' ਵਿਚ ਪਾਕਿਸਤਾਨ ਦੀ ਨਵੀਂ ਪੰਜਾਬੀ ਕਵਿਤਾ ਬਾਰੇ ਵੀ ਕੁਝ ਆਲੋਚਨਾਤਮਕ ਨਿਬੰਧ ਵੀ ਛਾਪਣ ਦੀ ਕੋਸ਼ਿਸ਼ ਕਰਿਆ ਕਰੋ। ਬਾਹਰਲੇ ਮੁਲਕਾਂ ਵਿਚ ਬੈਠੇ ਅਸੀਂ ਪਾਕਿਸਤਾਨ ਦੀ ਨਵੀਂ ਪੰਜਾਬੀ ਕਵਿਤਾ ਤਾਂ ਪੜ੍ਹਦੇ ਰਹਿੰਦੇ ਹਾਂ ਪਰ ਸਾਨੂੰ ਅਜੇ ਤੱਕ ਨਾ ਤਾਂ ਉਨ੍ਹਾਂ ਦੇ ਨਵੀਂ ਪੰਜਾਬੀ ਕਵਿਤਾ ਦੇ ਆਲੋਚਕਾਂ ਬਾਰੇ ਹੀ ਕੁਝ ਪਤਾ ਹੈ ਅਤੇ ਨਾ ਹੀ ਉਨ੍ਹਾਂ ਦੀਆਂ ਆਲੋਚਨਾਤਮਕ ਲਿਖਤਾਂ ਬਾਰੇ ਹੀ। -ਸੁਖਿੰਦਰ 'ਟੋਰਾਂਟੋ ਕੈਨੇਡਾ'

ਪੁਸਤਕ ਪ੍ਰਾਪਤੀ

1. ਪੰਜ ਨਦੀਆਂ ਦਾ ਗੀਤ (ਲੰਮੀ ਕਵਿਤਾ) ਹਰਵਿੰਦਰ ਸਫ਼ੇ 232 ਮੁੱਲ 250/- ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
2. ਦੀਵਾ ਮੁੜ ਬਲੇਗਾ (ਕਵਿਤਾਵਾਂ) ਖੁਸ਼ੀ ਰਾਮ ਸ਼ਰਮਾ ਪੰਨੇ 72 ਮੁੱਲ 70/- ਨਵੀਨ ਪ੍ਰਕਾਸ਼ਨ ਅਮ੍ਰਿਤਸਰ।
3. ਅੰਦਰ ਦਾ ਸਫ਼ਰ (ਗ਼ਜ਼ਲਾਂ) ਦਾਦਰ ਪੰਡੋਰਵੀ ਸਫ਼ੇ 104 ਮੁੱਲ 60/- ਅਰਸ਼ਦੀਪ ਪ੍ਰਕਾਸ਼ਨ, ਦਕੋਹਾ (ਜਲੰਧਰ)
4. ਰੁੱਤ ਕੁਰੁੱਤੀ (ਕਹਾਣੀਆਂ) ਬਲਜੀਤ ਕੌਰ ਬੱਲੀ ਪੰਨੇ 144 ਮੁੱਲ 140/- ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ।
5. ਇੱਕ ਕੁਕਨੁਸ ਹੋਰ (ਸਮੁੱਚੀ ਕਾਵਿ-ਰਚਨਾ) ਪ੍ਰੀਤਮ ਸਿੰਘ ਰਾਹੀ ਪੰਨੇ 352 ਰਵੀ ਸਾਹਿਤ ਪ੍ਰਕਾਸ਼ਨ ਅਮ੍ਰਿਤਸਰ
6. ਧੂੰਆਂ (ਕਹਾਣੀ ਸੰਗ੍ਰਹਿ) ਬਲਵੀਰ ਪਰਵਾਨਾ ਪੰਨੇ 104 ਮੁੱਲ 100/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
7. ਧਰਤੀ ਨਾਦ (ਕਵਿਤਾ) ਗੁਰਭਜਨ ਗਿੱਲ ਪੰਨੇ 112, ਮੁੱਲ 120/- ਚੇਤਨਾ ਪ੍ਰਕਾਸ਼ਨ, ਲੁਧਿਆਣਾ
8. ਟਾਵਰਜ਼ (ਕਹਾਣੀਆਂ) ਜਰਨੈਲ ਸਿੰਘ (ਕੈਨੇਂਡਾ) ਪੰਨੇ 134 ਮੁੱਲ 140/- ਚੇਤਨਾ ਪ੍ਰਕਾਸ਼ਨ, ਲੁਧਿਆਣਾ
9. ਉਦੈ ਤੋਂ ਅਸਤ ਹੋਣ ਤੀਕ (ਕਵਿਤਾਵਾਂ) ਜਗਮੋਹਨ ਸਿੰਘ ਸਫ਼ੇ 112 ਮੁੱਲ 125/- ਪ੍ਰਗੀਤ ਪ੍ਰਕਾਸ਼ਨ ਮੁਹਾਲੀ (ਰੋਪੜ)
10. ਸਾਂਝ ਦੁੱਖਾਂ ਦੀ (ਕਵਿਤਾਵਾਂ) ਮਸੂਦ ਅਹਿਮਦ ਚੌਧਰੀ ਪੰਨੇ 144 ਮੁੱਲ 120/- ਪੰਜਾਬੀ ਮਰਕਜ਼ ਲਾਹੌਰ, ਪਾਕਿਸਤਾਨ
11. ਦੁੱਖਾਂ ਦੀ ਬਰਸਾਤ (ਕਵਿਤਾਵਾਂ) ਮਸੂਦ ਅਹਿਮਦ ਚੌਧਰੀ ਪੰਨੇ 176 ਮੁੱਲ 250/- ਅਦਾਰਾ ਪੰਜਾਬੀ ਜ਼ੁਬਾਨ ਤੇ ਸਕਾਫਤ, ਲਾਹੌਰ ਪਾਕਿਸਤਾਨ
12. ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦਾ ਇਤਿਹਾਸ, ਡਾ. ਤੇਜਵੰਤ ਮਾਨ ਪੰਨੇ 445 ਮੁੱਲ 300/- ਉਂਕਾਰ ਪ੍ਰਕਾਸ਼ਨ ਸੰਗਰੂਰ
13. ਅੰਮ੍ਰਿਤ (ਨਾਵਲ) ਜਸਬੀਰ ਕਾਲਰਵੀ, ਪੰਨੇ 96 ਮੁੱਲ 50/- ਕੁਕਨੁਸ ਪ੍ਰਕਾਸ਼ਨ, ਜਲੰਧਰ
14. ਗਿੱਲਾ ਹਨ੍ਹੇਰਾ (ਹਿੰਦੀ ਕਹਾਣੀਆਂ) ਲੇਖਿਕਾ ਡਾ. ਸ਼ਰਦ ਸਿੰਘ ਪੰਜਾਬੀ ਅਨੁਵਾਦ ਧਰਮਪਾਲ ਸਾਹਿਲ ਪੰਨੇ 110 ਮੁੱਲ 120/- ਉਡਾਨ ਪਬਲੀਕੇਸ਼ਨਜ਼, ਮਾਨਸਾ।

ਵਾਹ ਰੇ ਕੁਕਨੁਸ !

ਅੱਜ ਅਸੀਂ ਇਹ ਮਾਣ ਨਾਲ ਕਹਿ ਸਕਦੇ ਹਾਂ ਕਿ ਕੁਕਨੁਸ ਪ੍ਰਕਾਸ਼ਨ ਦੀਆਂ ਮਿਆਰੀ ਅਤੇ ਕਿਫ਼ਾਇਤੀ ਕਿਤਾਬਾਂ ਪਾਠਕਾਂ ਵਿਚ ਦਿਨੋ-ਦਿਨ ਮਕਬੂਲ ਹੋ ਰਹੀਆਂ ਹਨ। ਹੁਣ ਤੱਕ ਇਹ ਪ੍ਰਕਾਸ਼ਨ ਡੇਢ ਸੌ ਤੋਂ ਉੱਪਰ ਕਿਤਾਬਾਂ ਛਾਪ ਚੁੱਕਾ ਹੈ। ਜਿਨ੍ਹਾਂ ਵਿਚ ਕੁਝ ਇਹ ਹਨ:

ਵਿਸ਼ਵ-ਸਾਹਿਤ ਲੜੀ : 'ਰਾਤ', 'ਪਹੁ-ਫੁਟਾ[illegible]', 'ਦੁਰਘਟਨਾ' (ਐਲੀ ਵਾਈਜ਼ਲ), 'ਰੇਤ ਦਾ ਦਰਵਾਜ਼ਾ'(ਤਾਹਿਰ ਬਿਨ ਜੈਲੋਨ), ਬੁੱਢਾ ਜੋ ਇਸ਼ਕੀਆਂ [illegible]ਾਣੀਆ ਪੜ੍ਹਦਾ (ਲੂਈਸ ਸੈਪਲ ਵੈਦਾ), **ਰੂਸੀ ਨਾਵਲ**- ਚਾਨਣੀਆਂ ਪੈੜਾਂ (ਤਿਖੋਨ ਸਾਈਮੁਸ਼ਕਿਨ), **ਪਾਕਿਸਤਾ[illegible] ਨਾਵਲ ਪੰਧ**- (ਅਫ਼ਜ਼ਲ ਅਹਿਸਨ ਰੰਧਾਵਾ), ਕਮਜ਼ਾਤ (ਫ਼ਖ਼ਰ ਜ਼ਮਾਂ), ਇਕ ਸਮੁੰਦਰ ਪਾਰ, ਤ੍ਰੇਹ (ਮੀਰ ਤਨਹਾ ਯੂਸਫ਼ੀ), ਜੀਵਨ ਯਾਦਾਂ (ਪਾਬਲੋ ਨੇਰੂਦਾ), ਜਾਪਾਨੀ ਕਹਾਣੀਆਂ, ਗੋਰਕੀ ਦੀਆਂ ਕਹਾਣੀਆਂ, ਪਾਕਿਸਤਾਨੀ ਕਹਾਣੀਆਂ, ਬਿਹਾਰ ਦੀਆਂ ਕਹਾਣੀਆਂ, ਸੰਸਾਰ ਪ੍ਰਸਿੱਧ ਖੇਡ ਕਹਾਣੀਆਂ, ਚੋਣਵੀਂ ਕਵਿਤਾ-ਨਾਜ਼ਿਮ ਹਿਕਮਤ, ਹਬੀਬ ਜਾਲਿਬ, ਪਰਵੀਨ ਸ਼ਾਕਿਰ, ਮਹਿਮੂਦ ਦਰਵੇਸ਼, ਪਾਬਲੋ ਨੇਰੂਦਾ ਅਤੇ ਟੈਗੋਰ ਦੀ ਗੀਤਾਂਜਲੀ।

ਖ਼ਤ ਲੜੀ- ਫੈਜ਼ ਅਹਿਮਦ ਫ਼ੈਜ਼, ਖ਼ਲੀਲ ਜਿਬਰਾਨ, ਸਆਦਤ ਹਸਨ ਮੰਟੋ, ਮਿਰਜ਼ਾ ਗਾਲਿਬ ਅਤੇ ਪ੍ਰੇਮ ਚੰਦ।

ਕਹਾਣੀਆਂ : ਗੁਰਦੇਵ ਰੁਪਾਣਾ, ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਗੁਲਜ਼ਾਰ ਸਿੰਘ ਸੰਧੂ, ਰਵਿੰਦਰ ਰਵੀ, ਜਸਵੰਤ ਸਿੰਘ ਵਿਰਦੀ, ਦਲਬੀਰ ਚੇਤਨ, ਪ੍ਰੇਮ ਗੋਰਖੀ, ਲਾਲ ਸਿੰਘ, ਰਾਜਿੰਦਰ ਕੌਰ, ਇਫ਼ਤਿਖਾਰ ਨਸੀਮ, ਸੁਕੀਰਤ, ਗੁਰਮੇਲ ਮਡਾਹੜ, ਪ੍ਰੀਤਮਾ ਦੁਮੇਲ, ਜਸਵੀਰ ਰਾਣਾ, ਜਤਿੰਦਰ ਸਿੰਘ ਹਾਂਸ, ਦਵਿੰਦਰ ਮੰਡ, ਗੁਰਮੀਤ ਕੜਿਆਲਵੀ, ਜਸਵੰਤ ਅਮਨ, ਪਵਨ ਪਰਿੰਦਾ ਅਤੇ ਜਸਵੀਰ ਕਲਸੀ ਦੇ ਕਹਾਣੀ ਸੰਗ੍ਰਹਿ।

ਨਾਵਲ : ਹਰ ਆਦਮੀ ਦਾ ਡਰ (ਕੁਲਦੀਪ ਬੱਗਾ), ਮਰਦ ਵਿਚਲੀ ਔਰਤ (ਅਜਾਇਬ ਕਮਲ), ਸੁਲਘਦਾ ਸੱਚ, ਜ਼ਮੀਂ ਖਾ ਗਈ, ਆਪਣੇ ਸਨਮੁੱਖ, ਮੈਂ ਪਰਤ ਆਵਾਂਗਾ (ਅਜੀਤ ਰਾਹੀਂ), ਪ੍ਰੀਤੂ, ਤਰਕਾਲਾਂ (ਪਰਮਜੀਤ ਜੱਜ), ਪਰਾਈ ਧਰਤੀ (ਇਕਬਾਲ ਅਰਪਨ), ਧੁਖ਼ਦਾ ਗੋਹਟਾ (ਹਰਨੇਕ ਹੇਅਰ)।

ਕਵਿਤਾਵਾਂ / ਗ਼ਜ਼ਲਾਂ : ਸਰਦਾਰ ਪੰਛੀ, ਇਫ਼ਤਿਖ਼ਾਰ ਨਸੀਮ, ਹਰਦਿਆਲ ਸਾਗਰ, ਬਰਜਿੰਦਰ ਚੌਹਾਨ, ਸੁਰਿੰਦਰ ਸੋਹਲ, ਉਂਕਾਰਪ੍ਰੀਤ, ਸ਼ਹਰਯਾਰ, ਮਨਮੋਹਨ, ਕ੍ਰਿਸ਼ਨ ਭਨੋਟ, ਹਰਭਜਨ ਹੁੰਦਲ, ਪ੍ਰਮਿੰਦਰਜੀਤ (ਸੰਪਾਦਕ ਵਜੋਂ), ਸੁਖਪਾਲ, ਰਮਨਦੀਪ, ਰਮਨ, ਦੀਪਕ, ਜਗਤਾਰਜੀਤ, ਹਰਵਿੰਦਰ ਭੰਡਾਲ, ਸ਼ਿਵ ਨਾਥ, ਬਲਵਿੰਦਰ ਸੰਧੂ, ਹਰਮੀਤ ਵਿਦਿਆਰਥੀ, ਸੋਮਾ ਸਬਲੋਕ, ਗੁਰਦਿਆਲ ਪੱਲ੍ਹਾ, ਭੁਪਿੰਦਰਪ੍ਰੀਤ, ਕੇਵਲਜੀਤ ਭੁੱਲਰ, ਰਾਮ ਸਿੰਘ ਚਾਹਲ, ਮਦਨਵੀਰਾ, ਜਗੀਰ ਜੋਸਨ, ਦਰਸ਼ਨ ਬੁਲੰਦਵੀ, ਅਮਰੀਕ ਡੋਗਰਾ ਅਤੇ ਸੁਖਵਿੰਦਰ ਚੋਹਲਾ ਦੇ ਕਾਵਿ-ਸੰਗ੍ਰਹਿ।

ਵਿਸ਼ਵ ਚਿੰਤਨ ਲੜੀ : ਸਮਕਾਲੀ ਮਾਰਕਸੀ ਚਿੰਤਨ, ਮਾਰਕਸੀ ਵਿਸ਼ਵ ਚਿੰਤਨ, ਦਲਿਤ ਚਿੰਤਨ (ਡਾ. ਭੀਮ ਇੰਦਰ)

ਵਾਰਤਕ/ਸਫ਼ਰਨਾਮੇ : ਅਰਜਨ ਸਿੰਘ ਗੜਗੱਜ ਦੀ ਸਮੁੱਚੀ ਰਚਨਾ, ਸ਼ਿਵ ਵਰਮਾ, ਵਰਿਆਮ ਸਿੰਘ ਸੰਧੂ, ਡਾ. ਰਜਨੀਸ਼ ਬਹਾਦਰ ਸਿੰਘ, ਬਿਪਨ ਗੋਇਲ, ਡਾ. ਗੁਰਚਰਨ ਸਿੰਘ ਮਹਿਤਾ, ਤਸਕੀਨ, ਹਰਵਿੰਦਰ ਭੰਡਾਲ, ਬਲਦੇਵ ਸਿੰਘ ਆਜ਼ਾਦ ਅਤੇ ਗੁਰਚਰਨ ਸੱਗੂ ਦੀਆਂ ਵਾਰਤਕ ਪੁਸਤਕਾਂ, ਉਪਰੋਕਤ ਕਿਤਾਬਾਂ ਤੋਂ ਬਿਨਾਂ ਪੱਚੀ ਹੋਰ ਕਿਤਾਬਾਂ।

150 ਕਿਤਾਬਾਂ ਦੇ ਪੂਰੇ ਸੈੱਟ ਦੀ ਕੀਮਤ : 2500 ਰੁਪਏ
ਜੀਵਨ ਮੈਂਬਰਸ਼ਿਪ : ਪੰਜ ਹਜ਼ਾਰ ਰਪਏ
ਤੁਹਾਡੀ ਆਪਣੀ ਪਸੰਦ ਦੀਆਂ ਗਿਆਰਾਂ ਸੌ ਰੁਪਏ ਮੁੱਲ ਦੀਆਂ ਕਿਤਾਬਾਂ ਸਿਰਫ ਪੰਜ ਸੌ ਰੁਪਏ ਵਿਚ
ਪਾਠਕਾਂ ਲਈ ਵਿਸ਼ੇਸ਼ ਰਿਆਇਤ : 40 ਪ੍ਰਤੀਸ਼ਤ ਤੋਂ 70 ਪ੍ਰਤੀਸ਼ਤ ਤੱਕ
ਵਧੇਰੇ ਜਾਣਕਾਰੀ ਲਈ ਪੰਜ ਰੁਪਏ ਡਾਕ ਟਿਕਟਾਂ ਭੇਜ ਕੇ ਸੂਚੀ ਪੱਤਰ ਮੰਗਵਾਉ।

ਕੁਕਨੁਸ ਦਾ 'ਚਲਦਾ ਫਿਰਦਾ ਕਿਤਾਬ ਘਰ' ਤੁਹਾਡੇ ਘਰ ਤੱਕ ਕਿਤਾਬਾਂ ਲਿਆਉਣ/ਪੁਚਾਉਣ ਲਈ ਵਚਨਬੱਧ ਹੈ

ਸੰਪਰਕ : ਕੁਕਨੁਸ ਪ੍ਰਕਾਸ਼ਨ

ਐਨ. ਐਮ. 451, ਮੁਹੱਲਾ ਕਰਾਰ ਖਾਂ, ਜਲੰਧਰ ਫੋਨ : 2214028, 98140-55411
(ਸਹਿਯੋਗ ਰਾਸ਼ੀ ਮਨੀਆਰਡਰ ਜਾਂ ਡਿਮਾਂਡ ਡਰਾਫ਼ਟ ਰਾਹੀਂ ਹੀ ਭੇਜਣਾ)

Chirage Quarterly October-December, 2005
Registered with the Registrar of News-Papers of India No.-PUN-
PUN 0 2276/AL/TC94

ਵਾਹ ਪ੍ਰੀਤ ਬੱਲੇ ਪ੍ਰੀਤ

ਤੁਹਾਡੇ ਭਰੋਸੇ ਦਾ ਨਾਂ

ਸਪੈਸ਼ਲ

ਅਮਰ ਪ੍ਰੀਤ
ਸੰਤੁਲਿਤ ਫੀਡ

ਅਤੇ ਖਲ ਬਿਨੌਲਾ ਸਦਾ ਵਰਤੋ

ਸਟਾਕਿਸਟ

ਪ੍ਰੀਤ ਫੀਡ ਸੇਲਜ਼, ਤਰਨਤਾਰਨ

ਫੋਨ (O) 01852-222927
(R) 98140-75265
(Fax) 225327